# ਸਿਰਜਣਾ

ਜੁਲਾਈ-ਸਤੰਬਰ 2007 (ਅੰਕ 145)

**July- September 2007**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ



ਜੁਲਾਈ-ਸਤੰਬਰ 2007

145

ਮੁੱਲ : 20 ਰੁਪਏ

# ਸਿਰਜਣਾ

145

ਜੁਲਾਈ-ਸਤੰਬਰ 2007



ਸੰਪਾਦਕ : **ਰਘਬੀਰ ਸਿੰਘ**

Editor : **Raghbir Singh**

*

ਪਤਾ

***1728, ਸੈਕਟਰ 43-ਬੀ,***

***ਚੰਡੀਗੜ੍ਹ - 160 022***

***ਫੋਨ : +91-172-2601693***

*

## *SIRJANA*

***1728, Sector 43-B,***

***Chandigarh-160 022***

***INDIA***

***Phone : +91-172-2601693***

***E-mail :***

***raghbirsingh_chd@dataone.in***

***raghbirssirjana@yahoo.com***



*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966


## ਇਸ ਅੰਕ ਵਿਚ


ਰਘਬੀਰ ਸਿੰਘ /ਸੰਪਾਦਕੀ /ਪੰਜਾਬੀ ਲਈ ਸੰਘਰਸ਼/ 1

ਰਵਿੰਦਰ ਰਵੀ/ ਤਿੰਨ ਕਵਿਤਾਵਾਂ/ 3

ਅਮਰਦੀਪ ਗਿੱਲ/ਕਵਿਤਾ/ਸੁਪਨਿਆਂ ਦਾ ਜਸ਼ਨ/5

ਭੁਪਿੰਦਰਪ੍ਰੀਤ/ਕਵਿਤਾ/ਗਰੇਵਜ਼ ਐਂਡ/6

ਜੋਗਿੰਦਰ ਸਿੰਘ ਪਾਂਧੀ/ ਤਿੰਨ ਕਵਿਤਾਵਾਂ/7

ਅੰਮ੍ਰਿਤ ਦੀਵਾਨਾ/ ਕਵਿਤਾ/ਨਾਸਤਕ ਸੋਚ/8

ਜੋਗੇ ਭੰਗਲ/ਕਵਿਤਾ/ ਮੈਂ ਪੰਜਾਬੋਂ ਜਾ ਰਿਹਾਂ/ 9

ਗੁਰਜੀਤ ਸਹੋਤਾ/ਗ਼ਜ਼ਲ/ 10

ਬਲਵਿੰਦਰ ਸਿੰਘ ਗਰੇਵਾਲ/ ਕਹਾਣੀ/ ਇਕ ਘਰ ਆਜ਼ਾਦ ਹਿੰਦੀਆਂ ਦਾ/11

ਸੰਤੋਸ਼ ਸਾਹਨੀ/ਕਹਾਣੀ/ਤਫ਼ਰੀਹ/41

ਬਲਦੇਵ ਸਿੰਘ ਲੰਡਨ/ ਕਹਾਣੀ/ਲੈਣਾ ਦੇਣਾ/48

ਪ੍ਰੇਮ ਕੁਮਾਰ/ਨਿਬੰਧ/ ਬਿਰਹਾ ਦਾ ਸੁਲਤਾਨ/52

ਰਘਬੀਰ ਸਿੰਘ/ਨਿਬੰਧ/ਨਾਵਲਕਾਰ ਗਿਆਨੀ ਕੇਸਰ ਸਿੰਘ/68

ਗੁਰਨਾਇਬ ਸਿੰਘ/ ਨਿਬੰਧ/ਦਰਗਾਹ ਸ਼ਰੀਫ ਮੇਂ ਔਰਤ ਕਾ ਦਾਖਲਾ ਮਮਨੂਹ ਹੈ/77

ਗੁਲਜ਼ਾਰ ਸਿੰਘ ਸੰਧੂ/ ਰਿਵਿਊ/ਉੱਡ ਕਲਾਵੇ ਆਵਾਂ/79

ਜਸਬੀਰ /ਰਿਵਿਊ/ਸਾਡਾ ਸਾਹਿਤ ਅਤੇ ਧਰਮ/81

ਅਮਨਦੀਪ ਸਿੰਘ/ ਰਿਵਿਊ/ ਚੁੱਪ ਦੇ ਟੁੱਕੜੇ/84

ਚੰਦਰ ਮੋਹਨ/ਰਿਵਿਊ/ਜੁਗਨੂਆਂ ਦੀ ਦੌੜ/86

ਪੁਸ਼ਵਿੰਦਰ ਕੌਰ/ਰਿਵਿਊ/ਲਾਵਾਰਸ/89

ਸੁਰਜੀਤ ਹਾਂਸ/ਰਿਵਿਊ/**Hegemony Or Survival** /92



ਟਾਈਟਲ ਚਿੱਤਰ : **ਦੇਵ** ਟਾਈਪ-ਸੈਟਿੰਗ : **ਰਾਜਪ੍ਰੀਤ ਸਿੰਘ**

ਵਾਰਸ਼ਿਕ ਚੰਦਾ-ਦੇਸ : 80 ਰੁਪਏ

ਵਿਦੇਸ਼-ਹਵਾਈ ਡਾਕ ਰਾਹੀਂ : 10 ਪੌਂਡ, 15 ਅਮਰੀਕਨ ਡਾਲਰ, 20 ਕੈਨੇਡੀਅਨ ਡਾਲਰ


*ਸੰਪਾਦਕੀ*

# ਪੰਜਾਬੀ ਲਈ ਸੰਘਰਸ਼

*ਪੰਜਾਬੀ ਭਾਸ਼ਾ ਨੂੰ ਇਸਦਾ ਮਾਣ-ਮੱਤਾ ਸਥਾਨ ਦੇਣ ਬਾਰੇ, ਅਕਾਦਮਿਕ ਤੇ ਪ੍ਰਬੰਧਕੀ ਢਾਂਚੇ ਵਿਚ ਇਸਨੂੰ ਮੁਅਸਰ ਢੰਗ ਨਾਲ ਲਾਗੂ ਕਰਨ ਬਾਰੇ ਅਤੇ ਜੀਵਨ ਦੇ ਹੋਰ ਸਭਨਾਂ ਖੇਤਰਾਂ ਵਿਚ ਇਸਦੀ ਵਰਤੋਂ ਬਾਰੇ ਲੰਮੇਂ ਸਮੇਂ ਤੋਂ ਭਖਦਾ ਆ ਰਿਹਾ ਮਸਲਾ ਕਿਸੇ ਤਣ ਪੱਤਣ ਲਗਦਾ ਨਜ਼ਰ ਨਹੀਂ ਆਉਂਦਾ। ਪੰਜਾਬੀ ਦੇ ਲੇਖਕਾਂ ਤੇ ਦਾਨਸ਼ਵਰਾਂ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਤੇ ਸੰਘਰਸ਼ ਦਾ ਨਾ ਸਿਰਫ ਕੋਈ ਸਾਰਥਕ ਸਿੱਟਾ ਨਹੀਂ ਨਿਕਲਿਆ, ਸਗੋਂ ਪੰਜਾਬੀ ਨੂੰ ਵਿਆਪਕ ਪ੍ਰਵਾਨਗੀ ਦੁਆਉਣ ਬਾਰੇ ਹਾਲਤ ਹੋਰ ਵੀ ਨਿੱਘਰਦੀ ਜਾ ਰਹੀ ਪ੍ਰਤੀਤ ਹੁੰਦੀ ਹੈ। ਲੇਖਕਾਂ, ਦਾਨਸ਼ਵਰਾਂ ਤੇ ਉਹਨਾਂ ਦੀਆਂ ਸੰਸਥਾਵਾਂ ਵੱਲੋਂ ਇਸ ਸੰਬੰਧ ਵਿਚ ਜੋ ਕੁਝ ਵੀ ਕੀਤਾ ਜਾ ਰਿਹਾ ਹੈ, ਉਸ ਦਾ ਭਰਪੂਰ ਸਵਾਗਤ ਕੀਤਾ ਜਾਣਾ ਬਣਦਾ ਹੈ। ਪਰ ਨਾਲ ਦੀ ਨਾਲ ਇਸ ਗੱਲ ਬਾਰੇ ਵੀ ਚਿੰਤਾ ਤੇ ਚਿੰਤਨ ਹੋਣਾ ਚਾਹੀਦਾ ਹੈ ਕਿ ਆਖ਼ਰ ਕੀ ਵਜ੍ਹਾ ਹੈ ਕਿ ਏਨੇ ਮਹੱਤਵਪੂਰਨ ਸਮਾਜਕ-ਸਭਿਆਚਾਰਕ ਮੁੱਦੇ ਉੱਤੇ ਲੋਕਾਂ ਵਿਚ ਠੀਕ ਭਾਂਤ ਦੀ ਚੇਤਨਾ ਨਹੀਂ ਉਭਰ ਰਹੀ ਅਤੇ ਰਾਜਨੀਤਕ ਵਿਵਸਥਾ ਉੱਤੇ ਸਿਆਣੇ ਲੋਕਾਂ ਦੀ ਆਵਾਜ਼ ਦਾ ਕੋਈ ਅਸਰ ਨਹੀਂ ਹੋ ਰਿਹਾ।*

*ਜਾਪਦਾ ਹੈ ਕਿ ਕਿਤੇ ਨਾ ਕਿਤੇ ਇਸ ਮਸਲੇ ਦੇ ਸਾਰੇ ਪਹਿਲੂਆਂ ਨੂੰ ਸਮਝਣ ਵਿਚ ਲੇਖਕਾਂ, ਬੁੱਧੀਜੀਵੀਆਂ ਦੀ ਉਸ ਧਿਰ ਵਿਚ ਵੀ ਅਵੱਸ਼ ਕੋਈ ਨੁਕਸ ਹੈ, ਜੋ ਇਸ ਮਸਲੇ ਦੇ ਨਿਪਟਾਰੇ ਲਈ ਹੰਭਲੇ ਮਾਰ ਰਹੀ ਹੈ। ਸਾਡੀ ਸਮਝ ਅਨੁਸਾਰ ਸਭ ਤੋਂ ਵੱਡਾ ਨੁਕਸ ਇਹ ਹੈ ਕਿ ਪੰਜਾਬੀ ਪਿਆਰਿਆਂ ਦੀ ਇਸ ਧਿਰ ਵੱਲੋਂ ਮਸਲੇ ਨੂੰ ਸਿਰਫ਼ ਭਾਵਨਾਤਮਕ ਪੱਧਰ ਉੱਤੇ ਹੀ ਸਾਹਮਣੇ ਲਿਆਂਦਾ ਜਾ ਰਿਹਾ ਹੈ। ਯਥਾਰਥ ਦੀ ਧਰਤੀ ਉੱਤੇ ਖਲੋ ਕੇ ਮਸਲੇ ਦੇ ਸਭ ਪਹਿਲੂਆਂ ਨੂੰ ਚੰਗੀ ਤਰ੍ਹਾਂ ਘੋਖ ਪੜਤਾਲ ਕੇ ਤਰਕ ਸੰਗਤ ਢੰਗ ਨਾਲ ਸਮਝਣ ਸਮਝਾਉਣ ਦੀ ਪੂਰੀ ਕੋਸ਼ਸ਼ ਨਹੀਂ ਕੀਤੀ ਜਾ ਰਹੀ।*

*ਜੇ ਯਥਾਰਥ ਨੂੰ ਸਮਝਣ ਵੱਲ ਪਰਤੀਏ ਤਾਂ ਪ੍ਰਤੱਖ ਹੋਵੇਗਾ ਕਿ ਪੰਜਾਬੀ ਭਾਸ਼ਾ ਦੀ ਤ੍ਰਾਸਦੀ ਵਾਲੀ ਇਸ ਸਥਿਤੀ ਲਈ ਕੁਝ ਤਾਂ ਇਤਿਹਾਸਕ ਕਾਰਨ ਜ਼ਿੰਮੇਵਾਰ ਹਨ, ਜਿਹਨਾਂ ਅਨੁਸਾਰ ਇਸਨੂੰ ਇਕ ਫ਼ਿਰਕੇ ਨਾਲ ਜੋੜਨ ਦੀ ਗ਼ਲਤੀ ਕੀਤੀ ਗਈ ਸੀ ਅਤੇ ਪੰਜਾਬੀ ਵਸੋਂ ਦਾ ਇਕ ਵੱਡਾ ਹਿੱਸਾ ਇਸਨੂੰ ਆਪਣੀ ਜ਼ੁਬਾਨ ਮੰਨਣ ਤੋਂ ਹੀ ਇਨਕਾਰੀ ਸੀ। ਇਹ ਸਥਿਤੀ ਭਾਵੇਂ ਹੁਣ ਮੌਜੂਦ ਨਹੀਂ ਪਰ ਆਪਣੀ ਜ਼ੁਬਾਨ ਉੱਤੇ ਗੌਰਵ ਹੋਣ ਦਾ ਅਹਿਸਾਸ ਪੰਜਾਬੀ ਵਸੋਂ ਵਿਚ ਅਮੂਮਨ ਹੁਣ ਵੀ ਗ਼ਾਇਬ ਹੈ। ਦੂਜਾ ਵੱਡਾ ਕਾਰਨ ਸਾਡੇ ਦੇਸ਼ ਦੇ ਰਾਜ-ਤੰਤਰ ਅਤੇ ਅੱਜ ਦੇ ਵਿਸ਼ਵੀਕਰਨ ਦੇ ਵਰਤਾਰੇ ਦੇ ਪ੍ਰਸੰਗ ਵਿਚ ਪਛਾਣਿਆ ਜਾ ਸਕਦਾ ਹੈ। ਸਾਡੀ ਰਾਜਕੀ ਤੇ ਪ੍ਰਬੰਧਕੀ ਵਿਵਸਥਾ ਨੇ ਸ਼ਕਤੀ ਨੂੰ ਆਪਣੇ ਕੰਟਰੋਲ ਵਿਚ ਰੱਖਣ ਲਈ ਭਾਸ਼ਾ ਨੂੰ ਇਕ ਹਥਿਆਰ ਵਜੋਂ ਵਰਤਿਆ ਹੈ ਅਤੇ ਵਿਸ਼ਵੀਕਰਨ ਤਹਿਤ ਸਾਰੇ ਸਭਿਆਚਾਰਕ ਮੁੱਦੇ ਮੰਡੀ ਦੀ ਮਾਨਸਿਕਤਾ ਦੀ ਗਰਿਫਤ ਵਿਚ ਆ ਗਏ ਹਨ। ਆਪਣੀ ਜ਼ੁਬਾਨ ਉੱਤੇ ਮਾਣ ਕਰਨ ਦੇ ਅਹਿਸਾਸ ਦੀ ਅਣਹੋਂਦ ਹਾਕਮ ਵਰਗ ਦੀ ਸਵਾਰਥੀ ਜਮਾਤੀ ਪਹੁੰਚ ਅਤੇ ਮੰਡੀ ਦੀ ਮਾਨਸਿਕਤਾ ਦੇ ਅੱਜੋਕੇ ਯਥਾਰਥ ਨਾਲ ਜੁੜਕੇ ਪੰਜਾਬੀ ਭਾਸ਼ਾ ਨੂੰ ਪਿੱਛੇ ਸੁੱਟਣ ਲਈ ਵੱਡੀ ਹੱਦ ਤਕ ਜ਼ਿੰਮੇਵਾਰ ਹੈ। ਇਹਨਾਂ ਤੱਥਾਂ ਨੂੰ ਪ੍ਰਵਾਨ ਕੀਤੇ ਬਗ਼ੈਰ ਮਸਲੇ ਦੀ ਅਸਲ ਪਛਾਣ ਸੰਭਵ ਨਹੀਂ, ਕੋਈ ਹੱਲ ਲੱਭ ਸਕਣਾ ਤਾਂ ਦੂਰ ਦੀ ਗੱਲ ਹੈ।*

ਮਾਤ-ਭਾਸ਼ਾ ਵਜੋਂ ਪੰਜਾਬੀ ਬਾਰੇ ਭਾਵੁਕਤਾ ਨਾਲ ਗੱਲ ਕਰਕੇ ਵੀ ਮਸਲਾ ਹੱਲ ਨਹੀਂ ਹੋ ਸਕਦਾ। ਪਹਿਲਾਂ ਤਾਂ ਮਾਤ-ਭਾਸ਼ਾ ਦੇ ਸੰਕਲਪ ਨੂੰ ਹੀ ਠੀਕ ਰੂਪ ਵਿਚ ਸਮਝਣ ਦੀ ਲੋੜ ਹੈ। ਕੋਈ ਜ਼ੁਬਾਨ ਇਸ ਕਰਕੇ ਹੀ ਕਿਸੇ ਵਿਅਕਤੀ ਦੀ ਮਾਤ-ਭਾਸ਼ਾ ਨਹੀਂ ਬਣ ਜਾਂਦੀ ਕਿ ਉਸਨੂੰ ਜਨਮ ਦੇਣ ਵਾਲੀ ਮਾਂ ਉਹ ਜ਼ੁਬਾਨ ਬੋਲਦੀ ਹੈ। ਜਿਸ ਭਾਸ਼ਾਈ ਪਰਿਵੇਸ਼ ਵਿਚ ਕੋਈ ਵਿਅਕਤੀ ਪਲਦਾ ਤੇ ਪ੍ਰਵਾਨ ਚੜ੍ਹਦਾ ਹੈ ਉਹੀ ਜ਼ੁਬਾਨ ਉਸਦੀ ਭਾਸ਼ਾ ਬਣਦੀ ਹੈ। ਅੱਜ ਦੇ ਪੰਜਾਬ ਵਿਚ ਸਥਿਤੀ ਇਹ ਹੈ ਕਿ ਇਕ ਗ਼ੈਰ ਕੁਦਰਤੀ ਢੰਗ ਨਾਲ ਬੱਚਿਆਂ ਦੀ ਭਾਸ਼ਾ ਹੀ ਬਦਲੀ ਜਾ ਰਹੀ ਹੈ। ਅਮੀਰ ਲੋਕਾਂ ਅਤੇ ਦਰਮਿਆਨੇ ਤਬਕੇ ਵੱਲੋਂ ਘਰ ਦੇ ਅੰਦਰ ਤੇ ਬਾਹਰ ਇਕ ਅਜਿਹਾ ਮਾਹੌਲ ਬਣਾ ਦਿੱਤਾ ਗਿਆ ਹੈ ਜਿਸ ਵਿਚ ਪੰਜਾਬੀ ਦੀ ਵਰਤੋਂ ਦੀ ਕੋਈ ਗੁੰਜਾਇਸ਼ ਨਹੀਂ। ਇਸ ਵਰਗ ਦੇ ਬੱਚਿਆਂ ਨੂੰ ਨਾ ਕੇਵਲ ਮੁੱਢ ਤੋਂ ਪੰਜਾਬੀ ਦੀ ਸਿੱਖਿਆ ਤੋਂ ਦੂਰ ਰੱਖਿਆ ਜਾ ਰਿਹਾ ਹੈ, ਸੁਚੇਤ ਰੂਪ ਵਿਚ ਪੰਜਾਬੀ ਦੀ ਵਰਤੋਂ ਤੋਂ ਰੋਕਿਆ ਜਾ ਰਿਹਾ ਹੈ। ਕਿਉਂਕਿ ਚੰਗਾ ਰੁਜ਼ਗਾਰ ਤੇ ਚੰਗੀ ਪੁਜ਼ੀਸ਼ਨ ਹਾਸਲ ਕਰਨ ਲਈ ਪੰਜਾਬੀ ਦੀ ਥਾਂ ਅੰਗਰੇਜ਼ੀ ਜਾਂ ਹਿੰਦੀ ਵਰਗੀ ਜ਼ੁਬਾਨ ਵਧੇਰੇ ਸਹਾਈ ਹੁੰਦੀ ਹੈ, ਸਮਰੱਥ ਲੋਕ ਪੰਜਾਬੀ ਦੀ ਥਾਂ ਇਹਨਾਂ ਭਾਸ਼ਾਵਾਂ ਨੂੰ ਅਪਨਾ ਰਹੇ ਹਨ। ਪੰਜਾਬੀ ਨੂੰ ਸਾਧਨ-ਵਿਹੂਣੇ ਗ਼ਰੀਬ ਲੋਕਾਂ ਦੀ ਜ਼ੁਬਾਨ ਹੋਣ ਤਕ ਮਹਿਦੂਦ ਕੀਤਾ ਜਾ ਰਿਹਾ ਹੈ।

ਅਸੀਂ ਦ੍ਰਿੜਤਾ ਨਾਲ ਪਹਿਲਾਂ ਵੀ ਆਖਿਆ ਸੀ ਅਤੇ ਹੁਣ ਫਿਰ ਦੁਹਰਾਉਂਦੇ ਹਾਂ ਕਿ ਅੱਜ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਦਾ ਮਸਲਾ ਸਭਿਆਚਾਰਕ ਮਸਲਾ ਹੀ ਨਹੀਂ ਸਗੋਂ ਇਕ ਜਮਾਤੀ ਮਸਲਾ ਬਣ ਚੁੱਕਿਆ ਹੈ। ਸਮਰੱਥ ਲੋਕ ਪੰਜਾਬੀ ਭਾਸ਼ਾ ਬਾਰੇ ਤ੍ਰਿਸਕਾਰ ਭਾਵ ਨਾਲ ਗੱਲ ਕਰਦੇ ਹਨ। ਸਭਨਾਂ ਵੰਨਗੀਆਂ ਦੇ ਸਿਆਸਤਦਾਨ, ਜਿਹਨਾਂ ਦੇ ਹੱਥਾਂ ਵਿਚ ਵਾਰੋ ਵਾਰੀ ਰਾਜ-ਸੱਤਾ ਦੀ ਵਾਗ ਡੋਰ ਆਉਂਦੀ ਹੈ, ਇਕੋ ਹੀ ਜਮਾਤ ਨਾਲ ਸੰਬੰਧਤ ਹਨ ਅਤੇ ਉਹ ਪੰਜਾਬੀ ਨਾਲ ਕੋਈ ਲਗਾਉ ਨਹੀਂ ਰਖਦੇ। ਵੱਡੇ ਬਿਉਰੋਕੇਟ ਤੇ ਹੋਰ ਸਭ ਅਧਿਕਾਰੀ ਭਲੀ ਭਾਂਤ ਜਾਣਦੇ ਹੀ ਹਨ ਕਿ ਉਹਨਾਂ ਨੇ ਆਪਣੀ ਪੁਜ਼ੀਸ਼ਨ ਹਾਸਲ ਕੀਤੀ ਹੀ ਆਪਣੇ ਭਾਸ਼ਾਈ ਤੇ ਜਮਾਤੀ ਨਿਵੇਕਲੇਪਨ ਕਰਕੇ ਹੈ। ਜਦੋਂ ਸਭ ਸਮਰੱਥ ਲੋਕ ਚੰਗੀਆਂ ਫੀਸਾਂ ਤਾਰਕੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਾਲੇ 'ਪਬਲਿਕ' ਸਕੂਲਾਂ ਵਿਚ ਪੜ੍ਹਾਉਂਦੇ ਹਨ, ਜਦੋਂ ਸਭ ਵੱਡੀਆਂ ਪੁਜ਼ੀਸ਼ਨਾਂ ਪੰਜਾਬੀ ਦੇ ਟਾਕਰੇ ਅੰਗਰੇਜ਼ੀ ਵਰਗੀ ਜ਼ੁਬਾਨ ਦੇ ਸਹਾਰੇ ਮਿਲਦੀਆਂ ਹਨ, ਜਦੋਂ ਪ੍ਰਤਿਸ਼ਠਾ ਦਾ ਮਾਪਦੰਡ ਹੀ ਪੰਜਾਬੀ ਦੀ ਥਾਂ ਕਿਸੇ ਹੋਰ ਜ਼ੁਬਾਨ ਵਿਚ ਮੁਹਾਰਤ ਬਣਦਾ ਹੈ ਤਾਂ ਆਮ ਆਦਮੀ ਦੀ ਦ੍ਰਿਸ਼ਟੀ ਤੋਂ ਪੰਜਾਬੀ ਦੇ ਹੱਕ ਵਿਚ ਗੱਲ ਕਰਨਾ ਬੇਅਰਥ ਹੋ ਕੇ ਰਹਿ ਜਾਂਦਾ ਹੈ।

ਕਿਸੇ ਖਿੱਤੇ ਦੀ ਜ਼ੁਬਾਨ ਹੀ ਉੱਥੋਂ ਦੀ ਪ੍ਰਬੰਧਕੀ ਭਾਸ਼ਾ ਹੋਵੇ ਅਤੇ ਉਸੇ ਵਿਚ ਹੀ ਸਿੱਖਿਆ ਦਿੱਤੀ ਜਾਵੇ, ਇਸ ਬਾਰੇ ਕੋਈ ਵੀ ਸੂਝਵਾਨ ਮਤਭੇਦ ਨਹੀਂ ਰਖਦਾ। ਏਸੇ ਲਈ ਪੰਜਾਬ ਵਿਚ ਹਰ ਪੱਧਰ ਉੱਤੇ ਪੰਜਾਬੀ ਭਾਸ਼ਾ ਦੀ ਵਰਤੋਂ ਲਈ ਸੰਘਰਸ਼ ਨਾ ਸਿਰਫ ਉੱਚਿਤ ਹੈ ਸਗੋਂ ਜ਼ਰੂਰੀ ਵੀ। ਭਾਸ਼ਾ ਦਾ ਮਸਲਾ ਅਵੱਸ਼ ਸਿਰਫ ਚੰਗੀਆਂ ਨੌਕਰੀਆਂ ਦਾ ਹੀ ਮਸਲਾ ਨਹੀਂ, ਇਹ ਵਡੇਰੇ ਮਹੱਤਵ ਦਾ ਸਭਿਆਚਾਰਕ ਮਸਲਾ ਹੈ। ਪਰ ਇਸਦੇ ਜਮਾਤੀ ਸਰੋਕਾਰਾਂ ਤੋਂ ਅਣਜਾਣ ਬਣੇ ਰਹਿਣਾ ਬਹੁਤ ਵੱਡੀ ਗ਼ਲਤੀ ਹੈ, ਜੋ ਪੰਜਾਬੀ ਪਿਆਰੇ ਆਪਣੇ ਸੰਘਰਸ਼ ਦੇ ਸੰਬੰਧ ਵਿਚ ਕਰਦੇ ਆਏ ਹਨ। ਇਸ ਸੰਬੰਧ ਵਿਚ ਇਹ ਜਾਣ ਲੈਣਾ ਵੀ ਅਨੁਚਿਤ ਨਹੀਂ ਕਿ ਕਿਤੇ ਪੰਜਾਬੀ ਨੂੰ ਪਿਆਰਨ ਵਾਲੇ ਲੇਖਕਾਂ ਤੇ ਦਾਨਸ਼ਵਰਾਂ ਦੇ ਆਪਣੇ ਵਿਹਾਰ ਵਿਚ ਵੀ ਤਾਂ ਕੋਈ ਵਿਰੋਧਤਾਈ ਨਹੀਂ। ਪੰਜਾਬੀ ਮਧ ਵਰਗ ਦੀ ਅਲਾਮਤ ਇਹ ਵਿਰੋਧਤਾਈ ਸਾਨੂੰ ਤਾਂ ਪ੍ਰਤੱਖ ਨਜ਼ਰ ਆਉਂਦੀ ਹੈ। ਤੇ ਸ਼ਾਇਦ ਇਹ ਵੀ ਇਕ ਕਾਰਨ ਹੈ ਕਿ ਪੰਜਾਬੀ ਲਈ ਸੰਘਰਸ਼ ਦਾ ਕੁਝ ਬਣ ਨਹੀਂ ਰਿਹਾ।

**-ਰਘਬੀਰ ਸਿੰਘ**



# ਤਿੰਨ ਕਵਿਤਾਵਾਂ/ਰਵਿੰਦਰ ਰਵੀ

## ਆਦਿ ਅੰਤ ਤੋਂ ਮੁਕਤ

ਕੱਦ, ਬੁੱਤ, ਵਣ ਤਿਣ, ਛਾਂਗਣ ਦੇ ਲਈ/ ਭਾਸ਼ਾ ਦਾ ਹਰ ਰੂਪ ਤਿਆਰ
ਛੋਟੇ ਸ਼ਬਦ, ਵਡੇਰੇ ਅਨੁਭਵ/ ਸਾਡੀ ਹੋਂਦ ਭਾਸ਼ਾ ਤੋਂ ਪਾਰ

ਕੰਢਿਆਂ ਵਿਚ ਸਮਾ ਨਾ ਸਕਦੇ/ ਸਾਡੇ ਇਹ ਅੱਥਰੇ ਦਰਿਆ
ਸਮਿਆਂ ਦੇ ਲਈ ਬਣੀ ਚੁਣੌਤੀ/ ਅਰਥਾਂ ਦੀ ਨਿਰ-ਸ਼ਬਦ ਅਦਾ

ਰਸਤੇ ਤੋਂ ਅਸੀਂ ਹਟ ਕੇ ਤੁਰੀਏ/ ਨਜ਼ਰਾਂ ਦੇ ਵਿਚ ਨਵੀਂ ਦਿਸ਼ਾ
ਬੇੜੀ ਹੇਠ ਪਰਬਤੀ ਛੱਲਾਂ/ ਪਾਰ-ਦੇਸ਼ ਦੇ ਅਸੀਂ ਮਲਾਹ

ਥੋੜ੍ਹਾ ਬੋਲਣ, ਬਹੁਤਾ ਸੋਚਣ/ ਮਹਿਸੂਸਣ ਦਾ ਮੌਸਮ ਆਇਆ
ਕੰਪਿਊਟਰ ਦੀ ਭਾਸ਼ਾ ਵੀ ਨਾ/ ਅੰਗ ਸੰਗ ਹੋ ਕੇ ਬਣਦੀ ਰਾਹ

ਛਿਣ ਵਿਚ ਸਾਲ, ਸਾਲ ਦੀਆਂ ਰੁੱਤਾਂ/ ਤੋਰ ਅਨੰਤ, ਜੀਵਨ ਅਸਗਾਹ
ਸਾਡੀ ਚੁੱਪ ਸ਼ਬਦ ਤੋਂ ਉੱਚੀ/ ਆਦਿ, ਅੰਤ ਨਾ ਚਿੰਤਨ-ਰਾਹ

## ਗਲੋਬਲ ਵਾਰਮਿੰਗ

1

ਮਨੁੱਖ, ਧੂੰਆਂ ਬਣ, ਗੈਸਾਂ ਬਣ
ਛੂਹ ਰਿਹਾ ਅਸਮਾਨ ਨੂੰ!
ਹਰ ਵਾਹਣ, ਸਦਾ-ਖੜੋਤ ਵੱਲ ਨੂੰ ਭੱਜ ਰਿਹਾ!
ਮਨੁੱਖ ਦਾ ਕੂੜਾ ਹੀ ਕੂੜਾ ਹਰ ਤਰਫ਼-
ਹਵਾਵਾਂ, ਪਾਣੀਆਂ ਤੇ ਰਾਹਾਂ ਵਿਚ
ਪ੍ਰਦੂਸ਼ਣ ਦਾ ਢੋਲ ਵੱਜ ਜਿਹਾ!

2

ਵਾਤਾਵਰਨ ਨੂੰ ਮਨੁੱਖ ਦਾ ਖੋਰਾ ਲੱਗ ਚੁੱਕਾ ਹੈ
ਜ਼ਿੰਦਗੀ ਨੂੰ ਮੌਤ ਦਾ ਢੋਰਾ ਲੱਗ ਚੁੱਕਾ ਹੈ!

ਵਣ ਵਿਚ ਅੱਗ ਪਨਪ ਰਹੀ ਤੇ
ਹਰ ਲੱਕੜ , ਕਾਗਜ਼ ਦੀ ਮਿੱਲ
ਹਵਾ ਵਿਚ ਜ਼ਹਿਰ ਬਣ ਵਗਦੀ
ਕੂੜਾ ਹੀ ਕੂੜਾ ਜੰਮਦੀ, ਕੂੜਾ ਹੀ ਕੂੜਾ ਹੱਗਦੀ!

3

ਬੱਦਲ, ਬਰਖਾ, ਨ੍ਹੇਰੀ-
ਘਟਾਵਾਂ ਜਿਵੇਂ ਲਿਸ਼ਕਦੀਆਂ, ਕੜਕਦੀਆਂ-
ਘਰਾਂ ਵਿਚ ਆ ਵੜੀਆਂ ਹੋਣ!

ਘਰ, ਜਿਵੇਂ ਇਕ ਦੂਜੇ ਤੋਂ ਟੁੱਟੇ
ਪ੍ਰਦੂਸ਼ਣਾਂ ਦੇ ਮਹਾਂ-ਸਾਗਰ ਦੇ ਵਿਚ-

ਅੰਨ੍ਹੀਂ ਦਿਸ਼ਾ ਬਣੇ, ਅੰਨ੍ਹੇਂ ਸਫ਼ਰ ਦੇ ਵੱਲ ਹੜ੍ਹ ਰਹੇ!

ਤਾਪਮਾਨ ਚੜ੍ਹ ਰਹੇ

ਧਰਤੀਆਂ : ਜੰਗਲ ਦੀ ਅੱਗ- ਮੌਸਮ ਵੀ ਹਨ ਬਦਲ ਰਹੇ!!!

4

ਉੱਤਰੀ ਤੇ ਦੱਖਣੀ ਧਰੁਵ, ਪਲ, ਪਲ ਖੁਰ ਰਹੇ।
ਗਲੇਸ਼ੀਅਰ ਟੁੱਟ ਰਹੇ
ਬਰਫ਼ ਦੇ ਤੋਦੇ ਅਨੇਕ/ ਸਾਗਰਾਂ ਲਈ,ਚੱਕਰਵਯੂਹ ਬਣ ਰਹੇ
ਮੱਛੀਆਂ, ਮੱਲਾਹਾਂ ਲਈ
ਤਵਾਰੀਖਦਾਨਾਂ ਤੇ ਸੱਯਾਹਾਂ ਲਈ!!!

5

ਗਲੋਬਲ ਵਾਰਮਿੰਗ, ਇਕ ਸਵਾਲ ?
ਇਹ ਕੈਸਾ ਮਨੁੱਖ ?
ਆਪੇ ਹੀ ਆਪਣੀ ਚੜ੍ਹਾਈ/ ਆਪੇ ਹੀ, ਆਪਣਾ ਜ਼ਵਾਲ ???

## ਮਹਾਂ ਪਰਲੋ ਦੇ ਆਉਣ ਤੋਂ ਪਹਿਲਾਂ

ਬਾਹਰ, ਬਰਫ਼-ਬਾਰੀ ਹੋ ਰਹੀ ਹੈ!
ਬਰਫ਼ ਦੇ ਅਸਹਿ ਭਾਰ ਹੇਠ, ਹਵਾ ਦੇ ਕਹਿਰੀ ਰੂਪ ਸੌਂਹੇਂ
ਜੰਗਲਾਂ ਦੇ ਜੰਗਲ
ਕੜਕਵੀਂ ਟੁੱਟ-ਭੱਜ ਦੇ ਵਿਚ, ਉਲਝ ਗਏ!

ਸ਼ਹਿਰੀ ਰੁੱਖਾਂ ਦੇ ਭਾਰ ਥੱਲੇ
ਬਿਜਲੀ ਦੀਆਂ ਤਾਰਾਂ ਟੁੱਟ ਗਈਆਂ ਹਨ
ਬੱਤੀਆਂ ਗੁਲ, ਚੁੱਲ੍ਹੇ ਠੰਡੇ ਹਨ-

ਕੰਪਿਊਟਰ, ਟੀ.ਵੀ., ਸਟੀਰੀਓ-ਸਭ ਖੜ੍ਹ ਗਏ ਹਨ
ਦੀਵਾਰ ਨਾਲ ਲੱਗੇ ਲੋਕ, ਆਪਣੇ ਅੰਦਰ ਵੜ ਗਏ ਹਨ

ਸੜਕ ਉੱਤੇ, ਸ਼ੀਸ਼ੇ ਵਰਗੀ ਬਰਫ਼
ਪੈਰ, ਤਿਲਕੇ ਵਾਹਣ ਸੱਭੇ
ਇਕ ਦੂਜੇ ਵਿਚ ਟਕਰਾ ਕੇ, ਹਾਦਸਾ ਬਣ, ਖੜ੍ਹ ਗਏ ਹਨ।

ਸ੍ਵੈ-ਰੱਖਿਆ! ਤੰਗ ਦ੍ਰਿਸ਼ਟੀ! ਸਰਬ-ਰੱਖਿਆ ਹੈ ਅਪਾਹਜ!!!
ਮੌਤ ਦਾ ਪਹਿਰਾ ਹੈ ਜੀਕੂੰ ਹਰ ਤਰਫ਼
ਜ਼ਿੰਦਗੀ ਸਹਿਮੀਂ ਹੋਈ ਹੈ ਬੇਜ਼ਬਾਨ!!!
ਆਉਣ ਵਾਲੇ, ਪੁਰਾ-ਤੱਤਵ ਖੋਜੀਆਂ ਲਈ
ਮੰਮੀਆਂ ਦਾ ਵਣ ਬਣ, ਖੜੇ ਗਈ!!!

"ਪਰਲੋ ਤੋਂ ਪਹਿਲਾਂ, ਸਰਬ-ਨਾਸ਼???"
"ਮੌਤ ਬਿਨ, ਜੀਵਨ ਦਾ ਅੰਤ???"
"ਇਹ ਕਿਹੀ ਫੈਂਟਸੀ?" "ਇਹ ਕਿਹਾ ਸੱਚ ਹੈ???"



ਪ੍ਰਸ਼ਨ ਬਣ, ਚਿੰਤਨ ਮੇਰਾ, ਸੋਚ ਮੇਰੀ ਨੂੰ ਜਿਵੇਂ ਵੰਗਾਰਦਾ:
"ਝਟਕ ਆਪਣਾ ਆਪ!" "ਆਪਣੇ ਅੰਦਰ ਨੂੰ ਜੋੜ!!!"
"ਹਿਮ-ਸੀਤ ਠਾਰ ਤੋੜ!!" "ਹੋਂਦ ਨਾਲ ਨਾਤਾ ਜੋੜ!!!"
... ... ... ...
ਬਾਹਰ, ਬਰਫ਼-ਬਾਰੀ ਹੋ ਰਹੀ ਹੈ।

[116-3530, Kalum Street, Terrace, BC Canada V3G 2P2]

## ਸੁਪਨਿਆਂ ਦਾ ਜਸ਼ਨ/ਅਮਰਦੀਪ ਗਿੱਲ

ਸਿਆਣੇ ਸਮਝਾਉਂਦੇ ਸਨ
ਸੁਪਨਿਆਂ ਦੇ ਜਸ਼ਨ ਮਨਾਇਆ ਕਰ!
ਜਦਕਿ ਮੈਂ-ਤਾਮੀਰ ਦੇ ਜਸ਼ਨ ਤਹਿ ਕਰ ਲੈਂਦਾ ਸਾਂ!

ਸਿਆਣੇ ਕਹਿੰਦੇ-ਬਿਗਾਨੇ ਤਾਂ ਬਿਗਾਨੇ ਹੁੰਦੇ ਨੇ
ਬਿਗਾਨੇ ਹੀ ਰਹਿੰਦੇ ਨੇ/ਪਰਤ ਜਾਂਦੇ ਨੇ ਆਪਣੇ ਘਰ
ਤੂੰ ਕਿਉਂ ਉਦਾਸ ਹੋ ਜਾਨੈਂ?
ਜਦਕਿ ਮੈਂ-ਬਿਗਾਨਿਆਂ ਦਾ ਵੀ ਆਪਣਾ ਹੋ ਜਾਂਦਾ ਸਾਂ!

ਮੈਂ ਪਹਿਲਾ ਜਸ਼ਨ ਉਦੋਂ ਕੀਤਾ ਸੀ ਤਹਿ
ਜਦ ਇਕ ਸੁਪਨਾ ਪਹਿਲੀ ਵਾਰ
ਮੇਰੇ ਨੈਣਾਂ ਦੀ ਦਹਿਲੀਜ਼ ਅੰਦਰ/ਹੋਇਆ ਸੀ ਦਾਖ਼ਲ
ਸੱਜੇ ਪੈਰ ਦੇ ਅੰਗੂਠੇ ਨਾਲ/ਚੌਲ ਡੋਲ੍ਹ ਕੇ
ਮੈਂ ਸੋਚ ਲਿਆ ਸੀ ਉਸ ਦਿਨ ਹੀ
ਕਿ ਜ਼ਰੂਰ ਮਨਾਵਾਂਗਾ ਜਸ਼ਨ-ਇਸ ਸੁਪਨੇ ਦੀ ਤਾਮੀਰ 'ਤੇ!

ਪਰ ਇਸ ਤੋਂ ਪਹਿਲਾਂ ਕਿ ਸਵੇਰ ਹੁੰਦੀ
ਉਹ ਸੁਪਨਾ ਕਰ ਗਿਆ ਹਿਜਰਤ/ ਮੇਰੀ ਨੀਂਦ ਦੀ ਬਸਤੀ 'ਚੋਂ!

ਫਿਰ ਮੇਰੀ ਸੋਚ- ਉਦੋਂ ਦੋ-ਚਾਰ ਹੋਈ/ਜਸ਼ਨ ਮਨਾਉਣ ਦੇ ਖ਼ਿਆਲ ਨਾਲ
ਜਦ ਰਾਹ ਚਲਦਿਆਂ ਇਕ ਸੁਪਨਾ
ਅਚਨਚੇਤ ਹੀ ਆ ਟਕਰਾਇਆ ਮੇਰੇ ਨਾਲ
ਮੈਂ ਸੋਚਿਆ ਕਿ-ਜਲਦ ਹੀ ਘਰ ਲੈ ਆਵਾਂਗਾ
ਇਸ ਸੁਪਨੇ ਦੇ ਸੱਚ ਨੂੰ/ਤੇ ਜਸ਼ਨ ਮਨਾਵਾਂਗਾ!
ਪਰ ਇਸਤੋਂ ਪਹਿਲਾਂ ਕਿ/ਸੱਚ ਤੀਕ ਪਹੁੰਚਦਾ ਉਹ ਸੁਪਨਾ
ਮੈਨੂੰ ਆਪਣਾ ਘਰ ਭੁੱਲ ਗਿਆ!

ਤੀਜੀ ਵਾਰ ਫਿਰ ਜਦ ਮਿਲਿਆ ਸੁਪਨਾ
ਤਾਂ ਮੇਰੀਆਂ ਅੱਖਾਂ ਖੁੱਲ੍ਹੀਆਂ ਸਨ
ਕਿਉਂਕਿ ਉਹ ਸੁਪਨਾ ਨਹੀਂ ਸੱਚ ਸੀ
ਮੈਂ ਬਹੁਤ ਕੋਸ਼ਿਸ਼ ਕੀਤੀ/ਕਿ ਮੈਨੂੰ ਨੀਂਦ ਆ ਜਾਵੇ
ਤੇ ਮੈਂ ਬਦਲ ਲਵਾਂ ਇਸ ਸੱਚ ਨੂੰ ਸੁਪਨੇ ਵਿਚ
ਪਰ ਮੇਰੀਆਂ ਅੱਖਾਂ ਵਿਚ/ਤਣ ਕੇ ਖੜੋਤੀ ਰਹੀ ਲੰਬੇ ਕੱਦ ਦੀ ਹੈਰਾਨੀ

ਜਿਸਨੇ ਝਪਕਣ ਤਕ ਨਾ ਦਿੱਤੀਆਂ/ਮੇਰੀਆਂ ਪਲਕਾਂ
ਨੀਂਦ ਤਾਂ ਹਾਲੇ ਮੇਰੇ ਲਈ ਸੁਪਨਾ ਹੀ ਸੀ!

ਫਿਰ ਚੌਥੀ ਵਾਰ ਜੋ ਸੁਪਨਾ/ਮਸਾਂ ਮਨਾ ਕੇ ਲਿਆਂਦਾ
ਆਪਣੇ ਨੀਂਦ ਵਿਚ ਮੈਂ
ਉਹ ਦਿਨ ਚੜ੍ਹਨ ਤੋਂ ਪਹਿਲਾਂ ਹੀ/ਹੋ ਗਿਆ ਪਰਦੇਸੀ
ਤੇ ਹੁਣ ਉਹ ਪਰਾਏ ਨੈਣਾਂ ਦੇ ਦੇਸ ਵਸਦਾ ਹੈ!

ਅੰਤ ਵਿਚ ਆਖ਼ਰੀ ਸੁਪਨਾ-
ਜਿਸਦੀ ਤਾਮੀਰ ਦੇ-ਅਧੂਰੇ ਰਹਿ ਗਏ ਸੁਪਨੇ ਨੇ
ਮੈਨੂੰ ਆਕੀ ਕਰਕੇ ਰੱਖ ਦਿੱਤਾ ਹਰ ਜਸ਼ਨ ਤੋਂ
ਇਹ ਸੁਪਨਾ-ਕਿੰਨੇ ਹੀ ਦਿਨ ਰਿਹਾ ਮੇਰੇ ਅੰਗ-ਸੰਗ
ਸੁੱਤਿਆਂ-ਜਾਗਦਿਆਂ/ ਮਾਣਦਾ ਰਿਹਾ ਮੇਰੀ ਨੀਂਦ ਦੀ ਸੇਜ ਵੀ
ਖੇਡਦਾ ਰਿਹਾ ਖੁੱਲ੍ਹੇ ਨੈਣਾਂ ਦੇ ਵਿਹੜੇ ਵਿਚ ਵੀ
ਪਰ ਜਦ ਮੈਂ ਬੰਨ੍ਹ ਲਈ ਜਸ਼ਨ ਦੀ ਤਰੀਕ
ਤਾਂ ਮੇਰੀ ਤਾਮੀਰ ਨੂੰ-ਖੋਹ ਕੇ ਲੈ ਗਏ ਜ਼ਮੀਰ ਦੇ ਧਾੜਵੀ!

ਹੁਣ ਮੈਂ ਸੁਪਨੇ-ਵਿਹੂਣੀਆਂ ਅੱਖਾਂ ਲੈ
ਨੀਂਦ ਦੀ ਸਰਦਲ 'ਤੇ ਬੈਠਾ/ ਅਕਸਰ ਸੋਚਦਾ ਹਾਂ ਕਿ-
ਸਿਆਣੇ ਠੀਕ ਹੀ ਕਹਿੰਦੇ ਸਨ/ ਜੇ ਕਿਤੇ ਮੈਨੂੰ ਵੀ ਆਉਂਦਾ ਹੁੰਦਾ
ਤਾਮੀਰ ਦੀ ਥਾਂ/ਸੁਪਨਿਆਂ ਦਾ ਜਸ਼ਨ ਮਨਾਉਣਾ
ਤਾਂ ਅੱਜ ਮੋਹ-ਭੰਗ ਨਾ ਹੁੰਦਾ ਮੇਰਾ- ਸੁਪਨੇ, ਸੱਚ ਅਤੇ ਸੰਸਾਰ ਤੋਂ!

[# 9028, ਏਕਤਾ ਕਾਲੋਨੀ, ਰਾਜਿੰਦਰਾ ਕਾਲਿਜ ਦੇ ਪਿੱਛੇ, ਬਠਿੰਡਾ-151 001]

## ਗਰੇਵਜ਼ ਐਂਡ/ਭੁਪਿੰਦਰਪ੍ਰੀਤ

ਚਾਚੇ ਨੇ ਕਾਰ ਚਲਾਉਂਦਿਆਂ ਦੱਸਿਆ
ਜਿੱਥੇ 'ਗਰੇਵਜ਼ ਐਂਡ' ਖ਼ਤਮ ਹੁੰਦਾ ਉਥੋਂ ਸਾਡਾ ਘਰ ਨੇੜੇ ਹੀ

ਦੂਜੀ ਸੰਸਾਰ ਜੰਗ ਵੇਲੇ
ਲੱਖਾਂ ਬਰਤਾਨਵੀ ਸਿਪਾਹੀਆਂ ਦੀਆਂ ਲਾਸ਼ਾਂ ਦੱਬਦੇ
ਜਿੱਥੇ ਆਖ਼ਰੀ ਦੱਬੀ ਸੀ
ਉਸੇ ਨੂੰ 'ਗਰੇਵਜ਼ ਐਂਡ' ਕਿਹਾ ਜਾਣ ਲੱਗਾ

ਗਰੇਵਜ਼ ਐਂਡ    ਗਰੇਵਜ਼ ਐਂਡ    ਗਰੇਵਜ਼ ਐਂਡ
ਮੌਤ ਦੀ ਇਕ ਪੁਰਾਣੀ ਧੁਨ ਰੀਮਿਕਸ ਹੋ ਤੁਰਦੀ ਨਾਲ ਮੇਰੇ
ਤੇ ਮੈਂ ਇਸ ਧੁਨ ਦੀ ਤਰ੍ਹਾਟ 'ਚ
ਕਈ ਦਿਨ ਘੁੰਮਦਾ ਬਰਤਾਨੀਆਂ ਦੀਆਂ ਸੜਕਾਂ 'ਤੇ

ਖ਼ਬਰਾਂ ਆਉਣ ਲਗਦੀਆਂ/ਤਣਾਅਪੂਰਨ ਸਥਿਤੀ ਦੀਆਂ
ਹਵਾਈ ਅੱਡਿਆਂ 'ਤੇ ਰੈੱਡ ਅਲਰਟ ਦੀਆਂ/ ਦੁੱਧ ਦੀ ਬੋਤਲ 'ਚ ਲੀਕਵਡ ਬੰਬ ਦੀਆਂ
ਤੇ ਮੈਂ ਸੜਕਾਂ, ਪੱਬਾਂ, ਕੈਸੀਨੋ, ਬਹੁ-ਮੰਜ਼ਲੀ ਇਮਾਰਤਾਂ
ਨਦੀਆਂ ਪਹਾੜਾਂ ਦੇ ਵਿਚ ਤੁਰ ਰਿਹਾ



ਆਪਣੇ ਅੰਦਰ ਤੁਰਦੀ ਇਸ ਸ਼ਬਦ ਦੀ ਤਿੱਖੀ ਸਰਸਰਾਹਟ ਨਾਲ

ਖ਼ਬਰਾਂ ਦੀ ਰਫ਼ਤਾਰ ਤੇ ਧਾਰ ਤੇਜ਼ ਹੋਣ ਲਗਦੀ
ਅਲ-ਕਾਯਦਾ ਦੀ ਧਮਕੀ/ ਉੱਤਰੀ ਕੋਰੀਆ ਵੱਲੋਂ ਪ੍ਰਮਾਣੂ ਤਜਰਬੇ ਦਾ ਫ਼ੈਸਲਾ
ਅਮਰੀਕਾ ਵੱਲੋਂ ਜਵਾਬੀ ਹਮਲੇ ਦੀ ਤਿਆਰੀ

ਲੱਗਾ ਇਹ 'ਗਰੇਵਜ਼ ਐਂਡ' ਕੁੰਭਕਰਨ ਵਾਂਗ ਸਦੀਆਂ ਤੋਂ ਸੁੱਤਾ ਮੇਰੇ ਅੰਦਰ
ਉਠਾ ਰਹੇ ਸਭ ਰਲ ਮਿਲ ਜ਼ਬਰਦਸਤੀ
ਮੈਂ ਇੰਡੀਆ ਮੁੜਨ ਦਾ ਫ਼ੈਸਲਾ ਕਰਦਾਂ
ਏਅਰਪੋਰਟ 'ਤੇ ਸਕਿਉਰਿਟੀ ਮੈਨ ਇੰਝ ਤੱਕਦਾ ਮੇਰੇ ਵੱਲ
ਜਿਉਂ ਮੈਂ ਦੂਜੀ ਜੰਗ ਵੇਲੇ ਦਾ/ਹਿਟਲਰ ਦਾ ਕੋਈ ਸਾਥੀ
ਬਿਨਾਂ ਸਿਰ ਤੋਂ ਜਾਸੂਸੀ ਕਰ ਰਿਹਾ ਹੋਵਾਂ ਉਹਨਾਂ ਦੀ ਸਰਹੱਦ 'ਚ

ਜਹਾਜ਼ 'ਚ ਬੈਠਦਿਆਂ ਹੀ/ਕਿਸੇ ਲੀਕਵਡ ਦੇ ਹਿੱਲਣ ਦੀ ਆਵਾਜ਼ ਆਉਂਦੀ ਅੰਦਰੋਂ
ਆਲੇ ਦੁਆਲੇ ਬੈਠੀਆਂ/ਸਵਾਰੀਆਂ ਦੇ ਚਿਹਰੇ ਦੀ ਸ਼ਨਾਖ਼ਤ ਇੰਝ ਕਰਦਾ
ਜਿਵੇਂ ਜਹਾਜ਼ ਦੇ ਮਲਬਾ ਹੋ ਜਾਣ ਤੋਂ ਬਾਅਦ
ਇਸ 'ਗਰੇਵਜ਼ ਐਂਡ' 'ਚ ਮੈਂ ਹੀ ਬਚਾਂਗਾ ਕਿਸੇ ਪਾਦਰੀ ਵਾਂਗ
ਹੱਥਾਂ 'ਚ ਲਾਲਟੈਨ ਲੈ ਕਬਰਾਂ 'ਚ ਫਿਰਦਾ

ਖ਼ੈਰ ਸੁੱਖੀਂ ਸਾਂਦੀਂ ਜਹਾਜ਼ ਲੈਂਡ ਕਰਦਾ
ਰਿਸ਼ਤੇਦਾਰ ਦੋਸਤ ਧਾਹ ਕੇ ਮਿਲਦੇ/ ਮਾਂ ਸਵਾਗਤ ਕਰਦੀ ਮਿੱਟੀ ਖਿੜਦੀ
ਭੁੱਲ ਜਾਂਦੇ ਮੱਥੇ 'ਚ ਰੀਂਗਦੇ ਸਾਰੇ ਸ਼ਬਦ
ਹਾਲ-ਚਾਲ ਪੁੱਛਦਾ ਬੇਟੇ ਨੂੰ ਉਹਦੀ ਪੜ੍ਹਾਈ ਬਾਰੇ
ਬੇਟਾ ਦੱਸਦਾ-ਪਾਪਾ ਕੱਲ੍ਹ ਫਸਾਦੀ ਸਾਡੀ ਗਲੀ ਤਕ ਆ ਗਏ
ਸ਼ਹਿਰ 'ਚ ਦੰਗੇ ਹੋਣ ਕਾਰਨ ਛੁੱਟੀ ਹੈ ਸਕੂਲੇ

ਹੱਦਾਂ ਸਰਹੱਦਾਂ ਤੋਂ ਪਾਰ/ਹਰ ਸ਼ਹਿਰ, ਗਲੀ, ਮੁਹੱਲੇ ਦੇਸ 'ਚੋਂ ਲੰਘਦਾ
'ਗਰੇਵਜ਼ ਐਂਡ' ਬੇਟੇ ਦੀਆਂ ਅੱਖਾਂ 'ਚੋਂ ਦਿਸਦਾ
ਮੈਂ ਆਪਣੀਆਂ ਅੱਖਾਂ ਬੰਦ ਕਰ ਲੈਂਦਾ
ਗਰੇਵਜ਼ ਐਂਡ ਮੱਥੇ 'ਚ ਦਿਸਦਾ/ਦਿਸਣੋਂ ਨਾ ਹਟਦਾ
ਗਰੇਵਜ਼ ਐਂਡ    ਗਰੇਵਜ਼ ਐਂਡ ❑❑

[ਸੀ-2, ਗਲੀ ਨੰਬਰ 1, ਗੁਰਲਾਲ ਬਾਜ਼ਾਰ, ਨਿਊ ਪ੍ਰਤਾਪ ਨਗਰ, ਅੰਮ੍ਰਿਤਸਰ]

## ਤਿੰਨ ਕਵਿਤਾਵਾਂ/ਜੋਗਿੰਦਰ ਸਿੰਘ ਪਾਂਧੀ

### ਇਮਾਰਤ

ਉਹ! ਇਕ ਸੁੰਦਰ ਇਮਾਰਤ
ਘੜੇ ਹੋਏ, ਤਰਾਸ਼ੇ ਹੋਏ
ਸੁੰਦਰ ਪੱਥਰਾਂ ਦੀ ਬਣੀ/ਸੁੰਦਰ ਇਮਾਰਤ
ਉਸ ਅੰਦਰ ਝਾਕਦਿਆਂ/ਮੈਂ ਵੇਖਿਆ
ਉੱਥੇ ਰਹਿਣ ਵਾਲਾ ਹਰ ਕੋਈ/ ਪੱਥਰ ਬਣ ਗਿਆ ਹੈ...

ਉਸਦਾ ਕਹਿਣਾ ਹੈ:
"ਮੈਂ ਘਰ ਵਿਚ ਪੈਦਾ ਹੋਇਆ
ਪਰ ਵੇਖਦੇ ਹੀ ਵੇਖਦੇ/ਮਕਾਨ ਬਣ ਗਿਆ
ਮਕਾਨ ਬਣ ਗਿਆ"

**ਬੱਚਾ**

ਅਸਮਾਨ ਵਿਚ ਉਡਦੇ ਬੱਦਲਾਂ ਦਾ/ ਕੋਈ ਘਰ ਨਹੀਂ ਹੁੰਦਾ
ਧਰਤੀ 'ਤੇ ਦੌੜਦੇ ਬੱਚੇ ਦੀ/ ਕੋਈ ਮੰਜ਼ਲ ਨਹੀਂ ਹੁੰਦੀ
ਬੱਦਲਾਂ ਨੇ ਕਈ ਨਕਸ਼ ਵਖਾਣੇ/ ਹਾਥੀ, ਸ਼ੇਰ, ਘੋੜੇ, ਮਕਾਨ
ਪਰ ਖੁਦ ਬੇ-ਮਕਾਨ...
ਧਰਤੀ ਉੱਤੇ/ ਬੱਚੇ ਨੇ ਵੀ
ਮਿੱਟੀ ਦੇ ਖਿਡੌਣੇ ਬਣਾਣੇ/ ਕਲਪਨਾ ਦੇ ਰੰਗ ਸਜਾਣੇ
ਪਰ ਆਪਣਾ ਕੋਈ ਰੰਗ ਨਹੀਂ/ਕੋਈ ਉਮੰਗ ਨਹੀਂ
ਤੁਸੀਂ! ਬੱਦਲ ਹੋ, ਖ਼ਿਆਲ ਹੋ
ਪਰ ਆਸਮਾਨ ਬਣ ਜਾਉ...
ਬੱਚੇ ਦਾ ਖਿਡੌਣਾ ਨਹੀਂ
ਬੱਚੇ ਵਾਂਗ ਇਨਸਾਨ ਬਣ ਜਾਉ
ਇਨਸਾਨ ਬਣ ਜਾਉ

**ਇਕਾਈ**

ਲੰਮੇ ਸਫ਼ਰ ਦੀ ਤਨਹਾਈ
ਤੈਅ ਕਰਕੇ ਵੀ
ਸਮੁੰਦਰ ਸੋਚਦਾ ਹੈ
"ਉੱਥੇ ਹੀ ਖੜੋਤਾ ਹਾਂ
ਜਿੱਥੋਂ ਮੈਂ ਟੁਰਨਾ ਸ਼ੁਰੂ ਕੀਤਾ ਸੀ" ❑❑

[ਕੰਠ ਬਾਗ, ਬਾਰਾਮੂਲਾ, ਕਸ਼ਮੀਰ]

## ਨਾਸਤਕ ਸੋਚ/ਅੰਮ੍ਰਿਤ ਦੀਵਾਨਾ

### (ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਤ)

ਭਗਤ ਸਿੰਘ
ਤੇਰੀ ਨਾਸਤਕ ਸੋਚ ਨੂੰ
ਅਰਬਾਂ ਖਰਬਾਂ ਵਾਰੀ ਪ੍ਰਣਾਮ

ਤੂੰ ਕੁਝ ਅਰਸਾ
ਹੋਰ ਜਿਉਂਦਾ ਰਹਿ
ਆਪਣੇ ਸੁਤੰਤਰਤਾ ਦੇ
ਖਵਾਬ ਦੀ ਪੂਰਤੀ ਹੁੰਦੀ ਵੇਖਦਾ
ਤਾਂ ਤੈਨੂੰ ਆਪਣੀ ਸੋਚ ਦੀ
ਸਾਰਥਕਤਾ ਦਾ ਅਹਿਸਾਸ ਹੁੰਦਾ
ਕਿ ਕਿੰਝ ਆਸਤਕਾਂ ਨੇ ਰਲ ਕੇ



ਮੁਰਦਿਆਂ ਨਾਲ ਭਰੀਆਂ ਰੇਲਾਂ ਦਾ
ਆਦਾਨ ਪ੍ਰਦਾਨ ਕੀਤਾ

ਔਰਤਾਂ ਦੀਆਂ ਛਾਤੀਆਂ ਵੱਢ
ਬੋਰੀਆਂ ਵਿਚ ਖਰਬੂਜ਼ਿਆਂ ਵਾਂਗ
ਭਰ ਕੇ ਭੇਜੀਆਂ
ਕਿੰਝ ਕੰਜਕਾਂ ਕੁਆਰੀਆਂ
ਦੇ ਅੰਗਾਂ ਵਿਚੋਂ
ਲਹੂ ਦੇ ਘਰਾਲ ਵਗਾਏ

ਤੇ ਇਹ ਧਰਮੀ ਕਰਮੀ ਲੋਕ
ਹੁਣ ਵੀ ਗਾਹੇ ਬਗਾਹੇ
ਸਾਡੀਆਂ ਬਸਤੀਆਂ ਵਿਚ ਆ ਕੇ
ਨਾਅਰੇ ਲਾਉਂਦੇ ਸਾਨੂੰ ਅੱਗ ਦੇ
ਲਿਬਾਸ ਨੇ ਪਹਿਨਾਉਂਦੇ

ਸਾਡੀਆਂ ਪਤਨੀਆਂ ਦੇ
ਗਰਭ 'ਚ ਖੋਭ ਕੇ
ਖੰਜਰ ਨੇ ਘੁਮਾਉਂਦੇ
ਸਾਡੇ ਗੁਲਮੋਹਰੀ
ਬੱਚਿਆਂ ਦੇ ਸਕੂਲ
ਬਰੂਦਾਂ ਨਾਲ ਨੇ ਉਡਾਉਂਦੇ

ਤੇ ਅਜਿਹਾ ਸਭ ਕੁਝ
ਹੁੰਦਾ ਹੀ ਰਹੇਗਾ
ਜਦ ਤਕ ਤੇਰੀ 'ਸੋਚ ਦਾ ਸੱਚ'
ਸਮੁੱਚੇ ਵਿਸ਼ਵ ਦੀ ਰੂਹ 'ਚ
ਨਹੀਂ ਧੁਰ ਉਤਰ ਜਾਂਦਾ। ❑❑

[12229—80A Avenue, Surrey, B.C., V3W 7R8, Canada]

## ਮੈਂ ਪੰਜਾਬੋਂ ਜਾ ਰਿਹਾਂ/ਜੋਗੇ ਭੰਗਲ

ਕਈ ਦਹਾਕਿਆਂ ਬਾਅਦ
ਮੈਂ ਪੰਜਾਬ ਜਾ ਰਿਹਾਂ
ਸਟੇਸ਼ਨ 'ਤੇ ਉਤਰਿਆਂ
ਭਈਏ ਭਾਰ ਉਠਾ ਰਹੇ
ਰਿਕਸ਼ੇ ਚਲਾ ਰਹੇ
ਪਾਨ ਚਬਾ ਰਹੇ
ਜ਼ਰਦਾ ਲਗਾ ਰਹੇ

-ਕਹਾਂ ਜਾਨਾਂ ਸਰਦਾਰ ਜੀ
ਆਵਾਜ਼ੇਂ ਲਗਾ ਰਹੇ
ਘਰ ਆਇਆਂ
ਨੇਪਾਲੀ ਰਸੋਈਆ
ਰਾਜਸਥਾਨੀ ਪੱਥਰ ਵਿਛਾ ਰਿਹਾ
ਖੇਤਾਂ 'ਚ ਗਿਆ
ਬਿਹਾਰੀ ਟਰੈਕਟਰ ਦੁੜਾ ਰਿਹਾ
ਪਾਣੀ ਲਾ ਰਿਹਾ
ਗੁੜ ਦੀ ਖ਼ੁਸ਼ਬੂ
ਯੂ. ਪੀ. ਮੈਨ ਦੇ ਵੇਲਣੇ ਤੋਂ ਆ ਰਹੀ
ਜੱਟ ਪੰਜਾਬੀ
ਘੋਨ ਮੋਨ ਜਿਹਾ
ਨਿੱਕਰ ਬਨੈਣ ਪਾਈ
ਘਰ ਦੇ ਵਿਹੜੇ 'ਚ ਖੜ੍ਹਾ
ਆਪਣੀ ਗੋਗੜ ਖੜਕਾ ਰਿਹਾ
ਮੈਂ ਖੜ੍ਹਾ ਸੋਚ ਰਿਹਾਂ
ਮੈਂ ਪੰਜਾਬ ਆਇਆਂ
ਕਿ ਪੰਜਾਬ ਤੋਂ ਗਿਆਂ ❑❑

[ਪਿੰਡ ਭੰਗਲ, ਰਾਹੀਂ ਸਾਹਲੋਂ, ਜ਼ਿਲ੍ਹਾ ਨਵਾਂਸ਼ਹਿਰ]

## ਗ਼ਜ਼ਲ/ਗੁਰਜੀਤ ਸਹੋਤਾ

ਜੋ ਤੁਰੇ ਸਨ ਸਿਰ ਹਥੇਲੀ 'ਤੇ ਟਿਕਾ ਕੇ।
ਪਰਤ ਆਏ ਨੇ ਘਰਾਂ ਨੂੰ ਸਿਰ ਗੁਆ ਕੇ।

ਏਸ ਧਰਤੀ ਤੋਂ ਹਨੇਰਾ ਹੂੰਝ ਪਹਿਲਾਂ,
ਫੇਰ ਰੱਖੀਂ ਚੰਨ 'ਤੇ ਦੀਵੇ ਜਗਾ ਕੇ।

ਖ਼ੂਬ ਹੈ ਤੇਰੀ ਸ੍ਰਿਸ਼ਟੀ ਐ ਖ਼ੁਦਾ! ਪਰ,
ਕਿਸ ਤਰ੍ਹਾਂ ਦਾ ਭੇਜਿਆ ਬੰਦਾ ਬਣਾ ਕੇ?

ਕਿੰਗਰੇ ਦਿੱਲੀ ਦੇ ਭੰਨਣ ਜੋ ਗਿਆ ਸੀ,
ਬਹਿ ਗਿਆ ਉਸ ਦੀ ਸਭਾ ਵਿਚ ਸਜ-ਸਜਾ ਕੇ।

ਝੱਖੜਾਂ ਨੇ ਝੰਬਿਆ ਹੈ ਬ਼ਾਗ ਸਾਰਾ,
ਫੁੱਲ ਕਿੱਦਾਂ ਰੱਖਦੇ ਮਹਿਕਾਂ ਬਚਾ ਕੇ!

ਫਿਰ ਮਦਾਰੀ ਆ ਗਿਆ ਹੈ ਸ਼ਹਿਰ ਅੰਦਰ,
ਫਿਰ ਨਚਾਊ ਭੀੜ ਨੂੰ ਡੌਰੂ ਵਜਾ ਕੇ।

ਮਰਨ ਮਗਰੋਂ ਨਾ ਬਹਿਸ਼ਤਾਂ ਦੀ ਤਮੰਨਾ,
ਜਿਉਂਦਿਆਂ ਵਸਣੈਂ, ਸਵਰਗਾਂ ਨੂੰ ਵਸਾ ਕੇ

[ਮੇਨ ਗਲੀ, ਗੁਲਾਬੀ ਬਾਗ, ਜਗਰਾਉਂ, ਜ਼ਿਲਾ ਲੁਧਿਆਣਾ]



# ਇਕ ਘਰ ਆਜ਼ਾਦ ਹਿੰਦੀਆਂ ਦਾ

## ਬਲਵਿੰਦਰ ਸਿੰਘ ਗਰੇਵਾਲ

ਅਲਮਾਰੀ ਦੀ ਜਿੰਦੀ ਖੋਲ੍ਹਣ ਲੱਗੇ ਮੇਰੇ ਹੱਥ ਕੰਬ ਰਹੇ ਨੇ। ਇਹ ਦੇਹ ਦੀ ਨਹੀਂ, ਮਨ ਦੀ ਕਮਜ਼ੋਰੀ ਐ, ਮੈਨੂੰ ਪਤੈ। ਅਸਲ ਵਿਚ ਤਾਂ ਮਨ ਕੰਬ ਰਿਹੈ ਦੁਚਿੱਤੀ ਵਿਚ-'ਮਰਾਂ ਜਾਂ ਮਾਰਾਂ?'

ਦੋ-ਚਿੱਤੇ ਮਨ ਨੂੰ ਫਿਰ ਠੋਰਦਾ ਹਾਂ। "ਫੈਸਲਾ ਕਰ ਬਖਤਾਵਰ ਸਿਆਂ, ਫੈਸਲਾ! ਵਿਚ-ਵਿਚਾਲੇ ਦਾ ਕੋਈ ਰਾਹ ਨੀ।"

'ਜੇ ਜੀਵੇ ਪਤਿ ਲੱਥੀ ਜਾਏ, ਸਭ ਹਰਾਮ ਜੇਤਾ ਕਿਛ ਖਾਏ'-ਇੰਡੀਪੈਂਡੈਂਸ ਲੀਗ ਵਾਲਾ ਗਿਆਨੀ ਪ੍ਰੀਤਮ ਸਿੰਘ ਮੇਰੇ ਅੰਦਰੋਂ ਬੋਲਿਆ ਹੈ। ਮਲਾਇਆ ਵਿਚ, ਗਿਆਨੀ ਜੀ ਦੇ ਸ਼ਬਦਾਂ ਨੇ, ਅੰਗਰੇਜ਼ ਫੌਜ ਜਾਂ ਆਜ਼ਾਦ ਹਿੰਦ ਫੌਜ ਵਿਚਲੀ ਮੇਰੀ ਦੁਚਿੱਤੀ ਖਤਮ ਕੀਤੀ ਸੀ। ਡੋਲਦੇ ਮਨ ਨਾਲ ਮੈਂ ਗਿਆਨੀ ਜੀ ਦਾ ਧਿਆਨ ਧਰਿਆ ਹੈ-'ਅੱਜ ਵੀ ਤੂੰ ਹੀ ਰਾਹ ਪਾ'-ਮੇਰੇ ਜੁੜੇ ਹੱਥ ਕੰਬ ਰਹੇ ਹਨ- 'ਮਰਾਂ ਜਾਂ ਮਾਰਾਂ?'

ਅਲਮਾਰੀ ਵਿਚ ਦੋਵੇਂ ਹਥਿਆਰ ਬਦੋ-ਬਦੀ ਪਏ ਹਨ, ਤਹਿ ਕੀਤੇ ਸ਼ਨੀਲ ਦੇ ਕੱਪੜੇ 'ਤੇ। ਸੱਜਣ ਨੂੰ ਹਥਿਆਰ ਹੇਠ ਰੱਖਣਾ ਚੰਗਾ ਨਹੀਂ ਲਗਦਾ। ਉਹਨੇ ਤਾਂ ਅਲਮਾਰੀ ਅੰਦਰੋਂ ਖੁਲ੍ਹੀ ਰੱਖ ਕੇ, ਦੋ ਕੀਲੀਆਂ ਗੱਡੀਆਂ ਸੀ। ਬੱਸ-ਪਰ ਮੈਂ ਟੋਕਤਾ "ਜਿੰਨਾ ਚਿਰ ਦੇਹ ਨਰੋਈ ਐ, ਹਥਿਆਰ ਕੀਲੀਆਂ 'ਤੇ ਨੀ ਟੰਗੀ ਦੇ ਸੱਜਣ ਸਿਆਂ! ਕੀ ਪਤੈ ਕਦ ਚੱਕਣੇ ਪੈ ਜਾਣ"-

ਅੱਜ ਚੱਕਣੇ ਪੈਗੇ।

ਮੈਂ ਰਿਵਾਲਵਰ ਦਾ ਖਾਲੀ ਚੈਂਬਰ ਵੇਖਿਆ ਹੈ-ਆਪ ਮਰਨ ਲਈ ਇਹ ਠੀਕ ਐ। ਮੇਰੇ ਅੰਦਰ ਵਸੇ ਫੌਜੀ ਦੇ ਪਹਿਲਾ ਸਬਕ ਯਾਦ ਐ-'ਟਾਰਗੈੱਟ ਦੀ ਰੇਂਜ ਹਥਿਆਰ ਦਾ ਫੈਸਲਾ ਕਰਦੀ ਐ'-। ਮੈਂ ਰਿਵਾਲਵਰ ਰੱਖ ਕੇ ਨਵੀਂ ਮੇਕ ਦੀ ਦੁਨਾਲੀ ਚੁੱਕਦਾ ਹਾਂ। ਹੱਥ ਕੁ ਲੰਮੀ। ਕਾਰਤੂਸਾਂ ਵਾਲਾ ਬੈਗ ਖੋਲ੍ਹ ਕੇ, ਰਫਲ ਲੋਡ ਕਰ ਲਈ ਹੈ। ਮੁੜਨ ਲੱਗਿਆਂ, ਅਚਾਨਕ ਠਿਠਕ ਕੇ ਰੁਕ ਗਿਆ ਹਾਂ। ਮਨ ਵਿਚ ਖਿਆਲ ਆਇਆ ਹੈ-'ਇਸ ਵਾਰ ਹਥਿਆਰ ਨੇ ਰੇਂਜ ਦਾ ਫੈਸਲਾ ਕਰ ਦਿੱਤਾ ਹੈ-

'ਮਾਰਾਂਗਾ!'

-'ਹੋਸ਼ ਕਰ ਸੱਜਣ ਦੇ ਬਾਪੂ, ਤੂੰ ਰਾਣੇ ਨੂੰ ਮਾਰੇਂਗਾ! ਪੋਤੇ ਤਾਂ ਪੁੱਤਾਂ ਤੋਂ ਵੀ ਪਿਆਰੇ ਹੁੰਦੇ ਨੇ-ਮੇਰੇ ਮਨ ਦੀ ਨੁੱਕਰ ਚੋਂ, ਤੇਜਕੁਰ ਬੋਲੀ ਐ। ਜਿਊਂਦੀ ਹੁੰਦੀ ਤਾਂ ਬਾਂਹ ਫੜਕੇ ਕਹਿੰਦੀ-"ਮੂਲ ਨਾਲੋਂ ਵਿਆਜ ਪਿਆਰਾ ਹੁੰਦੈ"-

-"ਹਾਂ-ਹਾਂ, ਨਾਲੇ ਮੈਂ ਤਾਂ ਹਾਂ ਏ ਸੂਦਖੋਰ-।" ਤੇ ਮੈਂ ਉਹਨੂੰ ਖਿਝਾਉਣ ਲਈ 'ਜੈ-ਹਿੰਦ'! ਕਹਿ ਦਿੰਦਾ। ਹੁਣ ਵੀ, ਸੱਜਾ ਪੈਰ ਤਾਂ ਸਲੂਟ ਕਰਨ ਵਾਂਗ ਪਤਾ ਨਹੀਂ ਕਦੋਂ ਚੁੱਕਿਆ ਗਿਆ ਹੈ।

ਮੈਂ ਤਾਂ ਸਿਰਫ ਹੇਠ ਵੱਜੇ ਪੈਰ ਦਾ ਖੜਕਾ ਹੀ ਸੁਣਿਆ ਹੈ। ਹਲਕੀ ਜਿਹੀ ਗਰਦ ਉੱਠੀ ਹੈ। ਮੈਨੂੰ ਲਗਦਾ ਹੈ ਗਰਦ ਦੇ ਨਾਲ ਹੀ ਦੁਚਿੱਤੀ ਵੀ ਉੱਡ ਗਈ ਹੈ। ਨਹੀਂ, ਕੋਈ ਦੁਚਿੱਤੀ ਨਹੀਂ। ਫੈਸਲਾ ਸਾਫ਼ ਐ, ਤੇ ਪਲੈਨ ਵੀ। ਜਿਹੜੀ ਹਰੀਜਨ ਕਾਲੋਨੀ ਦਾ ਅੱਜ ਉਦਘਾਟਨ ਹੋਣੈ, ਉਹ ਮੇਰੇ ਨਾਂ 'ਤੇ ਐ, 'ਬਾਬਾ ਬਖਤਾਵਰ ਸਿੰਘ ਫਰੀਡਮ ਫਾਈਟਰ ਕਾਲੋਨੀ'। ਪੰਚਾਇਤ ਵੱਲੋਂ 15 ਕੁਆਟਰ ਬੇ-ਘਰੇ ਹਰੀਜਨਾਂ ਤੇ ਬਾਲਮੀਕੀਆਂ ਨੂੰ ਅਲਾਟ ਕੀਤੇ ਜਾਣੇ ਨੇ। ਸਹਿਕਾਰਤਾ ਤੇ ਪੰਚਾਇਤ ਮੰਤਰੀ ਨੇ ਆਉਣੈ ਉਦਘਾਟਨ ਕਰਨ। ਮੇਰੇ ਨਾਂ 'ਤੇ ਬਣ ਰਹੀ ਕਾਲੋਨੀ ਦਾ ਉਦਘਾਟਨ, ਮੰਤਰੀ ਮੈਥੋਂ ਬਿਨਾਂ ਨੀ ਕਰਦਾ। ਮੈਨੂੰ ਬੁਲਾਉਣਗੇ ਤੇ ਮੈਂ ਬੰਦੂਕ ਲੈ ਕੇ ਜਾਊਂਗਾ। ਰਾਣਾ ਵੀ ਉੱਥੇ

ਹੋਊ-ਬਸ-ਫੈਸਲਾ ਸਾਫ ਐ-

ਫੈਸਲਾ ਸਾਫ ਐ ਪਰ ਅੱਖਾਂ ਧੁੰਦਲਾ ਗਈਆਂ ਨੇ। ਰਾਣੇ ਦੀ ਮੌਤ ਜਾਂ ਫਿਰ ਤੇਜਕੁਰ ਨੂੰ ਯਾਦ ਕਰਕੇ...

ਰਾਣੇ ਦੇ ਜੰਮਣ 'ਤੇ ਖੁਸ਼ੀ ਵਿਚ ਨੱਚਦੀ ਤੇਜਕੁਰ ਦਾ ਚਿਹਰਾ ਉਵੇਂ ਜਿਵੇਂ ਖਿੜਿਆ ਹੋਇਆ ਦਿਸਦਾ ਹੈ। ਫੁੱਲ ਭਰ ਰਾਣੇ ਨੂੰ ਮੇਰੇ ਹੱਥਾਂ 'ਚ ਦਿੰਦਿਆਂ ਉਹਨੇ ਆਪਣੇ ਮਨ ਦੀ ਗੱਲ ਕੀਤੀ ਸੀ, "ਮੂਲ ਨਾਲੋਂ ਵਿਆਜ ਪਿਆਰਾ ਹੁੰਦੈ।"

-"ਲੈ ਹੋਰ ਕਿਤੇ ਨਾ ਵੀ! ਨਾਲੇ ਆਪਣਾ ਤਾਂ ਮੂਲ ਵੀ ਸੰਗੋ-ਸਰਫ਼ੇ ਦਾ ਈ ਐ।" ਵਧਾਈਆਂ ਦੀ ਦੁੱਬ ਮੈਨੂੰ ਫੜਾਉਂਦਿਆਂ, ਨੰਦੀ ਨੈਣ ਨੇਂ, ਸੱਜਣ ਦਾ 'ਕੱਲਾ-ਕਹਿਰਾ' ਹੋਣਾ ਚਿਤਾਰਿਆ ਸੀ। ਪੁੱਤ 'ਕੱਲਾ' ਰਹਿ ਜਾਣ ਦਾ ਸੰਸਾ ਤਾਂ ਤੇਜਕੁਰ ਨੂੰ ਮਰਨ ਤਕ ਰਿਹਾ ਸੀ। ਸੱਚੀ ਗੱਲ ਐ, ਕਦੀ ਕਦਾਈਂ ਤਾਂ ਮੇਰਾ ਵੀ ਜੀਅ ਕਰਦਾ, ਇਕ ਹੋਰ ਹੁੰਦਾ ਸੱਜਣ ਦੀ ਬਾਂਹ ਬਣਦਾ। 'ਕੱਲੇ ਜੱਟ ਨੂੰ ਤਾਂ ਕੋਈ ਹਰੇ ਦੀ ਭਰੀ ਨੀਂ ਚੁਕਾਉਂਦਾ। ਸੱਜਣ ਦੇ ਘਰ ਰਾਣਾ ਜੰਮਿਆ ਤਾਂ ਲੱਗਿਆ ਸੀ ਜਿਵੇਂ 'ਜੋੜੀ' ਪੂਰੀ ਹੋ ਗਈ ਹੋਵੇ। ਰਾਣੇ ਦੀ ਤੜਾਗੀ 'ਚ ਪਰੋਣ ਨੂੰ ਰੰਗਲੇ ਮਣਕੇ ਮੈਂ ਚੁਣਕੇ ਲਿਆਇਆ ਸੀ। ਉਹੀ ਰਾਣਾ ਅੱਜ...

ਕੁੜਤੇ ਦੀ ਬਾਂਹ ਨਾਲ ਅੱਖਾਂ ਪੂੰਝਦਾ ਹਾਂ। ਜੀਅ ਕਰਦੈ ਤੇਜਕੁਰ ਫਿਰ ਸਾਹਮਣੇ ਆਵੇ ਤੇ ਮੈਂ ਉਹਨੂੰ ਸਲੂਟ ਕਰਕੇ 'ਜੈ ਹਿੰਦ' ਕਹਾਂ। ਪਰ ਸਾਫ ਹੋਈਆਂ ਅੱਖਾਂ ਸਾਹਮਣੇ ਤੇਜਕੁਰ ਦਾ ਆਕਾਰ ਨਹੀਂ ਉਭਰਦਾ। ਉਭਰ ਆਇਐ ਪਿੰਡ ਦੇ ਦਰਵਾਜੇ 'ਚ ਗੱਡੇ ਹਨੂੰਮਾਨ ਨਾਲ ਲਾਇਆ ਹੋਇਆ ਭਜੋ ਚਮਾਰੀ ਦਾ ਸਿਰ, ਉਹਦੇ ਕੇਸ ਫੜੀ ਬੈਠਾ ਜਿੰਦਰ ਤੇ ਉਹਦੇ ਪੀਚੇ ਹੋਏ ਬੁੱਲ੍ਹਾਂ 'ਚ ਮੁਤਦਾ ਰਾਣਾ। ਮੇਰਾ ਗੱਚ ਭਰ ਆਇਆ ਹੈ। ਰਾਮਦਾਸੀਆਂ ਦੇ ਗੁਰਦੁਆਰੇ 'ਚ ਕਵਿਤਾ ਪੜ੍ਹਦਾ ਭਜੋ ਦਾ ਜੈਲੀ ਸਾਹਮਣੇ ਆ ਖੜ੍ਹਿਆ ਹੈ-

*ਗੁਰੂ ਦਾ ਆਦੇਸ਼ ਹੈ*
*ਬੇ-ਦਿਲੀ ਕੁਝ ਜਬਰ ਅਨਿਆਂ ਨੂੰ ਮਾਰਨ ਲਈ ਲੜਾਂਗਾ*
*ਜਾਂ ਇਹ ਰਹਿਣਗੇ*
*ਜਾਂ ਮੈਂ ਰਹਾਂਗਾ।*

ਮੇਰੀ ਬੰਦੂਕ ਵਾਲੀ ਬਾਂਹ ਉੱਪਰ ਵੱਲ ਸਿੱਧੀ ਤਣ ਗਈ ਹੈ। ਪਤਾ ਨਹੀਂ ਕੀਹਨੂੰ ਸੁਣਾ ਕੇ ਮੈਂ ਕਹਿੰਦਾ ਹਾਂ-

ਜਾਂ ਇਹ ਰਹਿਣਗੇ
ਜਾਂ ਮੈਂ ਰਹਾਂਗਾ
ਹਾਂ ਹਾਂ ਮੈਂ ਰਹਾਂਗਾ

-"ਬਾਬੇ ਕਿੱਥੇ ਰਹੇਂਗਾ ਤੂੰ?" ਸਾਹਮਣੇ ਗੋਲਡੀ ਖੜ੍ਹਾ ਹੈ। ਮੇਰੀ ਤਣੀ ਹੋਈ ਸੱਜੀ ਬਾਂਹ ਢੈਲੀ ਪੈ ਹੇਠ ਆਉਂਦੀ ਹੈ। ਗੋਲਡੀ ਹੈਰਾਨ ਹੋਇਆ ਪੁੱਛਦੈ-"ਰਫਲ ਕੀਹਦੇ 'ਤੇ ਸਿੰਨ੍ਹੀ ਖੜ੍ਹੈਂ।"

ਮੈਂ ਇਕ ਪਲ ਗੋਲਡੀ ਵੱਲ ਵੇਖਿਆ ਹੈ-'ਰਾਣਾ ਵੀ ਐਨ ਐਹੋ ਜਿਹਾ ਹੀ ਹੁੰਦਾ ਸੀ ਐਸ ਉਮਰ ਵਿਚ'-ਆਪਣੇ ਆਪ ਨੂੰ ਕਹਿੰਦਾ ਹਾਂ, 'ਕੌੜੀ ਕੀ ਦਾ ਕੀ ਬਣ ਗਿਆ'-

ਬਣ ਕਾਹਨੂੰ ਗਿਆ, ਵਿਗੜ ਗਿਆ। ਉਹ ਤਾਂ ਗੱਲੇ ਨੀ ਬਣੀ। ਲੈਫਟ ਰਾਈਟ, ਲੈਫਟ ਰਾਈਟ ਕਰਦਾ ਦਸ ਕੁ ਸਾਲ ਦਾ ਰਾਣਾ ਮੇਰੇ ਚੇਤੇ 'ਚ ਉਭਰ ਆਇਆ ਹੈ। ਸਵੇਰੇ ਸੈਰ ਨੂੰ ਜਾਣ ਲੱਗਿਆਂ ਮੈਂ ਉਹਨੂੰ ਵੀ 'ਠਾਲ ਲੈਂਦਾ। ਕਦੇ ਕਦੇ ਤਾਂ ਦੋ ਤਿੰਨ ਜੁਆਕ ਹੋਰ ਵੀ ਹੁੰਦੇ। ਐਕਸਰਸਾਈਜ਼ ਦੇ ਬਹਾਨੇ ਪੀ. ਟੀ., ਪਰੇਡ ਕਰਵਾਉਂਦਾ। ਦੇਖਣ ਵਾਲੇ ਮਜ਼ਾਕ ਕਰਦੇ, "ਪੂਰਾ ਫੌਜੀ ਬਣਾ ਕੇ ਹਟੇਂਗਾ ਮੁੰਡੇ ਨੂੰ।" ਮੈਂ ਰਾਣੇ ਦੇ ਛੋਟੇ ਜਿਹੇ, ਗੁੰਦਵੇਂ ਸਰੀਰ ਵੱਲ ਵੇਖਦਾ, ਜਵਾਬ ਦਿੰਦਾ, "ਫੌਜੀ! ਇਹ ਤਾਂ ਮੇਰਾ ਸ਼ੇਰ ਜਨਰਲ ਬਣੂ ਜਨਰਲ। ਹੋਰ ਕਿਤੇ ਐਮੇਂ ਇਹਦਾ ਨਾਂ ਰਣਬੀਰ



ਰੱਖਿਐ।" ਮੇਰੇ ਬੋਲਾਂ ਵਿਚਲਾ ਗੜ੍ਹਕਾ ਅਗਲੇ ਨੂੰ ਯਕੀਨ ਦਵਾਉਣ ਤਕ ਜਾਂਦਾ। ਪਰ ਹੁਣ ਗੋਲਡੀ ਨੂੰ ਜਵਾਬ ਦੇਣ ਲੱਗਿਆਂ ਮੇਰਾ ਬੋਲ ਕੰਬ ਰਿਹਾ ਹੈ।

-"ਰਫਲ! ਇਹ ਤਾਂ ਐਮੇਂ ਸਾਫ਼ ਕਰਨ ਨੂੰ ਕੱਢਲੀ"-ਮਨ 'ਚ ਆਉਂਦੀ ਐ ਗੋਲਡੀ ਨੂੰ ਕਹਾਂ ਬਈ ਜਾ ਕੇ ਦੇਖ ਕੇ ਆਵੇ ਫੰਕਸ਼ਨ 'ਤੇ ਜੈਲੀ ਓਨੀ ਵੀ ਐ! ਪਰ ਪੁੱਛਦਾ ਹਾਂ -"ਤੂੰ ਨੀ ਗਿਆ ਫੰਕਸ਼ਨ 'ਤੇ?"

-"ਫੰਕਸ਼ਨ ਤਾਂ 3 ਵਜੇ ਸ਼ੁਰੂ ਹੋਣੈ। ਮੈਂ ਤਾਂ ਤੇਰੀ ਫੋਟੋ 'ਈ-ਮੇਲ' ਕਰਨ ਆਇਐਂ"-

-"ਕੀ ਕਰਨੀ ਐ ਫੋਟੋ?"-

-"ਕੰਪਿਊਟਰ ਰਾਹੀਂ ਭੇਜਣੀ ਐ"-ਗੋਲਡੀ ਆਪਣੇ ਕਮਰੇ ਵੱਲ ਮੁੜਨ ਲੱਗਿਆ ਖਿਝ ਕੇ ਬੋਲਿਆ ਹੈ। ਉਸ ਦੀ ਖਿਝ ਨਾਲ ਮੈਂ ਆਪਣਾ ਤਣਾਅ ਕੁਝ ਢੈਲਾ ਪੈਂਦਾ ਮਹਿਸੂਸ ਕਰਦਾ ਹਾਂ। ਗੋਲਡੀ ਮੇਰਾ ਕੰਪਿਊਟਰ ਦਾ ਉਸਤਾਦ ਐ। ਬਹੁਤ ਸਾਰੀਆਂ ਗੱਲਾਂ ਉਹਨੇ ਮੈਨੂੰ ਕੰਠ ਕਰਾਈਆਂ ਹੋਈਆਂ ਨੇ। ਕੋਈ ਗੱਲ ਭੁੱਲ ਜਾਵਾਂ ਤਾਂ ਝਿੜਕਦਾ ਵੀ ਮਾਸਟਰਾਂ ਵਾਂਗ ਐ। ਹੁਣ ਵੀ ਉਸ ਦੀ ਮਾਸਟਰਾਂ ਵਾਲੀ ਝਿੜਕ ਨੇ ਮਨ ਹੌਲ਼ਾ ਕਰਨਾ ਸ਼ੁਰੂ ਕਰ ਦਿੱਤਾ ਹੈ। ਜੀਅ ਕਰਦੈ ਉਹਦੇ ਨਾਲ ਹੋਰ ਗੱਲਾਂ ਕਰਾਂ।

-"ਈ-ਮੇਲ ਦਾ ਤਾਂ ਮੈਨੂੰ ਪਤੈ ਮਾਸਟਰ ਸਾਹਬ! ਮੈਂ ਤਾਂ ਫੋਟੋ ਪੁੱਛਦੈਂ ਬਈ ਕੀ ਕਰਨੀ ਐ?"-

-"ਮੇਰੇ ਕੋਲ ਆ ਜਾ ਫੇਰ"-ਗੋਲਡੀ ਆਪਣੇ ਕਮਰੇ ਵਿਚੋਂ ਬੋਲਿਆ ਹੈ।

ਦੋ ਕਦਮ ਤੁਰ ਕੇ ਮੈਂ ਰੁਕ ਗਿਆ ਹਾਂ। ਹੱਥ ਵਿਚ ਫੜੀ ਰਫਲ ਦਾ ਧਿਆਨ ਆ ਗਿਆ ਹੈ। ਕਾਰਤੂਸ ਕੱਢ ਕੇ ਰਫਲ ਅਲਮਾਰੀ ਵਿਚ ਰੱਖਣ ਲੱਗਿਆਂ ਆਪਣੇ ਆਪ ਨੂੰ ਕਹਿੰਦਾ ਹਾਂ-"ਕੱਲਾ ਰਹਿਣ ਤੋਂ ਡਰਦੈਂ ਬਖਤੌਰ ਸਿਆਂ, ਇਕ ਪੋਤੇ ਨੂੰ ਮਾਰਨ ਨੂੰ ਫਿਰਦੈਂ, ਦੂਏ ਦਾ ਆਸਰਾ ਭਾਲਦੈਂ।"

-"ਲੈ ਬਈ ਬਾਬਾ ਸਿਆਂ, ਉਂ ਤਾਂ ਨੀ ਤੂੰ ਆਪਣੀ ਫਰੇਮ ਫਿਕਸ ਹੋਣ ਦਿੰਦਾ, ਹੁਣ ਅਸੀਂ ਤੈਨੂੰ ਮਰਜੀ ਦਾ ਬੰਦਾ ਬਣਾਵਾਂਗੇ"-ਮੈਨੂੰ ਅੰਦਰ ਆਉਂਦਾ ਦੇਖ ਕੇ ਗੋਲਡੀ ਨੇ ਮੈਨੂੰ ਸੁਣਾ ਕੇ ਕਿਹਾ ਹੈ-"ਪੱਗ ਤੋਂ ਸ਼ੁਰੂ ਕਰਦੇ ਆਂ"-

-"ਪੱਗ ਹੁਣ ਰਹਿ ਕਿੱਥੇ ਗਈ ਗੋਲਡੀ ਸਿਆਂ, ਦੋ ਗਜ ਕੱਪੜਾ ਥੋੜ੍ਹੋ ਪੱਗ ਹੁੰਦੈ"- ਮੇਰਾ ਹਉਕਾ ਨਿਕਲ ਗਿਆ ਹੈ-"ਗੋਲਡੀ ਤੇਰੇ ਭਾਈ ਨੇ ਪਰ੍ਹੇ 'ਚ। ਉਹ ਗੱਲ ਹੋਈ ਐ। ਕੋਈ ਕਹਿੰਦਾ, ਮੇਰੀ ਪੱਗ ਤੇਰੇ ਹੱਥ ਐ।" -"ਗਈਓਂ ਸਮਝ ਫੇਰ, ਦੂਆ ਬੋਲਿਆ"-

ਗੱਲ ਸੁਣਕੇ ਗੋਲਡੀ ਫਿੱਕਾ ਜਿਹਾ ਮੁਸਕਰਾ ਪਿਆ। ਉਸ ਨੂੰ ਪਤਾ ਹੈ ਮੈਂ ਕੀ ਕਹਿੰਦਾ ਹਾਂ। ਮੇਰੇ ਅੰਦਰ ਇਕ ਗੁਬਾਰ ਜਿਹਾ ਫਿਰ 'ਕੱਠਾ ਹੋਣਾ ਸ਼ੁਰੂ ਹੋ ਗਿਆ ਹੈ। ਗੋਲਡੀ ਦਾ ਹਸਦਾ ਚਿਹਰਾ ਸੂਲ ਵਾਂਗ ਚੁਭਦਾ ਮਹਿਸੂਸ ਹੁੰਦਾ ਹੈ। ਜੀਅ 'ਚ ਆਉਂਦੀ ਐ, ਇਹਦਾ ਮੂੰਹ ਆਪਣੇ ਵੱਲ ਘੁਮਾ ਕੇ ਕਹਾਂ-"ਹੱਸਣ ਜੋਗੇ ਰਹਿਗੇ ਜੇ ਹਿੰਦੀਓ ਤੁਸੀਂ, ਮਰਜੋ ਕਿਸੇ ਖੂਹ ਟੋਬੇ ਪੈਕੇ"-ਪਰ ਆਪਣੇ ਆਪ ਨੂੰ ਰੋਕ ਲੈਂਦਾ ਹਾਂ। ਘਰ ਵਿਚ ਗੋਲਡੀ ਹੀ ਬੋਲਿਆ ਹੈ ਮੇਰੇ ਨਾਲ ਕੱਲ੍ਹ ਸ਼ਾਮ ਦਾ। ਮੈਨੂੰ ਪਤੈ ਹੋਰ ਦੋ ਘੜੀ ਨੂੰ ਮੈਨੂੰ ਗੋਲਡੀ ਨੇ ਵੀ ਦੁਸ਼ਮਣ ਸਮਝਣ ਲੱਗ ਪੈਣੈ। ਅੰਦਰਲੀ ਬੇਚੈਨੀ ਤੋਂ ਬਚਣ ਖਾਤਰ ਧਿਆਨ ਕੰਪਿਊਟਰ ਵੱਲ ਮੋੜਦਾ ਹਾਂ। ਗੀਤ ਦੇ ਬੋਲਾਂ ਦੀ ਤਾਲ 'ਤੇ ਕਰਸਰ ਘੁੰਮਿਆ ਹੈ। ਮਾਊਸ ਕਲਿਕ ਹੁੰਦੇ ਸਾਰ, ਫੋਟੋ ਵਿਚਲੀ ਮੇਰੀ ਪੱਗ ਦਾ ਛੋਟਾ ਜਿਹਾ ਲੜ ਗਾਇਬ ਹੋ ਗਿਆ ਹੈ। ਲੜ ਬਿਨਾਂ ਆਪਣੀ ਪੱਗ ਮੈਨੂੰ ਓਪਰੀ ਲਗਦੀ ਹੈ।

-"ਇਹ ਕੀ ਕਰਦੈਂ?"-ਮੈਂ ਗੋਲਡੀ ਨੂੰ ਪੁੱਛਦਾ ਹਾਂ।

-"ਫੋਟੋ ਮੰਤਰੀ ਸਾਹਿਬ ਨੂੰ ਭੇਟ ਕਰਨੀ ਐ। ਉਹਨੇ ਆਪ ਮੰਗੀ ਐ ਕਿਸੇ ਯਾਦਗਾਰੀ

ਹਾਲ ਵਿਚ ਲਾਉਣ ਨੂੰ।"-

-"ਆਹੋ..."-ਮੈਂ ਕਹਿੰਦਾ ਕਹਿੰਦਾ ਚੁੱਪ ਕਰ ਗਿਆ ਹਾਂ। ਇਕ ਦੀ ਫੋਟੋ ਕੰਮ ਆਊ, ਮੇਰੀ ਜਾਂ ਰਾਣੇ ਦੀ।

ਗੋਲਡੀ ਨੇ ਪੱਗ ਦੀ ਨੋਕ ਬਦਲ ਕੇ ਤਿੱਖੀ ਕਰ ਦਿੱਤੀ ਹੈ। ਚਿਹਰੇ ਦਾ ਰੰਗ ਸਾਫ ਗੰਦਮੀ ਕਰ ਦਿੱਤਾ ਹੈ ਅਤੇ ਚਿੱਟੇ ਕੁੜਤੇ ਉਪਰੋਂ ਕਾਲਾ ਕੋਟ ਪਹਿਨਾ ਦਿੱਤਾ ਹੈ। ਫਿਰ ਕੁਝ ਸੋਚਕੇ ਖਿੰਡੀ ਹੋਈ ਦਾਹੜੀ ਰਬੜ ਫੇਰ ਕੇ ਸਿੱਧੀ ਕਰ ਦਿੱਤੀ ਹੈ ਤੇ ਹੇਠਾਂ ਡਿੱਗੀਆਂ ਮੁੱਛਾਂ ਸਿੱਧੀਆਂ ਕਰਕੇ ਬਰਾਬਰ ਕਰ ਦਿੱਤੀਆਂ ਹਨ। ਦੇਖਦੇ ਦੇਖਦੇ ਮੇਰਾ ਚਿਹਰਾ ਬਦਲ ਦਿੱਤਾ ਹੈ।

-"ਬਣ ਗਿਆ ਨਾ ਬਾਬੇ, ਜੈਂਟਲਮੈਨ"-ਗੋਲਡੀ ਨੇ ਮੇਰੇ ਵੱਲ ਮੂੰਹ ਘੁਮਾ ਕੇ ਕਿਹਾ ਹੈ।

-"ਪਰ ਅੰਦਰਲੇ ਬਖਤਾਵਰ ਨੂੰ ਤੇਰਾ ਕੋਰਲ ਡਰਾਅ ਕੀ ਕਰੂ ਗੋਲਡੀ"-ਮੇਰਾ ਕਹਿਣ ਨੂੰ ਜੀਅ ਕਰਦਾ ਹੈ। ਗੋਲਡੀ ਹੀ ਫਿਰ ਬੋਲਿਆ ਹੈ-

-"ਬਾਬੇ ਇਕ ਗੱਲ ਦੱਸ! ਤੂੰ ਖਾਖੀ ਪੱਗ ਤਾਂ ਫੌਜੀਆਂ ਵਾਂਗ ਬੰਨ੍ਹਦੈਂ, ਚਿਣਕੇ। ਮੋਤੀਆ, ਪੁਰਾਣੇ ਬੁੜ੍ਹਿਆਂ ਵਾਂਗ ਲੜ ਛੱਡਕੇ। ਗੱਲ ਕੁਝ ਸਮਝ ਨੀ ਆਈ।"

-"ਤੇਰੇ ਨੀ ਸਮਝ ਆਉਣੀ"-ਮੈਂ ਗੋਲਡੀ ਨੂੰ ਕਹਿੰਦਾ ਹਾਂ।" -ਜਨਰਲ ਸਾਹਿਬ ਕਹਿੰਦੇ ਹੁੰਦੇ ਸੀ ਬਈ ਬੰਦੇ ਦੇ ਅੰਦਰ ਵੀ ਇਕ ਸਿਰ ਹੁੰਦੈ ਜਿਹੜਾ ਅੱਡ-ਅੱਡ ਮੌਕਿਆਂ 'ਤੇ ਅੱਡ-ਅੱਡ ਹੁੰਦੈ"-

-"ਬਾਬੇ ਤੈਂ ਸੁਭਾਸ਼ ਚੰਦਰ ਬੋਸ ਦੇਖਿਐ?" ਗੋਲਡੀ ਸ਼ਾਇਦ ਜਨਰਲ ਸਾਹਿਬ ਦੇ ਲਕਬ ਕਾਰਨ ਪੁੱਛਦਾ ਹੈ।

-"ਕੌਣ ਨੇਤਾ ਜੀ! ਹਾਂ, ਗੱਡਕੇ!"-ਮੇਰੇ ਚਿਹਰੇ 'ਤੇ ਰੌਣਕ ਆ ਗਈ ਹੈ। ਮੇਰੇ ਯਾਦ ਆਇਆ ਹੈ ਕਿ ਇੰਫਾਲ ਦੇ ਬਾਹਰ ਲੱਗੇ ਟੈਂਟ ਵਿਚ ਨੇਤਾ ਜੀ ਜ਼ਖਮੀਆਂ ਨੂੰ ਮਿਲਣ ਆਏ ਸਨ। ਚੰਗੇ ਭਾਗੀਂ ਜ਼ਖਮੀਆਂ ਵਿਚ ਮੈਂ ਵੀ ਸੀ। ਨੇਤਾ ਜੀ ਨੇ ਮੇਰਾ ਪੂਰਾ ਨਾਂ ਲਿਆ ਸੀ 'ਬਖਤਾਵਰ ਸਿੰਘ'।

ਅਚਾਨਕ ਮੇਰਾ ਜੀਅ ਕਰਦਾ ਹੈ, ਮੈਂ ਨੇਤਾ ਜੀ ਦੀਆਂ ਚਮਕਦੀਆਂ ਅੱਖਾਂ 'ਚ ਇਕ ਵਾਰ ਫੇਰ ਦੇਖਾਂ, ਗੱਡ ਕੇ। ਭਾਵੇਂ ਮਰੇ ਹੋਏ ਦੀਆਂ ਹੀ ਸਹੀ। ਗੋਲਡੀ ਨੂੰ ਫੋਟੋ ਨਾਲ ਛੇੜ ਛਾੜ ਕਰਦਾ ਛੱਡ ਕੇ ਮੈਂ ਆਪਣੇ ਕਮਰੇ ਵਿਚ ਆ ਗਿਆ ਹਾਂ। ਨੇਤਾ ਜੀ ਦੀ, ਬਿਨਾਂ ਟੋਪੀ ਤੋਂ ਫੋਟੋ ਮੇਰੇ ਵੱਲ ਸਿੱਧੀ ਝਾਕ ਰਹੀ ਹੈ। ਇਕ ਪਲ ਲਈ ਮੇਰੀਆਂ ਅੱਖਾਂ ਝੁਕ ਗਈਆਂ ਹਨ ਤੇ ਜਲਦੇ ਹੰਝੂ ਗੱਲ੍ਹਾਂ 'ਤੇ ਵਹਿ ਤੁਰੇ ਹਨ।

-"ਤੇਰੇ ਸੁਪਨੇ ਦਾ ਦੇਖਲੈ ਅਸੀਂ ਕੀ ਬਣਾ ਤਾ ਨੇਤਾ ਜੀ"-ਮੈਂ ਬੁੜਬੁੜਾਇਆ ਹਾਂ। ਪਰਲ ਪਰਲ ਵਗਦੇ ਹੰਝੂ ਤੇ ਮਸਾਂ ਨਿਕਲਦੀ ਆਵਾਜ਼ ਵਿਚ ਸੰਨ 44 ਵਿਚ, ਗਾਂਧੀ ਬਰਗੇਡ ਸਾਹਮਣੇ ਕਹੇ ਨੇਤਾ ਜੀ ਦੇ ਸ਼ਬਦ ਆਪਣੇ ਆਪ ਨੂੰ ਸੁਣਾਉਂਦਾ ਹਾਂ-

-"ਮੈਂ ਅਪਨਾ ਸੁਪਨਾ ਆਪ ਕੋ ਸੌਂਪ ਰਹਾ ਹੂੰ-ਜੈ ਹਿੰਦ!"

"ਜੈ ਹਿੰਦ!" ਮੈਂ ਫੋਟੋ ਵੱਲ ਵੇਖਦਾ ਜਵਾਬ ਦਿੰਦਾ ਹਾਂ-"ਅਸੀਂ ਤਾਂ ਤੇਰੇ ਸੁਪਨੇ ਦੀਆਂ ਗੱਦੀਆਂ ਅਹੁਦੇ ਬਣਾ ਤੇ। ਪ੍ਰਧਾਨ ਮੰਤਰੀ ਤੋਂ ਸਰਪੰਚੀ ਤਕ ਹਰ ਅਹੁਦੇ 'ਤੇ ਕਬਜਾ ਕਰਨ ਨੂੰ ਫਿਰਦੇ ਹਾਂ। ਨੇਕੀ ਬਦੀ ਸਭ ਹਜ਼ਮ ਤੇ ਜੇ ਕੋਈ ਹੋਰ, ਜੈਲੀ ਵਰਗਾ ਇਹਨਾਂ ਵੱਲ ਝਾਕਦਾ ਵੀ ਐ, ਫੇਰ ਅਸੀਂ...ਅਸੀਂ ਕੀ ਸਾਰੇ ਪਿੰਡ ਨੇ ਦੇਖਿਆ ਸੀ। ਕਹਿੰਦੇ ਨੇ, ਸੱਜਣ ਨੇ ਸਭ ਨੂੰ ਸੁਣਾ ਕੇ ਈ ਪੋਲੇ ਹਰੀਜਨ ਨੂੰ ਕਿਹਾ ਸੀ, "ਐਤਕੀਂ ਸਰਪੰਚੀ ਕੀਹਨੂੰ ਬਖਸ਼ੀ ਜਾਣੇ ਓਂ ਲੰਬੜਦਾਰਾ?"

ਮੈਨੂੰ ਤਾਂ ਐਂ ਵੀ ਲਗਦੈ ਬਈ, ਸੱਜਣ ਨੇ ਜਾਣ ਬੁੱਝਕੇ ਮੌਕਾ ਚੁਣਿਆ ਹੋਊ। ਸੰਗਰਾਂਦ 'ਤੇ ਬਹੁਤੇ ਲੋਕ 'ਕੱਠੇ ਹੋਏ ਈ ਹੁੰਦੇ ਨੇ। ਸੱਜਣ ਨੇ ਸੋਚਿਆ ਹੋਣੈਂ, ਆਪਣੇ ਸਰਪੰਚ ਦਾ ਐਲਾਨ



ਕਰ ਦਿੰਨੈਂ-

'ਕੱਠ ਜਿਹਾ ਹੁੰਦਾ ਦੇਖਕੇ, ਕਹਿੰਦੇ, ਜੈਲੀ ਵੀ ਪੋਲੇ ਦੇ ਕੋਲ ਨੂੰ ਹੋ ਕੇ ਖੜ੍ਹ ਗਿਆ ਸੀ।-"ਭਜੋ ਨੂੰ ਕਹਿੰਦੇ ਨੇ ਲਾਣੇਦਾਰਾ"

-"ਕਿਉਂ! ਭਜੋ ਕੀ ਸਵਾਰਦੂ ਵਿਹੜੇ ਦਾ। ਆਪਾਂ ਚਰਨੇ ਦੇ ਘਰੋਂ ਬਣਾਉਣੀ ਐਂ ਐਤਕੀਂ, ਵਿਹੜਾ ਜੋ ਕਹੂ ਕਰਾਂਗੇ"-ਸੱਜਣ ਪੋਲੇ ਦਾ ਰਾਹ ਰੋਕ ਕੇ ਖੜ੍ਹ ਗਿਆ ਸੀ-

ਮੈਨੂੰ ਐਨ ਦੀਂਹਦੈ, ਜਿਵੇਂ ਦਾ ਮੂੰਹ ਸੱਜਣ ਨੇ ਬਣਾਇਆ ਹੋਣੈਂ। ਉਹ ਤਾਂ ਉਡੀਕਦਾ ਹੋਣੈ ਬਈ ਪੋਲਾ ਕਹੂ 'ਜੀਹਨੂੰ ਕਹੇਂਗਾ ਬਣਜੂ'। ਪਿਛਲੀ ਵਾਰ ਸੱਜਣ ਨੇ ਰਿਜ਼ਰਵ ਤੁੜਾ ਕੇ ਜਨਰਲ ਕਰਵਾ ਲਈ ਸੀ। ਪਰ ਐਤਕੀਂ ਰਿਜ਼ਰਵ ਵੀ ਹਰੀਜਨ ਔਰਤ ਲਈ ਹੋ ਗਈ। ਰਾਣੇ ਦੀ ਬਹੂ ਖਾਤਰ ਜਨਰਲ ਔਰਤ ਲਈ ਰਿਜ਼ਰਵ ਕਰਾਉਣ ਨੂੰ ਜਿੰਨੀ ਵਾਹ ਸੱਜਣ ਨੇ ਲਾਈ ਐ, ਮੈਨੂੰ ਸਭ ਪਤੈ। ਪਰ ਜੈਲੀ ਆਪਣੇ ਕਿਸੇ ਜਮਾਤੀ ਤੋਂ ਕੰਮ ਕਰਵਾ ਲਿਆਇਆ। ਸੱਜਣ ਨੂੰ ਵੀ ਇਸ ਗੱਲ ਦਾ ਪਤੈ।

-"ਮੁੰਡੇ ਕਹਿੰਦੇ ਵਿਹੜੇ 'ਤੇ ਲੈਟਰਿੰਗਾਂ ਬਣਾਉਣੀਐਂ। ਨੂੰਹਾਂ ਧੀਆਂ ਨੂੰ ਬਾਹਰ ਅੰਦਰ ਦਾ ਮੁਸ਼ਕਲ ਹੁੰਦੈ। ਨਿਉਂਹਾਂ ਤਕ ਤਾਂ ਜੀਰੀ ਲਾਈ ਪਈ ਐ"—ਪੋਲੇ ਨੇ ਵਿਹੜੇ 'ਚ ਹੋਈ ਸਾਰੀ ਗੱਲ ਦੱਸਤੀ। ਜੈਲੀ ਨੇ ਆਪਣੀ ਟੋਲੀ ਦੇ ਮੁੰਡੇ ਲੈਕੇ, ਵਿਹੜੇ ਵਿਚ ਮੀਟਿੰਗਾਂ ਕਰਕੇ ਬਹੁਤੀ ਗੱਲ ਪਹਿਲਾਂ ਈ ਖੋਲ੍ਹੀ ਹੋਈ ਸੀ। ਸੱਜਣ ਆਲਿਆਂ ਨੇ ਆ ਕੇ ਇਹਦੇ ਕੰਨਾਂ 'ਚ ਚੋਤੀ। ਮਾਹੀਏ ਨੇ ਤਾਂ ਸਾਰੀ ਗੱਲ ਮੇਰੇ ਸਾਹਮਣੇ ਈ ਦੱਸੀ ਸੀ। ਮਾਹੀਆ ਦੋਗਲੈ। ਸੱਜਣ ਦੀ ਗੁਰਦੁਆਰੇ ਵਾਲੀ ਗੱਲ ਵੀ ਪਹਿਲਾਂ ਮੈਨੂੰ ਉਹਨੇ ਈ ਦੱਸੀ ਸੀ-

-"ਕਿਉਂ ਬਈ, ਚਰਨੇ ਦੀਆਂ ਬਣਾਈਆਂ ਲੈਟਰੀਨਾਂ 'ਚ ਵਿਹੜੇ ਆਲਿਆਂ ਨੂੰ ਜੰਗਲ ਪਾਣੀ ਨੀ ਉਤਰੂ?"-ਸੱਜਣ ਨੂੰ ਚੱਬ ਕੇ ਗੱਲ ਕਰਨ ਦੀ ਆਦਤ ਤਾਂ ਹੈਗੀਓ। ਪਰ ਉਹਨੇ ਇਹ ਸਾਰੀ ਗੱਲ ਕੀਤੀ ਸਿੱਧੀ ਜੈਲੀ ਵੱਲ ਵੇਖਕੇ। ਫੇਰ ਕਿਤੇ ਜੈਲੀ ਵੀ ਬੋਲ ਪਿਆ-

-"ਤੁਸੀਂ ਤਾਂ ਪਿਛਲੀ ਚੋਣ ਵੇਲੇ ਵੀ ਵਾਅਦਾ ਕੀਤਾ ਸੀ ਤਾਇਆ। ਖੂਹੀ 'ਚ ਮੋਟਰ ਲਵਾਉਣ ਦਾ ਤੇ ਘਰਾਂ 'ਚ ਫਲੱਸ਼ਾਂ ਦਾ। ਖੂਹੀ ਦੀ ਸਮਾਂ ਮਾਲ੍ਹ ਵੀ ਉਤਰਗੀ।"

-"ਉਹ ਤਾਂ ਗੁਰਦੁਆਰੇ ਵਾਲੇ ਕੰਮ 'ਚ ਰੁੱਝਗੀ ਪੰਚੈਤ, ਪਿੰਡ ਦੀ ਸ਼ਾਨ ਬਣਗੀ"-ਸੱਜਣ ਨੇ ਗੱਲ ਟਾਲ ਦਿੱਤੀ ਸੀ। ਗੱਲ ਵੀ ਇੱਥੇ ਈ ਮੁੱਕ ਗਈ ਸੀ। ਪਰ ਕੁਦਰਤੀ, ਦੇਗ ਵਰਤਾਉਣ ਵਾਲਾ ਆ ਗਿਆ। ਉਹ ਕੋਈ ਵਿਹੜੇ ਆਲਿਆਂ 'ਚੋਂ ਹੋਣੈਂ। ਸੱਜਣ ਨੂੰ ਮੌਕਾ ਰੱਬ ਦਵੇ। ਜੈਲੀ ਵੱਲ ਮੂੰਹ ਕਰਕੇ ਮੁਸਕੜੀਏਂ ਹੱਸ ਪਿਆ ਸੀ।

-"ਨਾਲੇ ਗੁਰਦੁਆਰੇ ਵੀ ਤੇਰੇ ਭਾਈਬੰਦਾਂ ਨੇ ਈ ਸੁੱਖ ਭੋਗਣੈ, ਟੂਟੀਆਂ ਫਲੱਸ਼ਾਂ ਦਾ"-

ਦੱਸਣ ਵਾਲੇ ਦੱਸਦੇ ਨੇ, ਬਈ ਪਹਿਲਾਂ ਤਾਂ ਜੈਲੀ ਚੁੱਪ ਕਰ ਗਿਆ ਸੀ ਪਰ ਫਿਰ ਸੱਜਣ ਨਾਲ ਸਿੱਧੀ ਗੱਲ 'ਤੇ ਉੱਤਰ ਆਇਆ-

-"ਗੱਲ ਤਾਂ ਤਾਇਆ ਤੇਰੀ ਠੀਕ ਐ। ਜੱਟ ਤਾਂ ਹੁਣ ਗੁਰਦੁਆਰੇ ਦੀ ਸੇਵਾ ਨੂੰ ਵੀ ਕੰਮ ਸਮਝਕੇ ਛੱਡਗੇ। ਪਾਠੀ ਤੋਂ ਲੈ ਕੇ ਭਾਂਡਿਆਂ ਦੀ ਸੇਵਾ ਕਰਨ ਤਕ ਦੀਂਹਦੈ ਕੋਈ ਜੱਟਾਂ ਦਾ ਮੁੰਡਾ! ਸਾਰੇ ਰਵਦਾਸੀਏ ਨੇ। ਪ੍ਰਧਾਨ ਚਾਹੇ ਸਾਰੇ ਜੱਟਾਂ ਨੂੰ 'ਕੱਠੇ ਈ ਬਣਾ ਦੇ। ਆਹ ਥਾਲੀਆਂ ਚੱਕਣੇ ਆਲਿਆਂ ਵਿਚੋਂ ਕੋਈ ਕਮੇਟੀ ਮੈਂਬਰ ਵੀ ਨੀ"-

ਸੱਜਣ ਐਨੀ ਕਦ ਕਹਾਉਂਦੈ। ਨਾਲੇ ਹੁਣ ਤਾਂ ਟਾਰਗੈੱਟ ਉਹ ਸੀ। ਰਾਣੇ ਨੂੰ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਬਣਾਉਣ ਨੂੰ ਫਿਰਦੈ। ਥਾਣਿਉਂ ਛੁੱਟ ਕੇ ਆਏ ਜੈਲੀ ਨੂੰ ਮੈਂ ਕਿਹਾ ਵੀ ਸੀ "ਤੈਂ ਮੁੰਡਿਆ ਸੱਜਣ ਮੂਹਰੇ ਕਾਹਨੂੰ ਬੋਲਣਾ ਸੀ।" ਪਰ ਜੈਲੀ ਦੀ ਗੱਲ ਤੋਂ ਮੈਨੂੰ ਸਾਫ ਦਿਸਿਆ ਬਈ ਇਹ ਰੌਲ਼ਾ ਐਵੇਂ ਅਚਾਨਕ ਨਹੀਂ ਸੀ ਹੋਇਆ, ਜੈਲੀ ਪਹਿਲਾਂ ਈ ਤਿਆਰ ਸੀ। ਕਹਿੰਦਾ-

-"ਕਿਸੇ ਨੂੰ ਤਾਂ ਕਿਸੇ ਦਿਨ ਬੋਲਣਾ ਈ ਪੈਣਾ ਤੀ ਬਾਬੇ। ਸੱਚ ਚਾਹੇ ਕੋਈ ਬੋਲਦਾ, ਸਜਾ ਮਿਲਣੀਓਂ ਮਿਲਣੀ ਤੀ। ਹੁਣ ਮੈਂ ਬੋਲਿਐਂ, ਮੈਂ ਭੁਗਤੂੰ।"-ਕਿਹਾ ਤਾਂ ਜੈਲੀ ਨੇ ਹੋਰ ਵੀ ਬੜਾ ਕੁਸ਼, ਪਰ ਮੈਨੂੰ ਸੁਣਿਆ ਨੀ। ਜੈਲੀ ਦੇ ਲਹਿਜੇ 'ਚੋਂ ਮੈਨੂੰ ਉਹਦਾ ਬਾਬਾ ਤਰਲੋਕਾ ਬੋਲਦਾ ਸੁਣਿਆ ਸੀ। ਮੇਰੀ ਸੁਤਾ 'ਚ ਤਾਂ ਸਾਮਰਤੱਖ ਤਰਲੋਕਾ ਆ ਖੜ੍ਹਿਆ ਸੀ-

-"ਬਖਤੌਰ ਸਿਆਂ, ਜੇ ਕੁਸ਼ ਲਿਖਕੇ ਦੇਣ ਨੂੰ ਕਹਿਣ ਤਾਂ ਲਿਖਤੀ ਹਾਮੀ ਨਾ ਭਰਿਓ। ਪੁਲਸ ਮੇਰੇ ਬਾਰੇ ਜਿਹੜੀ ਗੱਲ ਕਹਿੰਦੀ ਐ ਨਾ ਉਹ ਸੱਚੀ ਐ। ਮੈਨੂੰ ਐਕਸ਼ਨ ਦਾ ਪਤਾ ਤੀ"-ਹਵਾਲਾਤ ਦੀਆਂ ਸੀਖਾਂ ਦੇ ਅੰਦਰੋਂ ਹੌਲੀ ਹੌਲੀ ਬੋਲਦੇ ਤਰਲੋਕੇ ਦੇ ਮੂੰਹ ਵੱਲ ਮੈਂ ਵੇਖਦਾ ਰਹਿ ਗਿਆ ਸੀ। ਨਕਸਲਬਾੜੀਆਂ ਵਾਲੇ ਰੌਲ਼ਿਆਂ ਦੇ ਦਿਨਾਂ ਦੀ ਗੱਲ ਐ। ਪੁਲਸ ਵੱਡੇ ਤੜਕੇ ਤਰਲੋਕੇ ਨੂੰ ਦਾਣਾ ਮੰਡੀ 'ਚੋਂ ਚੁੱਕ ਲਿਆਈ ਸੀ। ਪੱਲੇਦਾਰ ਯੂਨੀਅਨ ਦਾ ਬੰਦਾ ਪਿੰਡ ਸੁਨੇਹਾ ਦੇ ਗਿਆ ਸੀ। ਸਾਨੂੰ ਤਾਂ ਥਾਣੇ ਆਕੇ ਪਤਾ ਲੱਗਿਆ ਬਈ ਮਾਜਰੇ ਆਲੇ ਭੰਤੇ ਟਾਊਟ ਨੂੰ ਮਾਰਨ ਵਾਲੇ ਨਕਸਲਬਾੜੀਆਂ ਵਿਚ ਤਰਲੋਕੇ ਦਾ ਨਾਂ ਬੋਲਦਾ ਸੀ। ਮੇਰੇ ਨਾਲ ਆਏ ਪੰਚ ਅਤੇ ਪਿੰਡ ਦੇ ਬੰਦੇ ਹੈਰਾਨ ਸਨ। ਕੋਈ ਮੰਨਣ ਨੂੰ ਤਿਆਰ ਨਹੀਂ ਸੀ। ਮੁਨਸ਼ੀ ਦੇ ਕਮਰੇ 'ਚੋਂ ਉੱਚੀ ਬੋਲਦਾ ਦਿਆਲਾ ਪੰਚ ਤਾਂ ਹਵਾਲਾਤ ਤਕ ਸੁਣਦਾ ਸੀ-"ਨਹੀਂ ਜਨਾਬ ਕੋਈ ਭੁਲੇਖਾ ਲਗਦੈ। ਨਊਂ ਤੇ ਨਊਂ ਹੋਣੈ। ਤਰਲੋਕੇ ਵਰਗਾ ਭਲਾਮਾਣਸ ਬੰਦਾ ਅਹਿਜਿਆ ਕੰਮ ਕਾਹਨੂੰ ਕਰ ਸਕਦੈ। ਨਾ ਜੀ ਸਵਾਲ ਪੈਦਾ ਨੀ ਹੁੰਦਾ। ਮੈਂ ਗੂਠਾ ਲੌਣ ਨੂੰ ਤਿਆਰ ਐਂ।"

ਤੇ ਮੇਰੇ ਸਾਹਮਣੇ, ਹਵਾਲਾਤ ਦੇ ਮੁਸ਼ਕ ਮਾਰਦੇ ਕਮਰੇ ਦੇ ਸਰੀਆਂ ਨੂੰ ਹੱਥ ਪਾਈਂ ਖੜ੍ਹਾ ਤਰਲੋਕਾ ਕਹਿ ਰਿਹਾ ਸੀ, "ਭੰਤਾ ਨਾ ਮਰਦਾ ਤਾਂ ਅਸੀਂ ਪੰਜ ਮਰਦੇ। ਪੁਲਸ ਨੂੰ ਮੇਰੇ 'ਤੇ ਮਾੜਾ ਮੋਟਾ ਈ ਸ਼ੱਕ ਐ, ਪੱਕੀ ਸੂਹ ਕੋਈ ਨੀ। ਤੈਨੂੰ ਕਿਸੇ ਭੁਲੇਖੇ 'ਚ ਰੱਖਣ ਨੂੰ ਮੇਰਾ ਮਨੀ ਰਾਮ ਨੀ ਮੰਨਿਆ।"-ਮੈਨੂੰ ਕੁਸ਼ ਸੁੱਝ ਨਹੀਂ ਸੀ ਰਿਹਾ ਕੀ ਕਹਾਂ। ਮਧਰੇ ਕੱਦ ਦਾ, ਚੌੜੇ ਮੌਢਿਆਂ ਵਾਲਾ ਤਰਲੋਕਾ ਮੇਰੇ ਸਾਹਮਣੇ ਅਜੂਬਾ ਬਣਿਆ ਖੜ੍ਹਾ ਸੀ। ਪਰ ਮੇਰੇ ਚੇਤੇ 'ਚ ਖੜ੍ਹਾ ਸੀ ਤਰਲੋਕੇ ਦਾ ਬਾਪ, ਸਾਡਾ ਸਾਂਝੀ, ਗੇਜਾ ਚਾਚਾ। ਸਰੀਆਂ ਨੂੰ ਪਾਏ ਮੇਰੇ ਹੱਥ ਘੁੱਟੇ ਗਏ ਜਿਵੇਂ ਸੁਹਾਗੇ 'ਤੇ ਲੱਤਾਂ ਚੌੜੀਆਂ ਕਰੀ ਖੜ੍ਹੇ ਗੇਜੇ ਚਾਚੇ ਦੀਆਂ ਪਿੰਜਣੀਆਂ ਨੂੰ ਵਲ਼ੀਆਂ ਮੇਰੀਆਂ ਬਾਹਾਂ ਘੁੱਟੀਆਂ ਜਾਂਦੀਆਂ ਸਨ। ਮੈਂ ਗੇਜੇ ਚਾਚੇ ਦੀਆਂ ਲੱਤਾਂ ਵਿਚਾਲੇ ਸੁਹਾਗੇ 'ਤੇ ਬੈਠਾ ਸਾਂ, ਪੈਰਾਂ ਪਰਨੇ। ਦੋਵੇਂ ਹੱਥ ਘੁੱਟ ਕੇ ਉਹਦੀਆਂ ਲੱਤਾਂ ਨੂੰ ਪਾਏ ਹੋਏ ਸਨ। ਉਸ ਦੀਆਂ ਤਣੀਆਂ ਪਿੰਜਣੀਆਂ ਤੇ ਉਭਰੀਆਂ ਮੋਟੀਆਂ ਮੋਟੀਆਂ ਨਾੜਾਂ ਮੇਰੇ ਹੱਥਾਂ ਨੂੰ ਗੁਦਗੁਦੀਆਂ ਲਗਦੀਆਂ ਸਨ। ਸੱਜੇ ਹੱਥ 'ਚ ਪਰਾਣੀ ਫੜੀ ਤੇ ਖੱਬਾ ਹੱਥ ਹੇਠਲੇ ਬਲਦ ਦੇ ਚੱਡਿਆਂ 'ਤੇ ਟਿਕਾਈ ਚਾਚਾ ਲਲਕਾਰ ਰਿਹਾ ਸੀ, "ਉਏ ਤੇਰੇ ਲੜਜੈ ਭਰਿੰਡ। ਬੰਬੂਕਾਟ ਬਣ ਜਾ ਬੰਬੂ ਕਾਟ।" ਉਹਨੇ ਪਰਾਣੀ ਵਾਲੇ ਹੱਥ ਨਾਲ ਉਪਰਲੇ ਬੌਲਦ ਦੀ ਪੂੰਛ ਮਰੋੜੀ ਸੀ। ਬਲਦ ਰੇਬੀਆ ਛੱਡ ਤਿੱਖੀ ਤੋਰ ਤੁਰ ਪਏ ਸਨ। ਦੂਰ ਖੜ੍ਹੇ ਦਿਸਦੇ ਸਿਆੜ, ਇਕਦਮ ਮੇਰੇ ਵੱਲ ਭੱਜ ਪਏ ਸਨ। ਚਰੜ ਚਰੜ ਭੁਰਦੇ ਡਲੇ, ਮੇਰੇ ਐਨ ਮੂਹਰੇ ਸਿਆੜਾਂ ਵਿਚ ਡਿੱਗ ਰਹੇ ਸਨ ਤੇ ਗੇਜੇ ਚਾਚੇ ਦੇ ਮੋਢਿਆਂ 'ਤੇ ਬੈਠਾ ਤਰਲੋਕਾ ਕਹਿ ਰਿਹਾ ਸੀ, "ਬਾ, ਹੌਲੀ ਹੱਤ, ਬਲਤੌਲਾ ਵੀਲਾ ਡਿਦ ਜੂ।"

-"ਕਿੱਧਰ ਖੋ ਗਿਆ ਸਰਪੰਚਾ! ਸੋਚਦਾ ਹੋਏਂਗਾ ਬਈ ਆੜੀ ਨੇ ਸਰਪੰਚੀ ਸੰਕਟ 'ਚ ਪਾਤੀ"-ਮੈਨੂੰ ਬੇਧਿਆਨਾ ਹੋਇਆ ਦੇਖ ਕੇ ਤਰਲੋਕਾ ਬੋਲਿਆ ਸੀ-"ਤੈਨੂੰ ਇਮਾਨ ਤੋਂ ਨਾ ਡਿਗਣਾ ਪਵੇ, ਤਾਂ ਹੀ ਤਾਂ ਪਹਿਲਾਂ ਦੱਸਿਐ। ਤੂੰ ਜੁੰਮੇਵਾਰੀ ਨਾ ਓਟੀਂ ਬੱਸ।"

-"ਆਹ ਗੱਲ ਨੀ ਸੋਚਦਾ"-ਮੈਂ ਆਲਾ ਦੁਆਲਾ ਵੇਖਦਿਆਂ ਤਰਲੋਕੇ ਨੂੰ ਪੁੱਛਿਆ ਸੀ-

-"ਮੈਂ ਤਾਂ ਇਹ ਸੋਚਦੈਂ ਬਈ ਅੰਗ੍ਰੇਜ਼ਾਂ ਵੇਲੇ ਤਾਂ ਠੀਕ ਸੀ, ਤੇਰੀ ਕਾਮਰੇਡੀ ਸਮਝ ਆਉਂਦੀ ਸੀ ਬਈ ਅੰਗ੍ਰੇਜ਼ ਤੋਂ ਆਜਾਦੀ ਲੈਣੀ ਤੀ। ਪਰ ਹੁਣ ਆਹ ਮਾਰਾ-ਮਾਰੀ ਕਾਹਦੇ ਪਿੱਛੇ ਐ।"



ਮੇਰੀ ਗੱਲ ਸੁਣ ਕੇ ਤਰਲੋਕਾ ਬਿੰਦ ਕੁ ਸੋਚਦਾ ਰਿਹਾ ਸੀ। ਫੇਰ ਅੱਖਾਂ ਸੁੰਗੇੜ ਕੇ ਬੋਲਿਆ ਸੀ-

-"ਐਡੀ ਗੱਲ ਕਰਨ ਦਾ ਮੌਕਾ ਤਾਂ ਹੈ ਨੀ। ਪਰ ਮੋਟੀ ਜੀ ਗੱਲ ਇਹ ਐ, ਅਸੀਂ ਆਜਾਦੀ ਸਾਰਿਆਂ ਖ਼ਾਤਰ ਮੰਗਦੇ ਤੀ। ਪਰ ਜਿਹੜੀ ਆਜਾਦੀ ਮਿਲੀ, ਉਹਦਾ ਲਾਭ ਇਕ ਛੋਟੇ ਜਿਹੇ ਵਰਗ ਨੇ ਆਪਣੇ ਖਾਤੇ ਪਾ ਲਿਆ। ਬਾਕੀਆਂ ਨੂੰ ਮਿਲਿਆ ਠੁਣ ਠੁਣ ਗੋਪਾਲ। ਆਹ ਆਜਾਦੀ ਤੋਂ ਤਾਂ ਇਹਨਾਂ ਦਾ ਬਾਪ ਗਾਂਧੀ ਵੀ ਰਾਜੀ ਨੀ ਤੀ। ਪੰਦਰਾਂ ਸਾਲ ਨਹਿਰੂ ਦੇ ਮੂੰਹ ਕੰਨੀਂ ਦੇਖਦਿਆਂ ਨੂੰ ਲੰਘਗੇ। ਪਰ ਹੋਇਆ ਕੀ ?"-ਤਰਲੋਕਾ ਗੱਲ ਕਰਦਾ ਕਰਦਾ ਰੁਕ ਗਿਆ। ਫੇਰ ਮੇਰੇ ਵੱਲ ਸਿੱਧਾ ਝਾਕਿਆ-

-"ਹੁਣ ਤੂੰ ਆਪਣੇ ਕੰਨੀਓਂ ਦੇਖਲੈ, ਜਮੀਨ ਪੰਦਰਾਂ ਕਿੱਲਿਆਂ ਤੋਂ ਪੱਚੀ ਹੋਗੀ। ਨਵੇਂ ਤੋਂ ਨਵਾਂ ਸੰਦ ਤੇਰੇ ਘਰ ਆ ਗਿਆ। ਸਧਾਰਣ ਫੌਜੀ ਤੋਂ ਤੂੰ ਸਰਪੰਚ ਬਣ ਗਿਆ। ਤੇਰੀ ਆਜਾਦੀ ਤਾਂ ਆਪੇ ਆ ਗੀ ਨਾ।"-ਤਰਲੋਕਾ ਮਿੰਨ੍ਹਾ ਜਿਹਾ ਹੱਸਿਆ, ਫੇਰ ਬੋਲਿਆ-"ਫੇਰ ਦੇਖਲੈ ਮੇਰੇ ਕੰਨੀਂ। ਛਿਆਲੀ 'ਚ ਜੇਲ੍ਹ ਗਿਆ ਤੀ। ਉਣੰਜਾ 'ਚ ਬਾਹਰ ਆਇਆ। ਆਜਾਦੀ ਤੋਂ ਦੋ ਸਾਲ ਬਾਅਦ। ਬਾਹਰ ਆਕੇ ਹੁਣ ਤਕ ਉਹੀ ਕੱਚਾ ਕੋਠਾ, ਉਹੀ ਰੋੜੀ ਆਲੇ ਦੇ ਢਾਬ ਦੀ ਮਿੱਟੀ, ਉਹ ਗੋਲੋ ਲਿਪਣੇ ਆਲੀ। ਉਹ ਜੀਹਨੂੰ ਨਵਾਂ ਭਾਰਤ ਕਹਿੰਦੇ ਤੀ, ਕਿਤੇ ਹੋਰੇ ਉਸਰ ਗਿਆ। ਪਾਰਟੀ ਨੇ ਪੱਲੇਦਾਰਾਂ 'ਚ ਕੰਮ ਕਰਨ ਭੇਜਤਾ, ਨਵੇਂ ਸਿਰਿਓਂ। ਕ੍ਰਿਪਾਲ ਸਿਉਂ, ਗੰਡਾ ਸਿਉਂ ਦੀ ਥੌਂ, ਟਾਊਟ ਭੰਤੇ ਉਣੀ ਬਣਗੇ। ਮੇਰੇ ਲਈ ਪਸ਼ਾਬ ਆਲਾ ਘੜਾ ਅਜੇ ਵੀ ਉਸੇ ਖੂੰਜੇ ਪਿਐ। ਆਹ ਕੋਠੜੀ ਜਰੂਰ ਪੱਕੀ ਹੋ ਗੀ"-ਤਰਲੋਕੇ ਨੇ ਹਵਾਲਾਤ ਦੀ ਕੰਧ ਠਕੋਰਦਿਆਂ ਡੂੰਘਾ ਸਾਹ ਭਰਿਆ ਸੀ ਤੇ ਫਿਰ ਮੇਰੇ ਵੱਲੋਂ ਨਿਗ੍ਹਾ ਹਟਾ ਕੇ ਹੌਲੀ ਜਿਹੀ ਬੋਲਿਆ ਸੀ,"ਮੈਨੂੰ ਤਾਂ ਤੇਰੀ ਆਜਾਦੀ 'ਚੋਂ ਆਹੀ ਹਿੱਸਾ ਮਿਲਿਆ ਬਖਤੌਰ ਸਿਆਂ"-

ਮੈਂ ਨਿਰੁੱਤਰ ਜਿਹਾ ਹੋ ਕੇ ਮੁਨਸ਼ੀ ਆਲੇ ਕਮਰੇ 'ਚ ਮੁੜ ਆਇਆ ਸੀ। ਮੈਨੂੰ ਤਰਲੋਕੇ ਦੀ ਗੱਲ ਸੱਚੀ ਸੱਚੀ ਲੱਗੀ ਸੀ।

ਦਿਆਲੇ ਉਣਾਂ ਨੇ ਥਾਣੇਦਾਰ ਮਨਾ ਲਿਆ ਸੀ ਕਿ ਤਰਲੋਕਾ 'ਅਹਿਜਿਆ' ਨਹੀਂ ਸੀ ਹੋ ਸਕਦਾ। ਪੰਚਾਇਤ ਨੇ ਲਿਖਤੀ ਜੁੰਮੇਵਾਰੀ ਲੈ ਲਈ ਸੀ। ਦਸਖ਼ਤ ਕਰਨ ਲਈ ਰਜਿਸਟਰ ਮੁਨਸ਼ੀ ਨੇ ਮੇਰੇ ਮੂਹਰੇ ਕੀਤਾ ਤਾਂ ਮੇਰੇ ਸਾਹਮਣੇ ਉਨੀ ਸੌ ਪੈਂਤੀ ਦਾ ਦ੍ਰਿਸ਼ ਉਭਰ ਆਇਆ। ਏਥੇ ਕੁ ਹੀ ਮੁਨਸ਼ੀ ਦੀ ਕੱਚੀ ਕੋਠੜੀ 'ਚ ਮੈਂ ਮਾਫੀਨਾਮੇ 'ਤੇ ਦਸਖ਼ਤ ਕੀਤੇ ਸਨ। ਹੁਣ ਦਸਖ਼ਤ ਕੀਤੇ ਤਾਂ ਲੱਗਿਆ ਜਿਵੇਂ ਮਾਫੀਨਾਮਾ ਪਾੜਿਆ ਹੋਵੇ।

ਸਾਡੇ ਨਾਲ ਤੁਰੇ ਆਉਂਦੇ ਥਾਣੇਦਾਰ ਨੇ ਪੈਂਟ ਢਿੱਡ 'ਤੇ ਨੂੰ ਖਿੱਚ ਕੇ ਸਾਰਿਆਂ ਨੂੰ ਸੁਣਾ ਕੇ ਕਿਹਾ ਸੀ-"ਥੋਡੇ ਮੂੰਹ ਨੂੰ ਛੱਡਤਾ, ਨਹੀਂ ਕਸਰ ਤਾਂ ਥੋਡੇ ਬੰਦੇ 'ਚ ਹੈਗੀ ਐ"-

...ਤੇ ਥਾਣਿਓਂ ਆਇਆ ਜੈਲੀ ਕਹਿ ਰਿਹਾ ਸੀ-

-"ਪਿੰਡ ਤਾਂ ਤੇਰੇ ਕਰਕੇ ਝੇਪ ਖਾ ਜਾਂਦੈ ਬਾਬੇ। ਨਹੀਂ ਤੂੰ ਕਿਹੜਾ ਰਾਣੇ ਹੋਰਾਂ ਨੂੰ ਭੁੱਲਿਐ ਹੋਇਐਂ। ਜਿਹੜੀ ਗੱਲ ਮੈਨੂੰ ਤਾਏ ਨੇ ਉਦਣ ਗੁਰਦੁਆਰੇ 'ਚ ਕਹੀ ਤੀ, ਰਾਣਾ ਗੱਲ ਗੱਲ 'ਚ ਕਹਿੰਦਾ ਆਇਐ। ਬਾਕੀ ਝੂਠ ਸੱਚ ਤੂੰ ਪਰਖ ਲੈ..."

ਪਰ ਸੱਚ ਸੱਜਣ ਦੇ ਵੀ ਨਾ ਪਚਿਆ। ਬਹੁਤੇ ਜੱਟਾਂ ਦੇ ਨੀ ਪਚਿਆ ਹੋਣਾਂ। ਜੈਲੀ ਨੇ ਜਾਣੀ ਪਿੰਡ ਦਾ ਮੇਜਰ ਹਥਿਆਰ ਨਾਕਾਮ ਕਰ ਦਿੱਤਾ ਸੀ। ਗੁਰਦੁਆਰੇ ਵਿਚ ਵੀ, ਆਖਰ ਸੱਜਣ ਨੇ ਇਹੀ ਹਥਿਆਰ ਵਰਤਿਆ ਸੀ। ਚੋਣ ਦਾ ਮੁੱਦਾ ਛੱਡ ਸਿੱਧਾ ਜੈਲੀ 'ਤੇ ਆ ਗਿਆ ਸੀ-

-"ਤੂੰ ਕੀਹਦਾ ਮੁੰਡੈਂ ਓਏ ?"

-"ਭਜੋ ਦਾ"-ਜੈਲੀ ਸਮਝ ਗਿਆ ਹੋਣੈਂ ਬਈ ਸੱਜਣ ਹੁਣ ਕੀ ਕਹੂ।

-"ਬਾਪ ਦਾ ਨਾਉਂ ਦੱਸ ਆਪਣੇ ਦਾ"-ਸੱਜਣ ਸ਼ਬਦ ਚੱਬ ਕੇ ਬੋਲਿਆ ਹੋਊ। ਸਾਰਾ ਪਿੰਡ

ਜਾਣਦੈ ਬਈ ਜੈਲੀ ਆਪਣੇ ਬਾਪ ਮਾਈ ਦਿੱਤੇ ਦੇ ਮਰਨ ਤੋਂ ਦਸ ਮਹੀਨੇ ਬਾਅਦ ਜੰਮਿਆ ਸੀ। ਸਾਰਾ ਪਿੰਡ ਜੈਲੀ ਨੂੰ ਇਥੋਂ ਈ ਭਜਾਉਂਦਾ ਸੀ। ਪਰ ਉਸ ਦਿਨ ਖਬਰੈ ਉਹ ਮਥ ਕੇ ਆਇਆ ਹੋਣੈ। ਮਾਹੀਏ ਨੇ ਤਾਂ ਮੈਨੂੰ ਪੂਰੀ ਸਾਂਗ ਲਾ ਕੇ ਦੱਸਿਆ ਸੀ। ਅਖੇ ਕਹਿੰਦੈ-

-"ਬਾਪ ਤਾਂ ਖਬਰੈ ਕੋਈ ਜੱਟ ਹੋਣੈ ਕੀ ਪਤੈ..." ਗੱਲ ਪੂਰੀ ਕੀਤੇ ਬਿਨਾਂ ਈ ਜੈਲੀ ਤੁਰ ਪਿਆ ਸੀ।

-"ਹੈ ਪਟਮੇਲੀ ਆਈ ਮੁੰਡੀਹਰ ਨੂੰ, ਬੜੇ ਛੋਟੇ ਦੀ ਕੋਈ ਲੱਜ ਲਿਹਾਜੇ ਨੀ। ਬਈ ਸਹੁਰਿਆਂ, ਸੱਜਣ ਸਿਓਂ ਤੇਰੇ ਬਾਪ ਵਰਗੈ, ਕੋਈ ਸ਼ਰਮ ਕਰ, ਪਰ ਕਾਹਨੂੰ..." ਮਾਹੀਆ ਕਿੰਨਾ ਚਿਰ ਹੱਥ ਜੇ ਮਾਰਦਾ ਰਿਹਾ ਸੀਂ।

-"ਓ ਭਾਈ ਬਾਪ ਵਰਗੈ ਤਾਂ ਬਾਪ ਵਰਗੀ ਗੱਲ ਕਰਦਾ। ਮਾਂ ਦਾ ਮਿਹਣਾ ਜੁਆਕ ਨੂੰ ਦੇਣੈ! ਸੱਜਣ ਨੇ ਵੀ ਸਿਆਣਪ ਨੀ ਵਰਤੀ।"-ਜਿਹੜੀ ਗੱਲ ਮੈਂ ਸੱਜਣ ਨੂੰ ਕਹਿਣੀ ਚਾਹੁੰਦਾ ਸੀ, ਮਾਹੀਏ ਨੂੰ ਕਹਿਕੇ ਸਾਰ ਲਿਆ। ਪਰ ਮਾਹੀਆਂ ਤਾਂ ਅੰਦਰੋਂ ਬਾਹਰੋਂ ਸੱਜਣ ਦਾ ਹਿਮਾਇਤੀ ਬਣਿਆ ਖੜ੍ਹਾ ਸੀ। ਚਾਹ ਦੇਣ ਆਈ ਰਾਣੇ ਦੀ ਬਹੂ ਨੂੰ ਸੁਣਾ ਕੇ ਬੋਲਿਆ ਸੀ-

-"ਫੇਰ ਹੁੰਦੀ ਵੀ ਦੇਖੀਂ ਕਿਹੜੀ ਐ। ਜੈ ਹਿੰਦੀਆਂ ਨਾਲ ਪੰਗਾ ਲਿਐ, ਮਹਿੰਗਾ ਪਊ"-

-"ਕਿਉਂ ਜੋ ਹਿੰਦੀਏ ਅੰਗਰੇਜ ਨੇ, ਬਈ ਉਹਨਾਂ ਦੇ ਰਾਜ 'ਚ ਸੂਰਜ ਨੀ ਛਿਪਦਾ। ਸੱਚ ਕਿਹਾ, ਸੱਚ ਸੁਣ ਲਿਆ, ਹੁਣ ਸਮਾਈ ਕਰਨੀ ਚਾਹੀਦੀ ਐ"-ਮੈਂ ਰੱਬ ਲਗਦੀ ਗੱਲ ਕੀਤੀ।

ਪਰ ਸੱਜਣ ਨੂੰ ਸਮਾਈ ਕਿੱਥੇ! ਸੰਗਰਾਂਦ ਤੋਂ ਵੀਹ ਕੁ ਦਿਨ ਬਾਅਦ ਸਕੂਲ ਦੀ ਮੋਟਰ ਚੋਰੀ ਹੋਗੀ। ਸੱਜਣ ਨੇ ਕਿਸੇ ਤੋਂ ਕਹਾਤਾ ਬਈ ਜੈਲੀ ਫਿਰਦਾ ਵੇਖਿਐ। ਥਾਣੇ ਵਾਲਿਆਂ ਨੇ ਜੈਲੀ ਨੂੰ ਇਲੈਕਸ਼ਨ ਤਕ ਉਲਝਾ ਰੱਖਿਆ। ਹਰ ਦੂਏ ਦਿਨ ਸੱਦਕੇ ਥਾਣੇ ਬਠਾ ਰੱਖਣਾ। ਭਜੋ, ਵੱਡੇ ਦਰਵਾਜੇ ਵਾਲਿਆਂ ਦੀ ਸਾਰੀ ਮਦਦ ਬਾਅਦ ਵੀ ਹਾਰਗੀ।

ਊਂ ਮੈਂ ਉੱਡਦੀ ਉੱਡਦੀ ਜੀ ਇਕ ਗੱਲ ਹੋਰ ਵੀ ਸੁਣੀ ਐ। ਕਹਿੰਦੇ ਸੰਗਰਾਂਦ ਆਲੇ ਰੌਲ਼ੇ ਤੋਂ ਬਾਅਦ ਵੀ, ਸੱਜਣ, ਜੈਲੀ ਦੇ ਘਰ ਗਿਆ ਸੀ ਸਮਝਾਉਣ-"ਤੂੰ ਮੁੰਡਿਆ ਕਾਹਨੂੰ ਸਰਪੰਚੀ 'ਚ ਪੰਗਾ ਲੈਨੈਂ। ਪੜ੍ਹਿਆ ਲਿਖਿਆ। ਸਿਆਸਤ ਤਾਂ ਗੰਦਾ ਖੇਲ੍ਹ ਐ, ਛੱਡ ਪਰੇ..." ਸੱਜਣ ਨੇ ਸਿਆਣਾ ਜਿਹਾ ਬਣਕੇ ਕਿਹਾ ਹੋਣੈਂ।-"ਜੇ ਐਡੀਓ ਗੱਲ ਐ ਤਾਇਆ, ਤਾਂ ਤੁਸੀਂ ਕਾਹਨੂੰ ਗੰਦ 'ਚ ਲਿਬੜੇ ਓ! ਛੱਡੋ ਪਰੇ। ਨਾਲੇ ਆਪਣੇ ਰਾਣੇ ਨੂੰ ਪਰੇ ਰੱਖ"-ਜੈਲੀ ਨੇ ਆਪਣੇ ਵੱਲੋਂ ਦੋ-ਟੁੱਕ ਗੱਲ ਨਬੇੜ ਦਿੱਤੀ ਸੀ। ਪਰ ਤਰਲੋਕੇ ਨੇ ਗੱਲ ਅੱਗੇ ਤੋਰ ਲਈ ਸੀ-

-"ਨਾਲੇ ਰਾਜਨੀਤੀ ਨੂੰ ਗੰਦਾ ਖੇਲ੍ਹ ਕਹਿਕੇ ਤਾਂ ਨੀ ਸਰਨਾ ਸੱਜਣ ਸਿਆਂ। ਮਾੜਿਆਂ ਦਾ ਭਲਾ ਕਰਨ ਆਲੀ ਸੱਤਾ ਤਾਂ ਰਾਜਨੀਤੀ ਚੋਂ ਈ ਆਉਣੀ ਐ ਨਾ?"-

-"ਫੇਰ ਐਂ ਕਰਦੇ ਐਂ"-ਉਠਣ ਲਈ ਮੰਜੇ ਦੀ ਬਾਹੀ ਨੂੰ ਹੱਥ ਪਾਈ ਬੈਠੇ ਸੱਜਣ ਨੇ ਪੈਂਤੜਾ ਬਦਲਿਆ ਸੀ-"ਜੈਲੀ ਨੂੰ ਪਾਰਟੀ ਜੁਆਇਨ ਕਰਵਾ ਦਿੰਨੇ ਐਂ। ਦਲਿਤ ਮੁਹਾਜ ਦੀ ਵਾਗਡੋਰ ਸਾਂਭਣ ਵਾਲੇ ਤਾਂ ਚਾਹੀਦੇ ਐ ਸਮਾ"-

ਜੈਲੀ ਕੁਸ਼ ਕਹਿਣ ਲੱਗਿਆ, ਤਰਲੋਕੇ ਨੇ ਰੋਕ ਦਿੱਤਾ। ਔਖਾ-ਸੌਖਾ ਆਪ ਉੱਠ ਕੇ ਬੈਠਿਆ। ਸਾਹ ਟਿਕੇ ਤੋਂ ਬੋਲਿਆ-"ਸੱਜਣ ਸਿਆਂ ਅਖੇ ਡੁੱਬੀ ਤਾਂ ਤਾਂ ਜੇ ਸਾਹ ਨਾ ਆਇਆ। ਜੁਐਨ ਕਰਨ ਲਈ ਕੋਈ ਲੋਕ-ਪੱਖੀ ਪਾਰਟੀ ਭਾਲਿਆਂ ਨੀ ਥਿਆਉਂਦੀ। ਤੂੰ ਜਿਹੜੇ ਦਲਿਤ ਮੁਹਾਜ ਦੀ ਗੱਲ ਕਰਦੈਂ ਨਾ, ਉਹ ਤਾਂ ਖੁਲ੍ਹਿਆ ਈ ਨੀ ਕਿਤੇ ਅਜੇ। ਰਾਜਨੀਤੀ 'ਚ ਆਈਆਂ ਦਲਿਤ ਪਾਰਟੀਆਂ ਨੂੰ ਮੌਜੂਦਾ ਸਥਿਤੀ ਓ ਰਾਸ ਆਉਂਦੀ ਐ। ਬੰਦ-ਖਲਾਸੀ ਦਾ ਅਸਲ ਪ੍ਰੋਗਰਾਮ ਉਹਨਾਂ ਕੋਲ ਵੀ ਕੋਈ ਨੀ। ਸਭ ਨੂਣ ਦੀ ਖਾਣ 'ਚ ਨੂਣ ਹੋਗੇ।"-

-"ਬਾਬੇ ਨੂੰ ਤਾਂ ਸਰਪੰਚੀ ਦੀ ਚੋਣ ਵੀ ਬੁਰਜੂਆ ਢਕਵੰਜ ਲਗਦੀ ਐ ਤਾਇਆ। ਬੱਸ



ਤੂੰ ਇਹ ਸਮਝ ਲੈ ਬਈ ਆਪਣੀ ਟੱਕਰ ਹੋਣੀਓ ਹੋਣੀ ਐਂ"-ਜੈਲੀ ਤਰਲੋਕੇ ਦੀ ਗੱਲ ਟੋਕ ਕੇ ਬੋਲਿਆ ਸੀ-

-"ਟੱਕਰ ਕਾਹਦੀ ਹੋਣੀ ਐਂ..." ਖੜ੍ਹਾ ਹੁੰਦਾ ਸੱਜਣ ਜੈਲੀ ਨੂੰ ਸਿੱਧਾ ਹੋਇਆ ਸੀ-"ਤੁਸੀਂ ਫਾਂਟਾਂ ਭਨਾਉਣੀਐਂ। ਪਹਿਲਾਂ ਬਾਬਾ ਭਨਾਈ ਗਿਐ ਹੁਣ ਪੋਤਾ"-

-"ਨਹੀਂ ਭਨਾਉਂਦੇ ਫਾਂਟਾਂ ਸੱਜਣ ਸਿਆਂ।"-ਖੜ੍ਹੇ ਹੋਏ ਜੈਲੀ ਨੂੰ ਰੋਕ ਕੇ ਤਰਲੋਕਾ ਬੋਲਿਆ ਸੀ-

-"ਬੰਦਿਆਂ ਮਾਂਗੂੰ ਬਰਾਬਰ ਜਿਉਣ ਦਾ ਹੱਕੇ ਮੰਗਦੇ ਐ ਨਾ! ਕੋਈ ਫਾਂਟਾਂ ਭੰਨੇ ਬਿਨਾਂ ਦਵੇ ਵੀ।"-ਤਰਲੋਕੇ ਨੂੰ ਸਾਹ ਚੜ੍ਹ ਗਿਆ ਸੀ ਪਰ ਉਹਨੇ ਸੱਜਣ ਦੀ ਫੜੀ ਹੋਈ ਬਾਂਹ ਨਹੀਂ ਸੀ ਛੱਡੀ। ਸਾਹ ਟਿਕੇ ਤੋਂ ਫਿਰ ਬੋਲਿਆ ਸੀ-"ਹੁਣ ਆਹ ਸਰਪੰਚੀ ਦੀ ਚੋਣੇ ਲੈ ਲੈ। ਸਾਡੇ ਮੰਨਣ ਨਾ ਮੰਨਣ ਦੀ ਤਾਂ ਗੱਲ ਇਕ ਪਾਸੇ ਛੱਡ, ਇਹ ਤਾਂ ਤੇਰੇ ਜਮਹੂਰੀ ਪ੍ਰਬੰਧ ਅਨੁਸਾਰ ਈ ਐ ਨਾ? ਤੂੰ ਦਿਲ 'ਤੇ ਹੱਥ ਰੱਖ ਕੇ ਕਹਿ ਬਈ ਵਿਹੜੇ ਆਲਿਆਂ ਨੂੰ ਉਮੀਦਵਾਰ ਚੁਨਣ ਦੀ ਮਰਜੀ ਦੇਣ ਨੂੰ ਤਿਆਰ ਐਂ। ਜਿੱਤ ਹਾਰ ਦੀ ਤਾਂ ਗੱਲੇ ਬਾਅਦ ਦੀ ਐ। ਹੁਣ ਆਪਣੀ ਮਰਜੀ ਦਾ ਉਮੀਦਵਾਰ ਖੜ੍ਹਾ ਕਰਾਂਗੇ ਤਾਂ ਤੈਥੋਂ ਫਾਂਟਾਂ ਭਨਾਵਾਂਗੇ। ਤੇਰੀ ਰਾਜਨੀਤੀ ਤਾਂ ਇਹੀ ਐ ਨਾ?"

"...ਰਾਜਨੀਤੀ ਐ ਟੱਟੂਆਂ ਦੀ। ਸਾਰਾ ਕੁਸ਼ ਆਪਣੇ ਢਿੱਡ 'ਚ ਪਾਉਣ ਦੀ ਚਾਲ ਐ"-ਮੇਰੇ ਮੂੰਹੋਂ ਸੁਭਾਵਕ ਉੱਚੀ ਆਵਾਜ਼ ਵਿਚ ਨਿਕਲਿਆ ਹੈ।-ਹੰਝੂ ਪੂੰਝਦੇ ਹੋਏ ਮੈਂ ਇਕ ਵਾਰ ਨੇਤਾ ਜੀ ਦੀ ਫੋਟੋ ਵੱਲ ਫੇਰ ਵੇਖਿਆ ਹੈ। "ਜੇ ਜਨਰਲ ਸਾਹਿਬ ਸਿਰਫ 54 ਫੌਜੀਆਂ ਨਾਲ ਸ਼ੁਰੂ ਕਰਕੇ ਐਡੀ ਵੱਡੀ ਆਜ਼ਾਦ ਹਿੰਦ ਫੌਜ ਖੜ੍ਹੀ ਕਰ ਸਕਦੈ ਤਾਂ ਜੈਲੀ ਵਰਗੇ ਵੀ ਨਿਤਰਨਗੇ। ਫੌਜ ਦੀ ਫੇਰ ਲੋੜ ਐ।"-ਮੇਰੇ ਅੰਦਰ ਆਸ ਦੀ ਇਕ ਕਿਰਨ ਜਾਗੀ ਐ। ਮੈਨੂੰ ਲਗਦੈ ਜੈਲੀ ਉਣੀ ਅੱਜ ਫੰਕਸ਼ਨ ਵਿਚ ਪੂਰਾ ਵਿਰੋਧ ਕਰਨਗੇ ਤੇ ਰਾਣੇ ਖਿਲਾਫ ਸੱਚੀ ਮੁੱਚੀਂ ਦਾ ਪਰਚਾ ਦਰਜ ਹੋਕੇ ਕੇਸ ਚੱਲੂ। ਪਰ ਮੇਰੇ ਅੰਦਰਲਾ ਜਿਵੇਂ ਮੈਨੂੰ ਅਸਲੀ ਗੱਲ ਸਮਝਾਉਣੀ ਚਾਹੁੰਦਾ ਹੈ।

-"ਦੇਖ ਲੈ ਬਖਤਾਵਰ ਸਿਆਂ, ਹੁਣ ਆਪ ਪਿੱਛੇ ਹਟਦੈਂ। ਬਿਗਾਨਿਆਂ ਨੂੰ ਬਲਦੀ ਦੇ ਬੁੱਥੇ ਦਿੰਨੈਂ। ਜੇ ਜੈਲੀ ਘਰਾਓ ਕਰਨ ਜੋਗਾ ਹੁੰਦਾ, ਸਰਪੰਚੀ ਕਾਹਨੂੰ ਹਾਰਦਾ। ਸੱਜਣ ਨੇ ਸਭ ਪ੍ਰਬੰਧ ਕੀਤਾ ਹੋਊ"-

-ਮੇਰਾ ਜੀਅ ਕਰਦੈ, ਗੋਲਡੀ ਨੂੰ ਕਹਾਂ, ਜਾ ਕੇ ਦੇਖ ਕੇ ਆਵੇ ਬਈ ਜੈਲੀ ਦੀ ਯੂਨਿਟ ਕੀ ਕਰਦੀ ਐ। ਐਂ ਪਿੰਡ ਜਮਾਂ ਤਾਂ ਨੀ ਮਰਿਆ ਹੋਇਆ।

"ਮਰਿਆ ਤਾਂ ਤੂੰ ਹੋਇਐਂ ਬਖਤਾਵਰ ਸਿਆਂ, ਜੀਹਦੇ ਪਿੰਡ 'ਚ ਹੁੰਦੇ ਸੁੰਦੇ ਮੁੰਡੇ ਐਡਾ ਕਾਰਾ ਕਰਗੇ"-ਮੈਂ ਆਪਣੇ ਆਪ ਨੂੰ ਕਿਹਾ ਹੈ। ਕੁਸ਼ ਥਾਣੇ ਆਲੇ ਧੋਖਾ ਕਰਗੇ। ਕਹਿੰਦੇ ਇਨਸਾਫ ਕਰਾਂਗੇ। ਸਾਲੇ ਇਨਸਾਫ ਦੇ ਹੋਏ ਨੇ। ਛਾਪੇ ਤੋਂ ਪਹਿਲਾਂ ਘਰ ਫੋਨ ਕਰਕੇ ਕਿਹਾ ਬਈ ਰਾਣਾ ਪਰੇ ਹੋ ਜਾਵੇ, ਛੇ ਕੁ ਵਜੇ ਆਵਾਂਗੇ। ਖੜਦੁਮ ਸਾਲਿਆਂ ਨੇ ਐਂ ਪਾਇਆ ਜਿਵੇਂ ਹਮਲਾ ਕੀਤਾ ਹੁੰਦੈ। ਤਲਾਸ਼ੀ ਲੈਂਦੇ ਫਿਰਨ। ਮੈਨੂੰ ਹਾਸਾ ਵੀ ਆਵੇ, ਗੁੱਸਾ ਵੀ। ਦੋ ਪੱਤਰਕਾਰ ਨਾਲ। ਹੋਇਆ ਕੀ! ਦੂਏ ਦਿਨ ਖਬਰ ਤਾਂ ਕੋਈ ਲੱਗੀ ਨੀ, ਸਰਪੰਚ ਵੱਲੋਂ ਖੰਡਨ ਛਪ ਗਿਆ। ਘਟਨਾ...

ਬਾਹਰ ਸ਼ਾਇਦ ਗੇਟ ਖੜਕਿਆ ਹੈ।

ਮੈਂ ਆਪਣੇ ਅੰਦਰ ਇਕ ਹੌਲ ਜਿਹਾ ਪੈਂਦਾ ਮਹਿਸੂਸ ਕਰਦਾ ਹਾਂ। 'ਜੇ ਕਿਤੇ ਰਾਣਾ ਘਰ ਆ ਜਾਵੇ ਹੁਣੇ, ਆਪਣੇ ਆਪ ਨੂੰ ਕਹਿੰਦਾ ਹਾਂ। ਇਕ ਦਮ ਹੀ ਮੇਰੀ ਨਿਗ੍ਹਾ ਅਲਮਾਰੀ ਵੱਲ ਚਲੀ ਗਈ ਹੈ। ਬਾਹਰ ਨਿਕਲਿਆ ਹਾਂ ਦੇਖਣ ਲਈ।

ਪਰ ਬਾਹਰ ਗੁਰਦੁਆਰੇ ਵਾਲਾ ਭਾਈ ਜੀ 'ਗਜਾ' ਲੈਣ ਆਇਆ ਹੈ। ਮੈਨੂੰ ਵੇਖਕੇ ਪਹਿਲਾਂ ਆਮ ਵਾਂਗ ਮੁਸਕਰਾਇਆ ਹੈ ਤੇ ਫੇਰ ਫਤਹਿ ਗਜਾਈ ਹੈ। ਗੋਲਡੀ ਦੇ ਕਮਰੇ ਵੱਲ ਜਾਂਦਾ

ਰੁਕ ਗਿਆ ਹਾਂ। ਸਭ ਕਾਸੇ ਦਾ ਆਮ ਵਾਂਗ ਸਹਿਸੁਭਾ ਹੋਣਾ ਚੁਭਦਾ ਹੈ। ਸਾਰੇ ਆਪੋ ਆਪਣੇ ਕੰਮੀਂ ਲੱਗੇ ਹੋਏ ਹਨ। ਐਡਾ ਵੱਡਾ ਕਹਿਰ ਵਰਤਿਆ ਹੋਵੇ, ਕਿਸੇ ਦੇ ਚਿੱਤ ਚੇਤੇ ਵੀ ਨਹੀਂ। ਮੇਰੇ ਅੰਦਰਲੀ ਬੇ-ਚੈਨੀ ਹੋਰ ਵਧ ਗਈ ਹੈ। 'ਲਾ ਵਾਢਿਓਂ ਫਾਲਨ ਕਰਨ ਵਾਲੇ ਨੇ ਸਾਰੇ।' ਗੋਲਡੀ ਵਾਲੇ ਕਮਰੇ ਦੀ ਦਿਹਲੀ 'ਚ ਅੜ੍ਹਕ ਕੇ ਅੰਦਰ ਲੰਘ ਗਿਆ ਹਾਂ। ਕਮਰੇ ਵਿਚ ਗੀਤ ਗੂੰਜ ਰਿਹਾ ਹੈ- "ਕਿਹੜਾ ਜੰਮ ਪਿਆ ਸੂਰਮਾ ਜਿਹੜਾ ਜੱਟ ਦੀ ਚੜ੍ਹਤ ਨੂੰ ਰੋਕੇ।" ਮਨ ਵਿਚ ਆਉਂਦੀ ਹੈ ਕਹਾਂ, 'ਸੂਰਮੇ ਹੁਣ ਕਿੱਥੇ ਰਹਿਗੇ ਗੋਲਡੀ ?' ਪਰ ਕੰਪਿਊਟਰ 'ਤੇ ਆਪਣੀ ਬਦਲੀ ਹੋਈ ਫੋਟੋ ਮੇਰਾ ਧਿਆਨ ਖਿੱਚ ਲੈਂਦੀ ਹੈ। ਬਖਤਾਵਰ ਸਿਉਂ ਜੈਂਟਲਮੈਨ ਬਣਿਆ ਬੈਠਾ ਹੈ, ਜਚਿਆ-

"ਭੇਜਤੀ ?" ਗੋਲਡੀ ਨੂੰ ਪੁੱਛਦਾ ਹਾਂ।

-"ਕਾਹਨੂੰ, ਤੇਰੀ ਮੁੱਠੀਓ ਨੀ ਖੁਲ੍ਹਦੀ, ਹਰ ਵਾਰੀ ਐਰਰ ਆ ਜਾਂਦੈ"—ਗੋਲਡੀ ਨੇ ਫਿਰ ਕਰਸਰ ਘੁਮਾਇਆ ਹੈ। ਰਾਣੇ ਦੇ ਵਿਆਹ ਵਾਲੀ ਸੀਡੀ ਵਿਚੋਂ ਕੋਈ ਫੋਟੋ ਲਈ ਹੈ ਗੋਲਡੀ ਨੇ। ਮੇਰੇ ਖੱਬੇ ਹੱਥ ਦੀ ਮੀਚੀ ਹੋਈ ਮੁੱਠੀ, ਉਸ ਦੇ ਬਣਾਏ ਹੋਏ ਪੋਜ਼ ਨਾਲ ਮੈਚ ਨਹੀਂ ਕਰ ਰਹੀ।

ਗੋਲਡੀ ਦੇ ਵਾਰ-ਵਾਰ ਕੋਸ਼ਿਸ਼ ਕਰਨ 'ਤੇ ਵੀ ਮੁੱਠੀ ਦਾ ਨਾ ਖੁਲ੍ਹਣਾ ਚੰਗਾ ਲਗਦਾ ਹੈ। 'ਕੀ ਬੋਰਡ' ਅਤੇ 'ਮਾਊਸ' 'ਤੇ ਤੇਜ਼ੀ ਨਾਲ ਚਲਦੇ ਗੋਲਡੀ ਦੇ ਹੱਥ ਰੁਕ ਗਏ ਹਨ।...ਉਹ ਰੀਟਰੀਟ ਕਰ ਗਿਆ ਹੈ। ਮੱਥੇ 'ਤੇ ਹੱਥ ਰੱਖੀ, ਇਕ ਟੱਕ ਕੰਪਿਊਟਰ ਵੱਲ ਵੇਖ ਰਿਹਾ ਹੈ-

-"ਬੱਸ ਆਹੀ ਕਾਰਤੂਸ ਸੀ ਜਿਹੜੇ ਫੈਰ ਕਰਲੇ ?"-ਬੰਦ ਮੁੱਠੀ ਮੈਨੂੰ ਤਸੱਲੀ ਦੇ ਰਹੀ ਹੈ।

-"ਸਿਸਟਮ 'ਚ ਫਾਲਟ ਐ ਕੋਈ"-ਗੋਲਡੀ ਬੁਲ੍ਹ ਟੇਰਦਾ ਹੈ।

-"ਫਾਲਟ-ਫੂਲਟ ਕਿਤੇ ਨੀ ਜੁਆਨ, ਸਾਡੀ ਮੁੱਠੀ ਤਾਂ ਅੰਗ੍ਰੇਜ ਤੋਂ ਨੀ ਖੁਲ੍ਹੀ।" ਮੈਨੂੰ ਲਗਦੈ ਮੈਂ ਮੁਸਕੜੀਏਂ ਹੱਸ ਰਿਹਾ ਹਾਂ। ਗੋਲਡੀ ਨੂੰ ਗੱਲ ਸੁਣਾਉਣੀ ਸ਼ੁਰੂ ਕਰਦਾ ਹਾਂ-

-"ਇਕ ਪਾਸੇ ਅੰਗ੍ਰੇਜ ਦਾ ਰੂਲ ਸੀ ਤੇ ਦੂਜੇ ਪਾਸੇ ਮੇਰੀ ਘੁੱਟ ਕੇ ਮੀਚੀ ਮੁੱਠੀ"-

-"ਬਾਬੇ, ਤੂੰ ਗੱਲ ਕਰਨ ਲੱਗਿਆ ਹਮੇਸ਼ਾਂ ਧਿਰਾਂ ਕਾਹਤੋਂ ਖੜ੍ਹੀਆਂ ਕਰ ਲੈਨੈਂ, ਹੈਂ ?" ਗੋਲਡੀ ਥੋੜ੍ਹਾ ਖਿਝਿਆ ਹੋਇਐ। ਮੇਰੇ ਵੱਲ ਇਕ ਟੱਕ ਵੇਖਕੇ ਫੇਰ ਬੋਲਿਆ ਹੈ-

-"ਹਰੇਕ ਗੱਲ ਦੇ ਧੁਰ ਅੰਦਰ ਜਾਕੇ, ਐਹੋ ਜੇ ਥੌਂ ਐਂਟਰ ਦੱਬੇਂਗਾ ਬਈ ਸਾਰਾ ਮਾਹੌਲ ਜੰਗੀ ਧੂੰਏਂ ਨਾਲ ਭਰ ਜੂ"-

ਪਰ ਐਸ ਘੜੀ ਤਾਂ ਮੇਰਾ ਅੰਦਰ ਜੰਗੀ ਧੂੰਏਂ ਨਾਲ ਭਰਿਆ ਪਿਐ ਤੇ ਇਸ ਧੂੰਏ ਵਿਚੋਂ ਮੈਨੂੰ ਰਾਮ ਸਰਨ ਦੇ ਘੋਨ ਮੋਨ ਸਿਰ ਹੇਠੋਂ ਚਮਕਦੀਆਂ ਅੱਖਾਂ ਘੂਰਦੀਆਂ ਦਿਖਦੀਆਂ ਨੇ। ਜੇ ਕਿਤੇ ਗੋਲਡੀ ਨੇ ਦੇਖੀਆਂ ਹੁੰਦੀਆਂ ਉਹ ਅੱਖਾਂ! ਗੋਲਡੀ ਨੂੰ ਕੀ ਪਤੈ ਰਾਮ ਸਰਨ ਕੌਣ ਸੀ। ਰਾਮ ਸਰਨ ਉਹ ਸੂਰਮਾ ਸੀ ਜਿਹੜਾ ਅੰਗ੍ਰੇਜ ਦੀ ਚੜ੍ਹਤ ਨੂੰ ਰੋਕ ਸਕਦਾ ਸੀ। ਜਦੋਂ ਜਾਪਾਨੀਆਂ ਨਾਲ ਮਿਲੇ ਹੋਣ ਦੀ ਸ਼ੱਕ 'ਚ ਅੰਗ੍ਰੇਜਾਂ ਨੇ 1/8 ਪੰਜਾਬ ਰਜਮੈਂਟ 'ਤੇ ਗੋਲੀ ਚਲਾਈ ਤਾਂ ਰਾਮਸਰਨ, ਸੂਬੇਦਾਰ ਮੇਜਰ ਅਰਜਣ ਸਿੰਘ ਦੇ ਨਾਲ ਸੀ। ਫੌਜ ਵਿਚ ਇਹ ਖਬਰ ਖਾਸੀ ਉਡੀ ਹੋਈ ਸੀ ਕਿ ਰਾਮ ਸਰਨ ਨੇ, ਮੇਜਰ ਸਾਹਿਬ ਦੇ ਗੋਲੀ ਮਾਰਨ ਵਾਲਾ ਅੰਗ੍ਰੇਜ ਥਾਏਂ ਮਾਰ ਦਿੱਤਾ ਸੀ ਤੇ ਆਪ ਰਜਮੈਂਟ ਵਿਚੋਂ ਭੱਜ ਗਿਆ ਸੀ। ਜਦੋਂ ਜਪਾਨੀਆਂ ਨੇ ਅੰਗ੍ਰੇਜ ਫੌਜਾਂ ਸਾਰੇ ਪੂਰਬ 'ਚੋਂ ਸ਼ਸ਼ਕੇਰ ਕੇ ਸਿੰਘਾਪੁਰ ਲਿਆ ਵਾੜੀਆਂ, ਰਾਮ ਸਰਨ ਫੜਿਆ ਗਿਆ। ਅਗਲਿਆਂ ਨੇ ਗੋਲੀ ਮਾਰਨ ਤੋਂ ਪਹਿਲਾਂ ਕਿੱਟ 'ਚ ਪਾਕੇ ਚੌਰਾਹੇ 'ਚ ਰੱਖਤਾ। ਆਉਣ ਜਾਣ ਵਾਲਿਆਂ ਤੋਂ ਠੁੱਡੇ ਮਰਵਾਉਣ ਲਈ ਸਿਪਾਹੀ ਖੜ੍ਹਾ ਤੇ। ਮੈਂ ਸਿਵਲ ਕੱਪੜਿਆਂ 'ਚ ਗਰਾਸਰੀ ਲੈਣ ਜਾ ਰਿਹਾ ਸੀ ਜਦੋਂ ਚੌਕ 'ਚ ਆ ਗਿਆ-

-"ਰਾਮ ਸਰਨ ਪਕੜਾ ਗਿਆ, ਕਿੱਟ ਮੇਂ ਵਹੀ ਹੈ"-ਇਕ ਸਿੰਘਾਪੁਰੀ ਹਿੰਦੀ ਨੇ ਮੈਨੂੰ ਚੌਂਕ ਤੋਂ ਉਰਾਂ ਈ ਦੱਸਤਾ-"ਧੀਰੇ ਮਾਰਨਾ"-ਉਸ ਨੇ ਹਮਦਰਦ ਬਣਕੇ ਕਿਹਾ ਸੀ। ਮੈਂ ਆਲੇ-ਦੁਆਲੇ ਦੇਖਿਆ। ਚੌਂਕ ਦੇ ਦੋਨੋਂ ਪਾਸੇ ਪਹਿਰੇਦਾਰ ਖੜ੍ਹੇ ਸੀ। ਬਹੁਤੇ ਲੰਘਣ ਵਾਲੇ ਮਾਰ ਕੇ ਲੰਘ ਰਹੇ ਸਨ।



ਕੁਝ ਚੌਂਕ ਤੋਂ ਪਹਿਲਾਂ ਹੀ ਰਾਹ ਬਦਲ ਲੈਂਦੇ। ਟਾਵਾਂ ਟਾਵਾਂ ਕੋਈ, ਪਿਛਾਂਹ ਮੁੜਨ ਦੀ ਦਲੇਰੀ ਵੀ ਕਰਦਾ। ਮੈਂ ਵੀ ਮੁੜਨ ਲੱਗਿਆ। ਪਰ ਫੇਰ ਮਨ 'ਚ ਆਈ, ਬਈ ਮਨਾਂ ਇਹ ਤਾਂ ਕੋਈ ਗੱਲ ਨਾ ਹੋਈ। ਮੈਂ, ਧੂੜ 'ਚ ਲੱਥ ਪੱਥ ਰਾਮ ਸਰਨ ਦੇ ਚਿਹਰੇ 'ਚ ਚਮਕਦੀਆਂ ਅੱਖਾਂ ਵੱਲ ਵੇਖਦਾ ਸਿੱਧਾ ਲੰਘ ਗਿਆ-

-"ਓ ਸਰਦਾਰ ਇਧਰ ਆ"-ਅੰਗਰੇਜ਼ ਪਹਿਰੇਦਾਰ ਦੇ ਨਾਲ ਖੜ੍ਹੇ ਹਿੰਦੀ ਸਿਪਾਹੀ ਨੇ ਮੈਨੂੰ ਬੁਲਾਇਆ-

-"ਯੂ ਬਾਸਟਰ'ਡ, ਕਿੱਕ ਹਿਮ"-ਚੌਂਕ ਜਿਵੇਂ ਠਹਿਰ ਕੇ ਰਹਿ ਗਿਆ। ਲੰਘੇ ਜਾਂਦੇ ਲੋਕ ਖੜ੍ਹ ਗਏ। ਮੈਂ ਇਕ ਪਲ ਲਈ ਰਾਮ ਸਰਨ ਵੱਲ ਵੇਖਿਆ। ਅੰਗ੍ਰੇਜ ਦੀ ਗਾਲ੍ਹ ਸੁਣਕੇ ਮੇਰੇ ਖੱਬੇ ਹੱਥ ਦੀ ਮੁੱਠੀ ਆਪਣੇ ਆਪ ਮੀਚੀ ਗਈ ਤੇ ਅੰਗ੍ਰੇਜ ਦੇ ਹੱਥ ਵਿਚਲਾ ਰੂਲ ਮੇਰੀ ਬੰਦ ਮੁੱਠੀ 'ਤੇ ਠਾਹ ਆ ਵੱਜਿਆ-

-"ਓਪਨ ਇਟ"-ਅੰਗ੍ਰੇਜ ਫਿਰ ਕੜਕਿਆ। ਮੈਂ ਸਮਝ ਗਿਆ, ਅੰਗ੍ਰੇਜ ਨੂੰ ਮੁੱਠੀ ਵਿਚ ਕੁਸ਼ ਹੋਣ ਦਾ ਭੁਲੇਖਾ ਪੈ ਗਿਆ। ਮੁੱਠੀ ਹੋਰ ਘੁੱਟੀ ਗਈ।

-"ਹੋਲਡ ਹਿਜ਼ ਹੈਂਡ"-ਉਸ ਨੇ ਹਿੰਦੋਸਤਾਨੀ ਸਿਪਾਹੀ ਨੂੰ ਕਿਹਾ ਤੇ ਉਸਦਾ ਰੂਲ ਮੇਰੀ ਬੰਦ ਮੁੱਠੀ 'ਤੇ ਵਰ੍ਹਣ ਲੱਗ ਪਿਆ। ਹੁਣ ਵੀ ਜਦ ਕਦੇ ਚੇਤੇ ਆਉਂਦੈ ਤਾਂ ਘੁੱਟੀ ਮੁੱਠੀ 'ਤੇ ਵਰ੍ਹਦਾ ਅੰਗ੍ਰੇਜ ਦਾ ਰੂਲ ਮੈਨੂੰ ਠਾਹ ਠਾਹ ਸੁਣਨ ਲੱਗ ਜਾਂਦੈ ਤੇ ਖੱਬੇ ਹੱਥ ਦਾ ਟੁੱਟਿਆ ਅੰਗੂਠਾ ਕੰਬਣ ਲੱਗ ਪੈਂਦੈ। ਹੁਣ ਵੀ ਮੇਰਾ ਖੱਬਾ ਹੱਥ ਕੰਬਣ ਲੱਗ ਪਿਆ ਹੈ-

-"ਬਾਬੇ ਤੂੰ ਮੁੱਠੀ ਖੋਲ੍ਹੀ ਕਾਹਤੋਂ ਨਾ, ਜਦ ਵਿਚ ਤਾਂ ਕੁਸ਼ ਹੈ ਨੀ ਤੀ!" ਸ਼ਾਇਦ ਹੱਥ ਕੰਬਦਾ ਦੇਖ ਕੇ ਗੋਲਡੀ ਦੇ ਸਾਰੀ ਗੱਲ ਯਾਦ ਆ ਗਈ ਹੈ।

-"ਕਾਹਨੂੰ, ਮੈਨੂੰ ਲਗਦਾ ਸੀ, ਜਦ ਤਕ ਮੁੱਠੀ ਬੰਦ ਐ, ਰੂਲ ਦੀ ਸੱਟ ਮੇਰੇ ਘੱਟ, ਅੰਗ੍ਰੇਜ ਦੇ ਜਾਦੇ ਲਗਦੀ ਐ। ਮੈਂ ਵੀ ਕਿਹਾ ਪੈਣ ਦੇ ਸਾਲੇ ਖੜਮੁੱਲੇ ਜੇ ਦੇ, ਜਿੰਨੀਆਂ ਰਾਮ ਸਰਨ ਦੇ ਪਈਆਂ ਨੇ।"

ਹਮੇਸ਼ਾਂ ਇਹ ਗੱਲ ਕਰਕੇ ਮੈਂ ਹੱਸ ਪੈਨਾਂ ਹੁੰਨੈਂ। ਪਰ ਅੱਜ ਪਤਾ ਨੀ ਕਿਹੜੇ ਵੇਲੇ, ਕਿੱਟ ਵਿਚਲਾ ਸਿਰ ਰਾਮ ਸਰਨ ਦੀ ਥਾਂ ਭਜੋ ਦੇ ਸਿਰ ਵਿਚ ਬਦਲ ਗਿਆ ਹੈ। ਟੁੱਟੇ ਅੰਗੂਠੇ ਦੀ ਥਾਂ ਬਾਂਹ ਦਾ ਉਹ ਹਿੱਸਾ ਜਿਵੇਂ ਜਲਣ ਲੱਗ ਪਿਆ ਹੈ ਜਿੱਥੋਂ ਰਾਣੇ ਨੇ ਬਾਂਹ ਫੜੀ ਸੀ। ਲਗਦੈ ਜਿਵੇਂ ਚਮੜੀ ਦੇ ਹੇਠ ਉਹਦੀਆਂ ਉਂਗਲਾਂ ਛਪ ਗਈਆਂ ਹੋਣ।

-"ਰਾਣਾ ਤੇ ਜਿੰਦਰ ਕਿੱਥੇ ਨੇ ?"-ਮੈਂ ਗੋਲਡੀ ਤੋਂ ਪੁੱਛਿਆ ਹੈ।

-"ਜਿੰਦਰ ਦਾ ਤਾਂ ਪਤਾ ਨੀ, ਰਾਣਾ ਸ਼ਰਮਾ ਸਟੂਡੀਓ ਦੇ ਬੈਠਾ ਫੋਟੋ ਉਡੀਕਦੈ। ਸਕੈਨ ਕਰਵਾ ਕੇ ਭੇਜੂ"-ਗੋਲਡੀ ਫਿਰ ਕਰਸਰ ਮੁੱਠੀ 'ਤੇ ਲਿਆ ਕੇ ਮਾਊਸ ਕਲਿਕ ਕਰਦਾ ਹੈ।

-"ਭੇਜੂ ? ਕਿਉਂ ਫੰਕਸ਼ਨ 'ਤੇ ਨੀ ਆਉਣਾ ਉਹਨੇ ?" ਅਚਾਨਕ ਹੀ ਮੇਰਾ ਖੱਬਾ ਹੱਥ ਕੰਬਣੋਂ ਹਟ ਗਿਆ ਹੈ।

-"ਪਤਾ ਨੀ, ਬਾਪੂ ਕਹਿੰਦਾ ਤੀ, ਜੇ ਰੌਲ਼ੇ ਗੌਲ਼ੇ ਦਾ ਡਰ ਹੋਇਆ ਤਾਂ ਅੱਜ ਵੀ ਸ਼ਾਮ ਤਕ ਥਾਣੇ ਈ ਰਹੇ"-

-"ਰੌਲ਼ੇ ਗੌਲ਼ੇ ਆਲ਼ੇ ਕੌਣ ਕੌਣ ਨੇ ? ਵਿਹੜਾ ਤਾਂ ਸਾਰਾ ਈ ਹੋਊ ?"-ਮੇਰਾ ਮਨ ਕੁਸ਼ ਹੌਸਲੇ ਵਿਚ ਹੋ ਗਿਆ ਲਗਦੈ।

-"ਜੈਲੀ ਨਾਲ ਨੇ ਦਸ ਬਾਰਾਂ ਕੁ ਬੰਦੇ। ਸੱਤ ਅੱਠ ਬੁੜ੍ਹੀਆਂ ਨੇ। ਹਾਲੇ ਤਾਂ ਪਿੰਡ 'ਚ ਫਿਰਦੇ ਨੇ ਲੋਕਾਂ ਨੂੰ ਕਹਿੰਦੇ। ਮੈਂ ਕਹਿਨੈਂ ਫੋਟੋ ਐਕਣੇ ਭੇਜ ਦਿੰਨੈਂ, ਮੁੱਠੀ ਤਾਂ ਖੁਲ੍ਹਦੀ ਨੀ"-ਗੋਲਡੀ ਅੱਕਿਆ ਪਿਆ ਹੈ।

-"ਮਿੰਦਰ ਹੋਊ ਬਾਲਮੀਕੀਆਂ ਦਾ? ਇਲੈਕਸ਼ਨ ਵਿਚ ਤਾਂ ਜੈਲੀ ਦਾ ਮੁੱਖ ਸਪੋਰਟਰ ਉਹੀ ਸੀ"-ਮੈਂ ਜੈਲੀ ਨਾਲ ਦੇ ਬੰਦਿਆਂ ਦੀ ਗਿਣਤੀ ਦਾ ਅੰਦਾਜ਼ਾ ਲਾਉਣਾ ਚਾਹੁੰਦਾ ਹਾਂ। ਜੇ ਤੀਹ ਚਾਲੀ ਸਿਰ ਜੁੜ ਜਾਣ, ਮੰਤਰੀ 'ਤੇ ਦਬਾਅ ਬਣ ਸਕਦੈ।

-"ਲੈ, ਮਿੰਦਰ ਕਿੱਥੋਂ ਹੋਊ! ਉਹਦੀ ਪ੍ਰੋਗਰਾਮਿੰਗ ਤਾਂ ਪਰਸੋਂ ਰਾਤ ਨੂੰ ਏ ਕਰਤੀ। ਬਾਪੂ ਗਿਆ ਮਾਹੀਏ ਨੂੰ ਨਾਲ ਲੈ ਕੇ, ਮਿੰਦਰ ਦੇ ਸਾਫਟਵੇਅਰ 'ਚ ਇਕ ਕੁਆਟਰ ਦਾ ਵਾਇਰਸ ਫੀਡ ਕਰਤਾ। ਜੈਲੀ ਨੂੰ ਕਲਿਕ ਕਰਦੀ ਸਾਰ ਪਤਾ ਲੱਗ ਗਿਆ ਹੋਊ ਬਈ ਪੂਰਾ ਸਾਫਟਵੇਅਰ ਈ 'ਕਰਪਟ' ਹੋਇਆ ਪਿਐ। ਤੂੰ ਬਾਪੂ ਨੂੰ ਜਾਣਦਾ ਤਾਂ ਹੈਂ ਚੰਗਾ ਭਲਾ।"

-"ਜਾਣਦੈਂ ਬਾਪੂ ਨੂੰ ਮੈਂ"-ਮੇਰੇ ਮੂੰਹੋਂ ਗੁੱਸੇ ਵਿਚ ਨਿਕਲਿਆ ਹੈ। ਜੀਅ ਕਰਦੈ ਤੱਤੀਆਂ ਤੱਤੀਆਂ ਸੁਣਾਵਾਂ ਸੱਜਣ ਨੂੰ। ਪਰ ਗੱਲ ਟਾਲਣ ਲਈ ਕਹਿੰਦਾ ਹਾਂ-

"ਜਦ ਤਾਸ਼ ਖੇਡਦਾ ਹੁੰਦਾ ਸੀ, ਇਹਨੂੰ 'ਕੱਲੇ 'ਕੱਲੇ ਦੇ ਪੱਤਿਆਂ ਦਾ ਪਤਾ ਹੁੰਦਾ ਸੀ। ਗਿਣਤੀਆਂ ਮਿਣਤੀਆਂ ਤਾਂ ਕੋਈ ਇਹਤੋਂ ਸਿੱਖੇ"-ਮੈਂ ਬੋਲਦਾ ਬੋਲਦਾ ਚੁੱਪ ਕਰ ਗਿਆ ਹਾਂ। ਗੋਲਡੀ ਕਿਹੜਾ ਨਿਆਣੈ! ਬਾਰ੍ਹਵੀਂ 'ਚ ਪੜ੍ਹਦੈ। ਸਭ ਜਾਣਦੈ, ਸਮਝਦੈ।

ਕੁਆਰਟਰ ਵੀ ਸੱਜਣ ਦੀਆਂ ਗਿਣਤੀਆਂ ਮਿਣਤੀਆਂ ਦਾ ਈ ਹਿੱਸਾ ਨੇ। ਪਹਿਲਾਂ ਤਾਂ ਸਾਲ ਸਾਰਾ ਕੁਆਟਰਾਂ ਦੀ ਉਸਾਰੀ ਸ਼ੁਰੂ ਕਰਨ ਨੂੰ ਟਾਲਦਾ ਰਿਹਾ। ਫੇਰ ਕਦੇ ਦਸ ਕਹਿ ਦਿਆ ਕਰੇ, ਕਦੇ ਪੰਦਰਾਂ। ਦੋ ਮਹੀਨੇ ਉਦਘਾਟਨ ਟਾਲ਼ੀ ਗਿਆ। ਆਖਰ ਚੋਣਾਂ ਤਕ ਲੈ ਆਇਆ। ਜਿਵੇਂ ਸਾਲਾ ਬਠਿੰਡੇ ਆਲੇ ਤੇਲ ਕਾਰਖਾਨੇ ਦਾ ਉਦਘਾਟਨ ਹੁੰਦੈ। ਚੰਗੀ ਭਲੀ ਪੰਦਰਾਂ ਨਾਉਂਆਂ ਦੀ ਲਿਸਟ ਬੀ. ਡੀ. ਓ. ਦਫਤਰ ਨੂੰ ਭੇਜਤੀ। ਜੈਲੀ ਨਾਲ ਝਗੜਾ ਹੁੰਦੀ ਸਾਰ ਮੁੱਕਰ ਗਿਆ। ਘਰ ਬੁਲਾ ਕੇ ਮਾਹੀਏ ਨੂੰ ਕਹਿਤਾ-"ਤੇਰਾ ਇਕ ਪੱਕੈ, ਬਾਕੀ ਦਿਆਂ ਦਾ ਫੈਸਲਾ ਚੋਣਾਂ ਦੇ ਬਾਅਦ।"-ਮਾਹੀਏ ਨੇ ਆਪਣੀ ਡਿਊਟੀ ਵਜਾਤੀ। ਸਾਰੇ ਪਿੰਡ ਨੂੰ ਕਹਿ ਤਾ, 'ਕੁਆਟਰਾਂ ਦੀ ਵੰਡ ਤਾਂ ਸੱਜਣ ਸਿਉਂ ਚੋਣਾਂ ਤੋਂ ਬਾਅਦ ਕਰੂ ਹੁਣ।' ਚੋਣ ਵੀ ਜਿੱਤ ਲੀ। ਅਜੇ ਤਕ ਨੀ ਪਤਾ ਕੀਹਨੂੰ ਅਲਾਟਮੈਂਟ ਹੋਈ ਐ। 15 ਕੁਆਟਰ ਨੇ, ਪੰਜਾਹ ਘਰਾਂ ਦਾ ਸਾਮਾਨ ਬੰਨ੍ਹਾਈ ਫਿਰਦੈ। ਜੱਟ ਭਾਵੇਂ ਕੋਈ ਰਹਿ ਜਵੇ, ਵਿਹੜੇ ਦਾ ਜੀਓ ਜੀਅ 'ਕੱਠਾ ਕਰੂ। ਪਹਿਲਾਂ ਮੰਤਰੀ ਤੋਂ ਹੋਰ ਪੰਦਰਾਂ ਕੁਆਟਰਾਂ ਦਾ ਐਲਾਨ ਕਰਾਊ। ਫੇਰ ਬਾਦਲ ਵਾਂਗ ਸਟੇਜ 'ਤੇ ਈ ਖੋਲੂ, ਲਫਾਫਾ। ਜੈਲੀ ਨੂੰ ਖਬਰੈ ਦਸ ਬੰਦੇ ਵੀ ਨਾ ਮਿਲਣ, ਮੰਤਰੀ ਮੂਹਰੇ ਰੋਸ ਪ੍ਰਗਟ ਕਰਨ ਨੂੰ।

ਹੁਣੇ-ਹੁਣੇ ਮੈਨੂੰ ਖਿਆਲ ਆਇਐ, ਕੋਈ ਜਾਵੇ ਨਾ ਜਾਵੇ, ਜੈਲੀ ਨਾਲ ਮੈਂ ਜਾ ਖੜ੍ਹਾਂ ਮੰਤਰੀ ਮੂਹਰੇ। ਰਾਣੇ ਦੀ ਗ੍ਰਿਫਤਾਰੀ ਦੀ ਮੰਗ ਜੈਲੀ ਦੇ ਨਾਲ ਕਰਾਂ ਮੰਤਰੀ ਤੋਂ। ਮੁੜ ਇਹਨਾਂ ਦੁਸ਼ਟਾਂ ਦੇ ਘਰੇ ਨਾ ਆਵਾਂ।

'ਪਰ ਪਿੰਡ ਅਤਬਾਰ ਕਰੂ।' ਪਹਿਲਾਂ ਵਿਹੜੇ ਵਾਲਿਆਂ ਨੇ ਈ ਨੀ ਕਰਨਾ। ਮੇਰੇ ਦਿਲ ਵਿਚ ਪੁੜੀ ਸੂਲ ਜਿਵੇਂ ਕਿਸੇ ਨੇ ਜ਼ੋਰ ਨਾਲ ਹਿਲਾ ਦਿੱਤੀ ਹੈ। ਉਸ ਦਿਨ ਦਾ ਜੈਲੀ ਦੇ ਵਿਹੜੇ ਦਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਆ ਗਿਆ ਹੈ। ਮੇਰੇ ਐਨ ਕੋਲ ਹੋ ਕੇ ਜਿਵੇਂ ਹੁਣ ਵੀ ਕੋਈ ਤੀਵੀਂ ਕਹਿ ਰਹੀ ਹੈ-

-"ਬੁੜ੍ਹਾ ਸੂਹਾਂ ਲੈਂਦਾ ਫਿਰਦੈ। ਪਖੰਡ ਐਂ ਕਰਦੈ ਜਿਵੇਂ ਜੈਲੀ ਦਾ ਇਹੀ ਇਕ ਹਮਦਰਦ ਰਹਿ ਗਿਆ ਹੁੰਦੈ। ਪਖੰਡ ਕੀ ਕਰਦੈ ਮੈਂ ਕਹਿਨੀ ਆਂ"–

ਇਕੱਠ ਵਿਚੋਂ ਕਿਸੇ ਦੇ ਇਹ ਬੋਲ ਸੁਣ ਕੇ, ਜੈਲੀ ਦੇ ਵਿਹੜੇ 'ਚ ਖੜ੍ਹੇ ਦੇ ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ ਸੀ। ਮੈਨੂੰ ਤਾਂ ਉਦੋਂ ਤਕ ਗੱਲ ਦਾ ਵੀ ਨਹੀਂ ਸੀ ਪਤਾ। ਮੈਂ ਤਾਂ ਖੇਤੋਂ ਮੁੜਦਾ ਜੈਲੀ ਦੇ ਵਿਹੜੇ 'ਚ 'ਕੱਠ ਦੇਖ ਕੇ ਰੁਕ ਗਿਆ ਸੀ। ਮੈਂ ਅਜੇ 'ਕੀ ਹੋ ਗਿਆ?' ਕਹਿਣ ਹੀ ਲੱਗਿਆ ਸੀ ਜਦੋਂ ਮੇਰੇ ਦੁਆਲੇ ਆ ਜੁੜੇ ਬੰਦਿਆਂ 'ਚੋਂ ਕਿਸੇ ਨੇ ਕਿਹਾ ਸੀ, "ਦੇਖ ਲੈ ਜੈ



ਹਿੰਦੀਆ, ਤੇਰੇ ਪੋਤੇ ਦੀ ਕਰਤੂਤ..." ਤੇ ਕਿਸੇ ਤੋਂ ਕੁਝ ਪੁੱਛਣ ਦੀ ਲੋੜ ਹੀ ਨਹੀਂ ਸੀ ਪਈ। ਕਈ ਜਣਿਆਂ ਨੇ 'ਕੱਠਿਆ ਹੀ ਦੱਸਣਾ ਸ਼ੁਰੂ ਕਰ ਦਿੱਤਾ ਸੀ।

ਰਾਣਾ, ਜਿੰਦਰ, ਮਾਹੀਆ ਤੇ ਚਾਰ ਕੁ ਜਣੇ ਹੋਰ ਉਦਘਾਟਨੀ ਸਮਾਰੋਹ ਦੇ ਕਾਰਡ ਘਰ ਘਰ ਜਾ ਕੇ ਦੇ ਰਹੇ ਸਨ। ਇਹ ਪ੍ਰੋਗਰਾਮ ਤਾਂ ਸਵੇਰੇ ਮੇਰੇ ਸਾਹਮਣੇ ਈ ਬਣਿਆ ਸੀ। ਸੱਜਣ ਦੀ ਆਦਤ ਐ, ਕਿਸੇ ਨਾਲ ਲੜੇ ਝਗੜੇ, ਪਿੰਡ ਸਾਂਝੇ ਕੰਮ 'ਚ ਹਰੇਕ ਦੇ ਘਰ ਜਾਊ। ਚਰਨੇ ਦੇ ਘਰ ਵਾਲੀ ਸਰਪੰਚੀ ਜਿੱਤੀ, ਸਾਰੇ ਪਿੰਡ 'ਚ ਮਠਿਆਈ ਦੇ ਡੱਬੇ ਵੰਡੇ। ਸਮਾਂ ਵੱਡੇ ਦਰਵਾਜੇ ਵਾਲਿਆਂ ਦੇ ਅਰ ਜੈਲੀ ਦੇ ਘਰ ਆਪ ਜਾ ਕੇ ਆਇਆ। ਉਸ ਦਿਨ ਵੀ ਰਾਣੇ ਨੂੰ ਖਾਸ ਤੌਰ 'ਤੇ ਕਹਿ ਕੇ ਭੇਜਿਆ-

-"ਜੈਲੀ ਨੂੰ ਕਾਰਡ ਜ਼ਰੂਰ ਦਈਂ ਆਪ। ਚਮਾੜ੍ਹੀ 'ਚ ਕੁਆਟਰਾਂ ਦੀ ਵੰਡ ਨੂੰ ਲੈ ਕੇ ਵਿਰੋਧ ਕਰਨ ਦੀਆਂ ਗੱਲਾਂ ਹੁੰਦੀਐਂ। ਮੰਤਰੀ ਨੇ ਆਉਣੈਂ, 'ਕੱਠ ਤਾਂ ਦਿਖਾਉਣਾ ਈ ਪਊ"-

ਕੁਦਰਤੀਂ, ਜੈਲੀ ਫੈਕਟਰੀਓਂ ਆਉਂਦਾ ਈ ਮਿਲ ਪਿਆ ਉਹਨਾਂ ਨੂੰ। ਪਤਾ ਤਾਂ ਜੈਲੀ ਨੂੰ ਵੀ ਹੋਣਾ ਈ ਐ ਗੱਲ ਦਾ, ਪਰ ਜਿੰਦਰ ਦਾ ਜਮਾਤੀ ਹੋਣ ਕਰਕੇ ਉਹਨੇ ਜਿੰਦਰ ਨੂੰ ਟਿੱਚਰ ਕੀਤੀ ਸੀ-

-"ਕਿਵੇਂ ਫਿਰਦੀ ਐ ਅੱਜ ਸਾਰੀ ਵਜ਼ਾਰਤ ਦੱਖਣ ਦਿਸ਼ਾ 'ਚ?"-

-"ਕਿਉਂ ਦੱਖਣ ਦਿਸ਼ਾ 'ਚ ਕੀ ਐ ਬਈ?"-

-"ਚਮਾੜ੍ਹੀ ਐ। ਦੱਖਣ ਦਿਸ਼ਾ 'ਚ ਤਾਂ ਥੋਡੀਆਂ ਕਹਾਣੀਆਂ ਦਾ ਰਾਜਕੁਮਾਰ ਵੀ ਨੀ ਆਉਂਦਾ ਜਿੰਦਰ ਸਿਆਂ। ਜੇ ਕਿਤੇ ਆ ਵੀ ਜਾਵੇ ਤਾਂ ਜਨਾਨੀ ਰੋਂਦੀ ਮਿਲੂ ਜੀਹਨੂੰ ਨਾ ਉਹ ਬੁਲਾ ਸਕਦੈ ਤੇ ਨਾ ਹੀ ਨਾਲ ਲਿਜਾ ਸਕਦੈ। ਜੇ ਉਹ ਉਹਦਾ ਆਖਾ ਮੰਨ ਲਵੇ ਤਾਂ ਕੋਹੜ ਫੁਟਦੈ, ਅਜੇ ਤੂੰ ਪੁਛਦੈਂ ਦੱਖਣ ਦਿਸ਼ਾ 'ਚ ਕੀ ਐ!"

-"ਤੂੰ ਤਾਂ ਜਾਰ ਹੋਰੇ ਗਮਾਇਣ ਤੋਰ ਕੇ ਬਹਿ ਗਿਆ, ਅਸੀਂ ਤਾਂ ਆਹ ਉਦਘਾਟਨ ਦੇ ਕਾਰਡ ਦੇਣ ਆਏ ਐਂ"-ਚਰਨੇ ਨੇ ਕਿਹਾ ਤੇ ਰਾਣੇ ਨੇ ਜੈਲੀ ਦੇ ਨਾਂ ਵਾਲਾ ਲਫਾਫਾ ਕੱਢ ਕੇ ਜੈਲੀ ਨੂੰ ਫੜਾਤਾ। ਤੁਰਨ ਲੱਗੇ ਤਾਂ ਮਾਹੀਆ ਬੋਲ ਪਿਆ-

-"ਮੈਂ ਤਾਂ ਕਹਿਨੈਂ ਜੈਲੀ ਸਿਆਂ, ਤੂੰ ਵੀ ਇਕ ਕੁਆਟਰ ਲਈ ਅਰਜੀ ਦੇ ਦੇ ਭਜੋ ਨਉਂ 'ਤੇ। ਕਿੰਨਾ ਕੁ ਚਿਰ ਚਾਚੇ ਤਾਇਆਂ ਨਾਲ ਰਹੀ ਜਾਏਂਗਾ?"-

-"ਗੱਲ ਤਾਂ ਤੇਰੀ ਠੀਕ ਐ ਚਾਚਾ। ਪਰ ਤੂੰ ਐਂ ਦੱਸ ਬਈ ਕਿੰਨੀਆਂ ਕੁ ਪੀੜ੍ਹੀਆਂ ਪੰਚਾਇਤੀ ਕੁਆਟਰਾਂ 'ਚ ਪਾਲੇਂਗਾ। ਕੱਲ੍ਹ ਨੂੰ ਥੋਡੇ ਪੀਤੇ ਦੇ ਦੋਏ ਮੁੰਡੇ ਵਿਆਹੇ ਜਾਣੇ ਨੇ, ਫੇਰ ਫਿਰੀਂ ਇਕ ਕੁਆਟਰ ਖਾਤਰ ਕਿਸੇ ਸਰਪੰਚ ਦੀਆਂ ਬੂੱਤੀਆਂ ਕਰਦਾ। ਨਹੀਂ ਚਾਚਾ! ਕਿਸੇ ਪੀੜ੍ਹੀ ਨੂੰ ਤਾਂ ਘਰ ਬਾਰ ਦੀ ਸਹੀ ਮੰਗ ਕਰਨੀਓ ਪੈਣੀ ਐਂ। ਅਸੀਂ ਤਾਂ ਸਗੋਂ ਕੁਆਟਰਾਂ ਦੀ ਰਾਜਨੀਤੀ ਖਿਲਾਫ਼ ਮੰਤਰੀ ਸਾਹਮਣੇ ਰੋਸ ਪ੍ਰਗਟ ਕਰਨੈਂ।"

ਸਿੱਧੀ ਤੇ ਸਾਫ ਗੱਲ ਕਰਨ ਦੀ ਜੈਲੀ ਦੀ ਆਦਤ ਮੈਨੂੰ ਬਹੁਤ ਪਸੰਦ ਐ। ਪਰ ਜਿੰਦਰ ਹੋਰਾਂ ਨੂੰ ਪਸੰਦ ਨੀ ਆਈ ਇਹ ਗੱਲ। ਜਿੰਦਰ ਜੈਲੀ ਨੂੰ ਸਲਾਹ ਦੇਣ ਲੱਗ ਪਿਆ-

"ਜੈਲੀ ਇਕ ਗੱਲ ਕਹਾਂ? ਗੁੱਸਾ ਤਾਂ ਨੀਂ ਕਰੇਂਗਾ! ਤੂੰ ਮੂਰਖ ਐਂ! ਜੇ ਐਂ ਕੋਈ ਮੈਨੂੰ ਆਫ਼ਰ ਕਰਦਾ ਨਾ, ਮੈਂ ਰੋਸ ਦੀ ਧਮਕੀ ਦੇ ਕੇ, ਇਕ ਦੀ ਥਾਂ ਦੋ ਕੁਆਟਰਾਂ 'ਤੇ ਹੱਥ ਫੇਰਦਾ। ਜੇ ਮੈਂ ਤੇਰੇ ਥੌਂ ਹੁੰਦਾ, ਤੇਰੇ ਮਾਂਗਣ ਨੀ ਤੀ ਕਰਦਾ।"

-"ਮੇਰੇ ਥੌਂ ਤਾਂ ਤੂੰ ਤਾਂ ਹੁੰਦਾ ਨਾ ਜੇ ਮੇਰੇ ਥੌਂ ਜੰਮਿਆ ਹੁੰਦਾ। ਤੇਰੀ ਆਪਣੀ ਮਾਂ ਤੈਨੂੰ ਹਰਾਮੀ ਕਹਿੰਦੀ। ਊਂ ਤੇਰੇ ਥੌਂ ਜੰਮਕੇ ਖਬਰੈ ਮੈਂ ਵੀ ਕਿਸੇ ਦਾ ਟੁੱਕੜਬੋਚ ਬਣਿਆ ਹੁੰਦਾ"–

ਮੈਨੂੰ ਲਗਦੈ ਟੁੱਕੜਬੋਚ ਅਰ ਹਰਾਮੀ ਦੀ ਗਾਲ ਤੋਂ ਜਿੰਦਰ ਗਰਮੀ ਖਾ ਗਿਆ ਹੋਣੈਂ, ਲੜ ਪਿਆ-

-"ਥੱਪੜ ਮਾਰੂੰ ਸਾਲੇ ਦੇ ਮੂੰਹ 'ਤੇ, ਟੁਕੜਬੋਚ ਦੱਸਦੈ"-

ਜਿੰਦਰ ਨੂੰ ਤਪਿਆ ਦੇਖਕੇ ਜੈਲੀ ਹੱਸ ਪਿਆ-

-"ਤੂੰ ਤਾਂ ਕਮਲੈਂ ਜਿੰਦਰ ਸਿਆਂ! ਰਾਣੇ ਹੋਰਾਂ ਦੀ ਸੰਗਤ 'ਚ ਰਹਿ ਕੇ ਵੀ ਆਪ ਹੱਥ ਭਿੱਟਣ ਨੂੰ ਫਿਰਦੈਂ। ਅੱਜ ਕੱਲ੍ਹ ਤਾਂ ਇਹ ਕੰਮ ਪੁਲਸ ਕਰਦੀ ਐ। ਲਗਦੈ ਤਾਇਆ ਸੱਜਣ ਸਿਉਂ ਨੇ ਪੂਰੇ ਗੁਰ ਨੀ ਦੱਸੇ ਅਜੇ ਸਿਆਸਤ ਦੇ"-

ਸੱਜਣ ਦਾ ਨਾਉਂ ਆਏ ਤੋਂ ਰਾਣਾ ਤਾਅ ਖਾ ਗਿਆ। ਜੈਲੀ ਦਾ ਗਲ਼ਾਮਾਂ ਉਹਦੇ ਹੱਥੋਂ ਕਈਆਂ ਨੇ ਲੱਗ ਕੇ ਛੁਡਾਇਆ ਸੀ।

ਉੱਥੇ ਤਾਂ 'ਛੱਡੋ ਪਰੇ' ਹੋ ਗਈ ਪਰ ਦਰਵਾਜੇ 'ਚ ਆਏ ਤਾਂ ਸਾਹਮਣਿਉਂ ਆਉਂਦੀ ਭਜੋ ਟੱਕਰਗੀ। ਜਿੰਦਰ ਦਾ ਗੁੱਸਾ ਅਜੇ ਉਤਰਿਆ ਨਹੀਂ ਸੀ। ਭਜੋ ਨੂੰ ਉਲਾਂਭਾ ਦੇਣ ਲੱਗ ਪਿਆ-

-"ਤਾਈ ਜੈਲੀ ਨੂੰ ਸਮਝਾ ਕੇ ਰੱਖ, ਪੰਗੇ ਲੈਣ ਤੋਂ ਨੀ ਹਟਦਾ। ਅਸੀਂ ਤੇਰੇ ਨਾਉਂ 'ਤੇ ਕੁਆਟਰ ਅਲਾਟ ਕਰਵਾਉਣ ਨੂੰ ਫਿਰਦੇ ਐਂ, ਉਹ ਟੁੱਕੜਬੋਚ ਦੱਸਦੈ। ਅਸੀਂ ਥਪੜਿਆ ਦੇਣੈ ਕਿਸੇ ਦਿਨ, ਫੇਰ ਕਹੇਂਗੀ-"

ਭਜੋ ਨੇ 'ਫੇਰ' ਕਾਹਨੂੰ ਆਉਣ ਦੇਣੀ ਸੀ। ਸਾਰਾ ਪਿੰਡ ਜਾਣਦੈ ਬਈ ਉਹ ਬੋਲਣ ਦੀ ਵੈੜੀ ਐ। ਹੱਥ ਕੱਢ ਕੇ ਜਿੰਦਰ ਮੂਹਰੇ ਆ ਖੜ੍ਹੀ ਸੀ-

-"ਚੋਰ ਬਣਾਉਣ ਤੋਂ ਬੜਾ ਵੀ ਕਰੇਂਗਾ ਕੁਛ਼! ਤੂੰ ਅਰ ਮਾਹੀਆ ਈ ਕੁਆਟਰਾਂ ਨੂੰ ਲੈਲੋ ਚਿੱਤੜਾਂ 'ਚ, ਅਸੀਂ ਤਾਂ ਧਾਰ ਨੀ ਮਾਰਦੇ, ਤੇਰੇ ਨਾਲੇ ਕਿਸੇ ਹੋਰ ਦੇ ਕੁਆਟਰਾਂ 'ਤੇ"-

-"ਕਿਸੇ ਹੋਰ ਦੇ ਕਾਹਨੂੰ ਕਹਿਨੀ ਐਂ। ਨਓਂ ਲੈ ਸਿੱਧੀ ਹੋ ਕੇ ਪਤੰਦਰ ਦਾ"-ਮਾਹੀਆ ਭਜੋ ਦੇ ਬੋਲਣ ਨਾਲ ਬੁਖਲਾ ਗਿਆ।

-"ਪਤੰਦਰ ਹੋਊ ਤੇਰੀ ਮਾਂ ਦਾ, ਮੇਰਾ ਤਾਂ ਦੁਸ਼ਮਣ ਐ ਦੁਸ਼ਮਣ। ਸੱਜਣ ਠੱਗ।" ਭਜੋ ਮਾਹੀਏ ਨੂੰ ਕੁੱਦ ਕੇ ਪੈ ਗਈ।

-"ਤੇਰੀ ਮਾਂ ਦੀ ਤੇਰੀ ਚਗਲ ਦੀ। ਉਸੇ ਸੱਜਣ ਹੇਠ ਵੀਹ ਵਾਰ ਚਿੱਤੜ ਘਸਾਏ ਨੇ ਤੈਂ। ਸਾਲੀ ਕੁੱਤੀ ਮਾਂ ਤਕ ਜਾਂਦੀ ਐ"-ਮਾਹੀਆ ਭਜੋ ਦੇ ਮਾਰਨ ਨੂੰ ਅਹੁਲਿਆ। ਬਚਣ ਲਈ ਘੁੰਮੀ ਭਜੋ ਦਾ ਹੱਥ ਰਾਣੇ ਦੇ ਮੂੰਹ 'ਤੇ ਵੱਜਿਆ ਤੇ ਉਸਦਾ ਗੋਲ ਕਰਕੇ ਬੰਨ੍ਹਿਆ ਪਟਕਾ, ਔਹ ਜਾ ਪਿਆ। ਜਿੰਦਰ ਨੇ ਆ ਦੇਖਿਆ ਨਾ ਤਾਅ, ਭਜੋ ਦੇ ਥੱਪੜ ਮਾਰਿਆ। ਭਜੋ ਬਚਾ ਲਈ ਭੱਜੀ ਤਾਂ ਮਾਹੀਆ ਮੂਹਰੇ ਹੋ ਗਿਆ-

-"ਖੜ੍ਹ ਤੇਰੀ...ਤੇਰਾ ਤਾਂ ਮੁੰਨਾਂ ਝਾਟਾ।" ਉਸ ਨੇ ਭਜੋ ਦੀਆਂ ਬੂਦਰੀਆਂ ਫੜ ਕੇ ਝੰਜੋੜੀਆਂ। ਮਾਹੀਏ ਦੇ ਹੱਥ 'ਤੇ ਦੰਦੀ ਵੱਢ ਕੇ ਭੱਜੀ ਭਜੋ, ਜਿੰਦਰ ਨੇ ਦਰਵਾਜੇ ਦੇ ਬਾਹਰ ਨਿਕਲਦੀ ਢਾਅ ਲਈ। ਜਦ ਨੂੰ ਛਡਾਉਣ ਵਾਲਿਆਂ ਦਾ 'ਕੱਠ ਹੁੰਦਾ, ਜਿੰਦਰ ਨੇ ਵਾਲਾਂ ਤੋਂ ਫੜ ਕੇ ਭਜੋ ਦਾ ਸਿਰ, ਦਰਵਾਜੇ ਦੇ ਸਾਹਮਣੇ, ਘੋਲਾਂ ਦਾ ਮੱਥਾ ਟੇਕਣ ਲਈ ਗੱਡੇ ਹੋਏ ਲਕੜੀ ਦੇ ਹਨੂੰਮਾਨ ਨਾਲ ਲਾ ਲਿਆ-

-"ਮੂੰਹ 'ਚ ਮੂਤ ਇਹਦੇ ਸਾਲੀ ਦੇ, ਧਾਰ ਨੀ ਮਾਰਦੇ ਇਹੇ"-

ਸਾਰੀ ਗੱਲ ਸੁਣਕੈ ਮੈਨੂੰ ਖੜ੍ਹਨਾ ਦੁੱਭਰ ਹੋ ਗਿਆ ਸੀ। ਬੁੜ੍ਹੀਆਂ 'ਚ ਘਿਰੀ ਭਜੋ ਲਗਾਤਾਰ 'ਜੈ ਹਿੰਦੀਆਂ' ਨੂੰ ਗਾਲ੍ਹਾਂ ਕੱਢੀ ਜਾ ਰਹੀ ਸੀ। ਮੇਰਾ ਜੀਅ ਕਰਦਾ ਸੀ, ਕਿਸੇ ਨੂੰ ਕੁਛ਼ ਕਹਾਂ। ਪਰ ਮੇਰਾ ਬੋਲੇ ਨਾ ਨਿਕਲਿਆ। ਡੌਰ ਭੌਰ ਜਿਹਾ ਹੋਇਆ ਹੋਇਆ ਖੜ੍ਹਾ ਰਿਹਾ। ਰਾਣੇ ਦੀ ਮਾਂ ਨੂੰ ਘੜੀਸ ਕੇ ਦਰਵਾਜ਼ੇ ਲਿਆਉਣ ਦੇ ਇਕ ਦੋ ਲਲਰਕਾਰੇ ਸੁਣੇ ਤਾਂ ਚੁੱਪ-ਚਾਪ ਤੁਰ ਪਿਆ। ਪਿੱਛੋਂ ਕਿਸੇ ਨੇ ਕਿਹਾ ਸੀ-

-"ਬੁੜ੍ਹਾ ਸੂਹਾਂ ਲੈਂਦਾ ਫਿਰਦੈ..." ਪਰ ਮੈਨੂੰ ਤਾਂ ਆਖਰੀ ਗੱਲ ਸੁਣਨ ਤੋਂ ਬਾਅਦ ਲਗਾਤਾਰ ਧੁੜਧੜੀਆਂ ਆ ਰਹੀਆਂ ਸਨ। ਘੜੀ ਮੁੜੀ ਮੇਰਾ ਹੱਥ ਸਿਰ 'ਤੇ ਚਲਿਆ ਜਾਂਦਾ। ਮੈਨੂੰ ਸੰਤੇ ਪੁਆਧੀਏ ਦੇ ਬੋਲ ਸੁਣੀ ਜਾਂਦੇ-



-"ਬਖਤੌਰਾ ਸੀਆਂ, ਇਸ ਤੇ ਤਾਂ ਚੰਗਾ ਜਾਪਾਨੀ ਸਾਲੇ ਮਾਰੇ ਦਮੈ"-ਉਹ ਪਿਸ਼ਾਬ ਦਾ ਮੁਸ਼ਕ ਮਾਰਦੇ, ਰਗੜ ਕੇ ਮੁੰਨੇ ਆਪਣੇ ਸਿਰ ਨੂੰ ਪਛਤਾਵੇ ਵਿਚ ਹਿਲਾਉਂਦਾ ਕਹਿੰਦਾ ਹੁੰਦਾ-

-"ਕਿੱਥੇ ਪੰਗਾ ਲੈ ਲੀਆ ਜਾਰ ਫੌਜ ਕਾ। ਆਪਣੇ ਘਰਾਂ ਮੌਜ ਕਰੇ ਤੇ। ਮੇਰੇ ਬਰਗਾ ਤਾਂ ਇਬ ਤਕ, ਨਿਆਣੇ ਬੀ ਢੇਰ ਸਾਰੇ ਬਣਾ ਦਿੰਦਾ। ਘਰ ਵਾਲੀ ਵਥੇਰੀ ਨਰੋਈ ਦੇਹ ਕੀ ਹੋਇਆ ਕਰੇਂ ਤੀ। ਸੌਂਹ ਮੈਨੂੰ ਗੜ੍ਹੀ ਕੀ ਇਬ ਤਕ ਤਾਂ...।"

ਉਹ ਹਮੇਸ਼ਾ ਚਮਕੌਰ ਦੀ ਗੜ੍ਹੀ ਦੀ ਸਹੁੰ ਖਾਂਦਾ। ਉਹਦੇ ਮੂੰਹੋਂ ਸਹੁੰ ਸੁਣਕੇ ਈ, ਮੇਰੀ ਉਹਦੇ ਨਾਲ ਸਾਂਝ ਪਈ ਸੀ। ਫਿਰ ਬਹੁਤਾ ਸਮਾਂ ਅਸੀਂ 'ਕੱਠੇ ਈ ਰਹੇ। 'ਕੱਠੇ ਈ ਫੜੇ ਗਏ। ਜਦੋਂ ਸਿੰਘਾਪੁਰ ਨੇੜੇ ਜੋਹਾਰ ਕਸਾਵੇ ਦਾ ਮੋਰਚਾ ਟੁੱਟਿਐ, ਸਾਡੀ ਯੂਨਿਟ ਥਾਈਲੈਂਡ 'ਚ ਸੀ। ਚੌਦਾਂ ਪੰਜਾਬ ਰਜਮੈਂਟ ਦੇ ਰਿਜ਼ਰਵ 'ਚ । ਚੌਦਾਂ ਪੰਜਾਬ ਵਾਲੇ ਜਿਤਰਾ 'ਚ ਲੜ ਰਹੇ ਸੀ। ਜਿਤਰਾ 'ਚ ਅੰਗ੍ਰੇਜ਼ ਫੌਜ ਦੇ ਹਾਰਨ ਤੇ ਬੇੜਾ ਡੁੱਬਣ ਤੋਂ ਬਾਅਦ ਵੀ ਸਾਡੀ ਯੂਨਿਟ ਲੜਨ ਲਈ ਤਿਆਰ ਰਹੀ। ਪਰ ਜਦ ਕਰਨਲ ਹੰਟ ਦੇ ਜਪਾਨੀ ਫੌਜ ਮੂਹਰੇ ਹਥਿਆਰ ਸੁੱਟਣ ਦੀ ਖਬਰ ਪਹੁੰਚੀ, ਡਿਸਪਲਿਨ ਟੁੱਟ ਗਿਆ। ਯੂਨਿਟ ਖਿੰਡ ਗਈ। ਜੀਹਦਾ ਜਿੱਧਰ ਮੂੰਹ ਹੋਇਆ ਭੱਜ ਲਿਆ। ਮੈਂ ਤੇ ਸੰਤਾ, ਜਾਪਾਨੀਆਂ ਦੇ ਪਹੁੰਚਣ ਤੋਂ ਪਹਿਲਾਂ ਇਕ ਇੱਖ 'ਚ ਜਾ ਲੁਕੇ। ਸਾਡੇ ਕੋਲ ਛੋਲਿਆਂ ਤੇ ਪਾਣੀ ਦੀ ਰਸਦ ਅਜੇ ਪੂਰੀ ਸੀ। ਅਸੀਂ ਛੋਲੇ ਖਾ ਕੇ ਪਾਣੀ ਪੀ ਕੇ ਹਟੇ ਤਾਂ ਮੈਨੂੰ ਖਿਆਲ ਆਇਆ, ਖੇਤ ਬੀਜੜ ਇੱਖ ਦਾ ਸੀ, ਸੰਘਣਾ ਰੱਖ ਕੇ ਬੀਜਿਆ ਹੋਇਆ, ਖੜ੍ਹੇ ਬੰਦੇ ਦੇ ਮੌਰਾਂ ਤਕ, ਹਰਾ ਕਚੂਰ ਜਿਵੇਂ ਭੰਬੂਲ ਖੜ੍ਹੇ ਹੋਣ। ਮੇਰੇ ਆਪਣੇ ਖੇਤ ਯਾਦ ਆ ਗਏ। ਪਹਿਲੀ ਵਾਰ ਉਹ ਓਪਰੀ ਧਰਤੀ ਮੈਨੂੰ ਆਪਣੀ ਲੱਗੀ। ਮਨ ਓਦਰ ਗਿਆ। ਘਰ ਯਾਦ ਆਇਆ; ਕੀ ਕਰਦੇ ਹੋਣਗੇ। ਪਛੇਤਾ ਇੱਖ ਬੀਜਿਆ ਹੋਇਆ ਤਾਂ ਗਿੱਲ ਦੱਬਦੇ ਹੋਣਗੇ। ਮੋਢਾ ਰੱਖਿਆ ਹੋਇਆ ਤਾਂ ਕਹੋਲੀਆਂ ਨਾਲ ਗੁੱਡਦੇ ਹੋਣਗੇ, ਮੈਂ ਸੋਚਿਆ ਸੀ। ਤਾਇਆ ਬਚਨ ਸਿਉਂ ਯਾਦ ਆਇਆ। ਮੇਰਾ ਬਹੁਤਾ ਉਹੀ ਕਰਦਾ ਹੁੰਦਾ ਸੀ। ਛੇਵੀਂ ਤਕ ਉਹਨੇ ਮੈਨੂੰ ਹਰ ਰੋਜ਼, ਪੰਜ ਕੋਹ ਵਾਟ ਮੋਢੇ 'ਤੇ ਬਠਾ ਕੇ ਲੈ ਕੇ ਜਾਣਾ। ਫੇਰ ਸਵੇਰ ਸ਼ਾਮ ਜੋਰ ਕਰਾਉਣਾ। ਚੱਕੀ ਦਾ ਪੁੜ ਤਾਂ ਮੈਂ ਸੱਤਮੀਂ 'ਚ ਚੱਕ ਦਿੰਦਾ ਸੀ। ਖਬਰੈ ਤਾਏ ਦੇ ਕਰਵਾਏ ਜੋਰ ਕਰਕੇ ਈ ਸਰੀਰ ਕੈਮ ਰਿਹੈ। ਨਹੀਂ ਮੇਰੇ ਨਾਲਦਿਆਂ ਨੂੰ ਮਰਿਆਂ ਨੂੰ ਵੀ ਦਸ ਸਾਲ ਹੋਗੇ। ਮੈਂ ਅਜੇ ਨਗਾਹੀਏ ਦੇ ਕਹਿਣ ਵਾਂਗ 'ਘੋੜੇ ਵਰਗਾ' ਪਿਆਂ। ਕੋਹ ਦੂਰੋਂ ਬੰਦਾ ਪਛਾਣ ਲੈਨੈਂ। "ਜੱਗ ਤੰਦਰੁਸਤ ਸਰੀਰਾਂ ਦਾ ਈ ਮੇਲੈ" ਤਾਇਆ ਅਕਸਰ ਕਹਿੰਦਾ ਹੁੰਦਾ ਸੀ।

ਭਰਤੀ ਲਈ ਲੁਧਿਆਣੇ ਲੈਕੇ ਗਿਆ, ਮੇਰਾ ਬਾਪੂ ਯਾਦ ਆਇਆ। ਮੱਥੇ 'ਚ ਠੱਕ ਠੱਕ ਵੱਜੇ ਉਹਦੇ ਬੋਲ ਹੁਣ ਤਕ ਮੇਰੇ ਨਾਲ ਨੇ-

-"ਅਫਸਰੀ ਉਫਸਰੀ ਤਾਂ ਵੜਗੀ ਭਾਂਡੇ 'ਚ, ਤੂੰ ਹੁਣ ਫੌਜ 'ਚ, ਟਿਕ ਕੇ ਰਹੀਂ। ਕਿਤੇ ਉਥੇ ਨਾਹਰੇ ਮਾਰਨ ਲੱਗ ਪਮੇਂ। ਅਗਲੇ ਜਦੇ ਗੋਲੀ ਮਾਰ ਦੇਣਗੇ। ਐਥੇ ਰਹਿੰਦਾ ਹੋਰ ਦੋ ਸਾਲ ਨੂੰ ਅਫਸਰ ਹੁੰਦਾ"-

ਬਾਪੂ ਦਾ ਉਦਾਸ, ਝੰਬਿਆ ਪਿਆ ਚਿਹਰਾ, ਮੈਨੂੰ ਹੁਣ ਵੀ ਉਵੇਂ ਜਿਵੇਂ ਦਿਸਦੈ। ਬਾਪੂ ਦਾ ਰੋਸ ਬਹੁਤ ਹੱਦ ਤਕ ਸੱਚਾ ਸੀ। ਉਹਨਾਂ ਤਿੰਨ ਭਾਈਆਂ ਦੀ ਮੈਂ 'ਕੱਲੀ ਉਲਾਦ ਸੀ, ਪੜ੍ਹਨ 'ਚ ਤਿੱਖਾ। ਪਰ ਮੇਰੀ ਸਮਝ ਦਾ ਰਾਹ ਉਹਨਾਂ ਨਾਲੋਂ ਪਾਟ ਗਿਆ ਸੀ। ਉਹਨਾਂ ਭਾਣੇ ਮੈਂ ਪੁੱਠੇ ਚਾਲੇ ਫੜ ਲਏ ਸਨ। ਬਾਪੂ ਦਾ ਹਉਕਾ ਹੁਣ ਵੀ ਮੈਨੂੰ ਉਨਾ ਹੀ ਸਾਫ ਸੁਣਦਾ ਹੈ-

-"ਨਿੱਜ ਜਾਂਦਾ ਛਪਾਰ ਦੇ ਮੇਲੇ"-

ਪਰ ਛਪਾਰ ਕਿਹੜਾ ਮੈਂ ਮੇਲਾ ਵੇਖਣ ਗਿਆ ਸੀ। ਸਾਡੇ ਅੰਗ੍ਰੇਜ਼ੀ ਮਾਸਟਰ ਕਾਹਲਾ ਸਿਉਂ ਦੀ 'ਸਿੱਖ-ਮੱਤ' ਸੀ। ਆਜਾਦੀ, ਗੁਲਾਮੀ ਦੇ ਕੁਛ਼ ਕੁਛ਼ ਮਾਇਨੇ ਸਮਝ ਆਉਣ ਲੱਗੇ ਸਨ ਤੇ ਦਸਵੀਂ ਵਿਚੋਂ ਅਸੀਂ ਤਿੰਨ ਮੁੰਡੇ ਖਾਸ ਤੌਰ 'ਤੇ 'ਦੁਖੀ ਜ਼ਿਮੀਦਾਰਾਂ' ਦੇ ਜਲੂਸ ਵਿਚ ਸ਼ਾਮਲ ਹੋਣ

ਗਏ ਸੀ। ਮੇਰੇ ਹੁਣ ਵੀ ਯਾਦ ਐ 1935 ਦਾ ਬਾਰਾਂ ਸਤੰਬਰ। ਮੇਰੇ ਅਤੇ ਮਹਿੰਗੇ ਦੇ ਹੱਥ
ਫੜਿਆ ਮਾਟੋ-

*ਮੁਜਾਰਿਆਂ ਨੂੰ ਹੁਣ ਹੋਸ਼ ਹੈ ਆਈ,*
*ਨਾ ਖੁੱਡ ਜ਼ਮੀਨ ਨਾ ਦਾਣਾ ਬਟਾਈ।*

ਸਾਰੇ ਮੇਲੇ 'ਚ ਅਸੀਂ ਥਾਂ ਥਾਂ ਮੀਟਿੰਗਾਂ ਕਰਦੇ, ਨਾਹਰੇ ਮਾਰਦੇ-ਰੇਲੇ ਦਾ ਰੇਲਾ-ਮੇਲੇ ਨੂੰ ਧੱਕ
ਫਿਰਦੇ। ਬੋਲੀਆਂ ਪਾਉਂਦੇ ਬੱਕਰੀਆਂ ਆਲਿਆਂ ਤੋਂ ਲੈ ਕੇ, ਮਿੱਟੀ ਕੱਢਣ ਆਏ ਸ਼ਰਧਾਲੂ ਤੇ ਦੂ
ਦੂਰੋਂ ਗੁੱਗੇ ਦੀਆਂ ਛੜੀਆਂ ਨਿਸ਼ਾਨੀਆਂ ਨਾਲ ਭਾਦੋਂ ਮੰਗ ਕੇ ਲਿਆਏ ਭਗਤ, ਸਾਡੀਅ
ਮੀਟਿੰਗਾਂ 'ਚ 'ਕੱਠੇ ਹੁੰਦੇ। ਕਿਤੇ ਰੁਕਦੇ ਤਾਂ ਕੁੱਪ ਆਲਾ ਗੰਡਾ ਸਿਉਂ ਲੈਕਚਰ ਕਰਦਾ। ਮਾੜੀ
ਵੱਜਦੇ ਰੰਗ ਬਰੰਗੇ ਫੁੰਦਿਆਂ ਆਲੇ ਢੋਲਾਂ ਦੀ ਤਾਲ 'ਤੇ ਮਹਿੰਗੇ ਦਾ ਸਿਰ ਐਂ ਹਿਲਦਾ ਜਿਵੇਂ ਉਹ
'ਚ ਗੁੱਗਾ ਆ ਗਿਆ ਹੋਵੇ। ਮੈਂ ਤੇ ਚੱਕ ਆਲਾ ਕਿਹਰੂ ਬੋਲੀ ਪਾਉਂਦੇ ਤਾਂ ਨੇੜੇ ਤੇੜੇ ਲੱਗੇ ਜਲਸੇ
ਦੀਵਾਨਾਂ 'ਚ ਚੁੱਪ ਛਾ ਜਾਂਦੀ-

*ਭਰਿਆ ਟੋਕਰਾ ਏ ਅੰਬੀਆਂ ਦਾ/ ਨੀ ਕਿੱਥੇ ਲਾਹੇਂਗੀ,*
*ਕਿੱਥੇ ਲਾਹੇਂਗੀ ਰਾਜ ਫਰੰਗੀਆਂ ਦਾ/ ਨੀ ਕਿੱਥੇ ਲਾਹੇਂਗੀ-*

ਜਦੋਂ ਕਿਹਰੂ ਨੇ ਕੰਨ 'ਤੇ ਹੱਥ ਧਰਕੇ, ਹੇਕ ਲਾਈ, ਲੋਹੇ ਖੇੜੇ ਆਲੇ ਮੋਦਨ ਨੇ 'ਹੀਰ' ਵਿ
ਛੱਡਤੀ। ਆਪਣੇ ਦੋਹਾਂ ਪਾਛੂਆਂ ਨੂੰ ਨਾਲ ਲੈ ਕੇ, ਸਾਡੇ ਜਲੂਸ ਵਿਚ ਆ ਰਲਿਆ। ਫਿਰ ਤ
ਜਿਵੇਂ ਸਾਰੇ ਮੇਲੇ 'ਚ, ਅਕਬਰ ਪਾਤਸ਼ਾਹ ਤੇ ਦੁੱਲਾ ਭੱਟੀ, ਆਹਮੋ-ਸਾਹਮਣੇ ਜੰਗ ਲੜਦੇ ਰਹੇ

*ਦੁੱਲੇ ਨੇ ਨ੍ਹਾਵਣ ਰਚਾ ਲਿਆ, ਲਿਆ ਪਾਣੀ ਗਰਮ ਕਰਾ।*
*ਪੰਜੇ ਪਹਿਨ ਲਏ ਭੱਟੀ ਨੇ ਕੱਪੜੇ, ਲੈਂਦਾ ਕਾਅਬੇ ਨੂੰ ਸੀਸ ਨਿਵਾ।*

ਮਲੇਰਕੋਟਲੇ ਆਲਾ ਬਿਜਲਾ ਸਿਉਂ ਵਾਰ ਵਾਰ ਕਹਿੰਦਾ:-

-"ਤੁਸੀਂ ਤਾਂ ਪਰਜਾ ਮੰਡਲ ਦੀ ਜਾਨ ਬਣਨੈਂ ਮੁੰਡਿਓ ਤਕੜੇ ਹੋ ਕੇ ਲੜੋ"-

ਪਰ ਤਕੜੀ ਤਾਂ ਪੁਲਸ ਨਿਕਲੀ। ਮੇਲੇ ਤੋਂ ਤੀਜੇ ਦਿਨ ਪਿੰਡ ਪਹੁੰਚੇ ਤਾਂ ਹਾਹਾਕਾਰ ਮੱ
ਪਈ ਸੀ। ਮੈਂ ਪਿੰਡ ਵੜਿਆ ਤਾਂ ਗੋਰੇ ਖੂਹ 'ਤੇ ਈ ਤਾਇਆ ਟੱਕਰ ਗਿਆ। ਔਂਟਲਿਆਂ ਵਾਂ
ਹੱਥ ਮਾਰੇ-

-"ਭੱਜ ਜਾ, ਬਖਤੌਰਿਆ, ਬਚ ਜੇ ਬਚ ਹੁੰਦੈ-"

ਮੈਂ ਉਹਨੀਂ ਪੈਰੀਂ ਵਾਪਸ ਮੁੜਿਆ ਪਰ ਐਨ ਮੌਕੇ 'ਤੇ ਈ, ਲੰਬੜਦਾਰ ਬਾਲੇ ਦੇ ਘਰੋ
ਜਿਹਨਾਂ ਨੂੰ ਹੁਣ ਵੱਡੇ ਦਰਵਾਜੇ ਵਾਲੇ ਕਹਿੰਦੇ ਨੇ, ਦੋ ਸਿਪਾਹੀ, ਸਾਦੇ ਕੱਪੜਿਆਂ 'ਚ ਨਿਕ
ਤੇ ਮੈਨੂੰ ਫੜ ਲਿਆ। ਮੇਰੀ ਪੱਗ ਨਾਲ ਈ ਮੇਰੀਆਂ ਮੁਸ਼ਕਾਂ ਬੰਨ੍ਹ ਲਈਆਂ। ਥਾਣੇ ਲਿਆਏ ਤ
ਥਾਣੇ ਤੋਂ ਬਾਹਰੇ, ਖੰਦਕ 'ਤੇ ਬਿਠਾਤਾ। ਉਵੇਂ ਜਿਵੇਂ ਹੱਥ ਬੰਨ੍ਹੇ ਹੋਏ। ਥਾਣੇ ਦੇ ਵਿਹੜੇ 'ਚ
ਸਿਪਾਹੀ, ਕਿਸੇ ਅਧਖੜ ਜੇ ਬੰਦੇ ਨੂੰ ਕੁੱਟਣ ਲੱਗੇ ਹੋਏ। ਕੁੱਟ ਉਹਦੇ 'ਤੇ ਪਵੇ, ਰੋਣ ਮੈਂ ਲੱਗ ਪਿਆ
ਆਥਣ ਤਕ ਦੋ ਵਾਰ ਮੇਰੇ 'ਤੇ ਕੁੱਟ ਪਈ। ਦੂਜੀ ਵਾਰ ਤਾਂ ਬਾਪੂ ਨੂੰ ਕੋਲ ਖੜ੍ਹਾ ਕੇ ਕੁੱਟਿਆ
ਰਾਤ ਨੂੰ ਰੋਟੀ ਖਲਾ ਕੇ ਪਿੰਡ ਨੂੰ ਮੁੜਨ ਲੱਗਿਆ ਬਾਪੂ ਨਾਲੇ ਰੋਈ ਜਾਵੇ ਨਾਲੇ ਮੈਨੂੰ ਚੁੱਪ ਕਰਾ
ਜਾਵੇ, "ਹੁਣ ਨੀ ਕੁੱਟਦੇ, ਮੈਂ ਕਰਲੀ ਗੱਲ। ਬੱਸ ਜੇ ਕੋਈ ਬੜਾ ਅਫਸਰ ਹੱਬ-ਦੱਬ ਕਰ
ਪੁੱਛ-ਗਿੱਛ ਕਰੇ ਤੂੰ ਮੰਨੀਂ ਨਾ ਕੁਸ਼। ਕਹਿ ਮੈਂ ਤਾਂ ਮੇਲੇ ਗਿਆ ਉਹਨਾਂ ਨਾਲ ਰਲ ਗਿਆ।" ਵੀ
ਦਿਨ ਬਾਅਦ ਮਾਫੀਨਾਮੇ 'ਤੇ ਦਸਤਖਤ ਕਰਕੇ ਮੈਂ ਘਰ ਆ ਗਿਆ। ਤਾਇਆ ਤਾਂ ਬੋਲਿਆ
ਨਾ, ਬਾਪੂ ਝੂਰੀ ਜਾਵੇ-

-"ਐਤਕੀਂ ਦੀ ਸੋਟੀ ਲਾਗੀ ਤੇਰੇ 'ਤੇ, ਕੁੱਟ ਵਾਧੂ ਦੀ ਖਾਧੀ। ਸਾਲਾ ਆਜਾਦੀ ਦਾ ਹੋਇਐਂ

ਥੋੜ੍ਹੇ ਦਿਨਾਂ ਬਾਅਦ ਭਰਤੀ ਕਰਾ ਗਏ। ਉਮਰ ਪੂਰੀ ਕਰਨ ਨੂੰ ਅਨਪੜ੍ਹ ਲਿਖਾਤ
ਲੜਾਈ ਦਾ ਤਾਂ ਜਦ ਚਿੱਤ-ਚੇਤਾ ਵੀ ਨੀ ਸੀ। ਹੁਣ ਭਾਵੇਂ ਇਹ ਗੱਲ ਓਪਰੀ ਲੱਗੇ ਪਰ ਜ



ਤਾਂ ਐਂ ਲਗਦਾ ਸੀ ਜੇ ਪਿੰਡ ਰਿਹਾ ਤਾਂ ਪੁਲਸ ਮਾਰ ਦੂ। ਫੌਜ 'ਚ ਜਾਨ ਬਚੀ ਰਹੂ। ਪਰ ਜਾਨ ਬਚਾ ਕੇ ਕੀ ਕੀਤਾ। 'ਇਦੋਂ ਤਾਂ'..ਮੇਰਾ ਹਉਕਾ ਨਿਕਲਿਆ ਹੈ-

-"ਕੀ ਗੱਲ ਬਾਬੇ ਢਿਲਕਿਆ ਜਿਆ ਪਿਐਂ। ਅੱਜ ਤਾਂ ਕੈਮ ਰਹਿ। ਤੇਰੇ ਆਲੇ ਮਾਊਸ 'ਤੇ ਤਾਂ ਬਾਪੂ ਨੇ ਚੇਅਰਮੈਨੀ ਕਲਿਕ ਕਰਨੀ ਐਂ"-

ਗੋਲਡੀ ਨੇ, ਮੇਰਾ ਹਉਕਾ ਸੁਣ ਕੇ ਆਪਣੀ ਗੇਮ ਵੱਲੋਂ ਹਟਿਆ ਧਿਆਨ ਫੇਰ ਗੇਮ ਵੱਲ ਮੋੜ ਲਿਆ ਹੈ। ਉਸ ਦੇ ਨਾਲ ਹੀ ਮੇਰਾ ਧਿਆਨ ਵੀ ਗੇਮ ਵਿਚ ਭੱਜੀ ਜਾਂਦੀ ਕਾਰ ਵੱਲ ਚਲਿਆ ਗਿਆ ਹੈ। ਕਾਰ ਦਾ ਸਟੇਰਿੰਗ ਗੋਲਡੀ ਦੇ ਹੱਥ ਐ ਤੇ ਬੇ-ਇੰਤਹਾ ਭੱਜੀ ਜਾਂਦੀ ਕਾਰ ਦੇ ਬੋਨਟ 'ਤੇ ਇਕ ਬੰਦਾ ਬੰਨ੍ਹਿਆ ਹੋਇਆ ਹੈ। ਵਾਹੋ ਦਾਹ ਭੱਜੀ ਜਾਂਦੀ ਕਾਰ ਅੱਗੇ ਤਰ੍ਹਾਂ ਤਰ੍ਹਾਂ ਦੇ ਖਤਰਨਾਕ ਮੋੜ, ਕੱਟ, ਪਹਾੜ, ਪਾਣੀ ਅਤੇ ਹੋਰ ਕਿੰਨੇ ਹੀ ਅੜਿੱਕੇ ਆਉਂਦੇ ਹਨ। ਕਾਰ ਡਾਜ ਮਾਰਦੀ, ਝਟਕੇ ਖਾਂਦੀ, ਕਈ ਵਾਰ ਐਨ ਕਾਸੇ 'ਚ ਵੱਜਦੀ ਵੱਜਦੀ ਬਚਦੀ ਹੈ। ਬੰਨ੍ਹਿਆ ਹੋਇਆ ਬੰਦਾ ਦਹਿਲ ਦਹਿਲ ਜਾਂਦਾ ਹੈ। ਜੇ ਕਿਤੇ ਮਾੜਾ ਮੋਟਾ ਰੁਕ ਸਿਰ ਹੁੰਦਾ ਹੈ ਤਾਂ ਅੱਗੇ ਉਸ ਤੋਂ ਵੀ ਵੱਡਾ ਝਟਕਾ ਲਗਦਾ ਹੈ। ਉਹਦੀ ਚੀਕ ਨਿਕਲ ਜਾਂਦੀ ਹੈ। ਇਹ ਕੋਈ ਨਵੀਂ ਗੇਮ ਹੈ, ਨਹੀਂ ਬਹੁਤੀਆਂ ਗੇਮਾਂ ਤਾਂ ਮੈਨੂੰ ਗੋਲਡੀ ਨੇ ਦਖਾਈਆਂ ਹੋਈਆਂ ਨੇ। ਇਕ ਦੋ ਲੁਕਣਮੀਟੀ ਵਰਗੀਆਂ ਤਾਂ ਮੈਨੂੰ ਚੰਗੀਆਂ ਵੀ ਲਗਦੀਐਂ, ਮੈਂ ਦੇਖ ਵੀ ਲੈਨੈਂ। ਘਰੋਂ ਭਾਵੇਂ ਗੇਮਾਂ ਪਿੱਛੇ ਗੋਲਡੀ ਨਾਲ ਗਾਲ-ਦੁੱਪੜ ਹੋਵੇ ਪਰ ਮੇਰੇ ਨਾਲ ਇਹਦੀ ਗੇਮਾਂ ਦੀ ਪੂਰੀ ਆੜੀ ਐ-

"ਇਹ ਕਿਹੜੀ ਗੇਮ ਐ ? ਮੈਨੂੰ ਤਾਂ ਸਮਝ ਨੀ ਲੱਗੀ ਇਹਦੀ।"

-"ਅਮਰੀਕਨ ਗੇਮ ਐ। 'ਹਿੱਟ ਦਾ ਡੇਵਿਲ' ਸੀਰੀਜ਼ ਦਾ ਤੀਜਾ ਭਾਗ। ਤੈਂ ਉਹ ਪਹਿਲੀਆਂ ਦੋ ਦੇਖੀਆਂ ਤਾਂ ਹੋਈਐਂ। ਇਕ ਉਹ ਜੀਹਦੇ 'ਚ ਲਾਦੇਨ ਦੇ ਗੋਲੀ ਲੱਗੇ 'ਤੇ ਬੁਸ਼ ਨੱਚਦਾ ਜਿਹਾ ਆਉਂਦਾ ਹੁੰਦਾ ਤੀ"-

-"ਆਹ ਕੌਣ ਐ ਜਿਹੜਾ ਬੰਨ੍ਹਿਆ ਹੋਇਐ"-

-"ਔਹ ਦੇਖ, ਇਕ ਪਾਸੇ ਲਿਖਿਆ ਤਾਂ ਹੋਇਐ। ਵੈਨਜ਼ੂਐਲਾ ਦਾ ਰਾਸ਼ਟਰਪਤੀ ਐ, ਚਾਵੇਜ਼। ਦਹਿਲਾ ਕੇ ਮਾਰਨੈਂ। ਨਾ ਗੱਡੀ ਐਕਸੀਡੈਂਟ ਕਰਨੀ ਐ, ਨਾ ਉਲਟਣ ਦੇਣੀ ਐ। ਨਾ ਬੰਦੇ ਨੂੰ ਟੱਚ ਕਰਨੈਂ। ਬੱਸ ਗੱਡੀਓ ਐਂ ਚਲਾਉਣੀ ਐ ਬਈ ਦਹਿਲ ਕੇ ਮਰ ਜਾਵੇ।"

ਗੱਲ ਵਿਚਾਲੇ ਛੱਡ ਕੇ, ਗੋਲਡੀ ਨੇ ਕਾਰ ਦੀ ਰੇਸ ਵਧਾ ਦਿੱਤੀ ਹੈ। ਕਾਰ ਦੇ ਸਾਹਮਣੇ ਅੱਗ ਦੇ ਭਾਂਬੜ ਉਭਰਦੇ ਹਨ। ਬੰਦੂਕ 'ਚੋਂ ਨਿਕਲੀ ਗੋਲੀ ਵਾਂਗ ਕਾਰ ਸਿੱਧੀ ਅੱਗ ਵੱਲ ਜਾ ਰਹੀ ਹੈ।

-"ਆਹ ਕੀ ਜਲਦੈ ?"-ਮੈਂ ਬੰਨ੍ਹੇ ਹੋਏ ਬੰਦੇ ਦੇ ਚਿਹਰੇ 'ਤੇ ਪੈਂਦੀ ਲਾਟ ਦੀ ਲਿਸ਼ਕ ਦੇਖਦਾ ਹਾਂ। ਡਰ ਨਾਲ ਉਸਦੀਆਂ ਅੱਖਾਂ ਅੱਡੀਆਂ ਗਈਆਂ ਹਨ। ਮੈਂ ਵੀ ਡਰ ਗਿਆ ਹਾਂ-

-"ਤੇਲ ਦੇ ਖੂਹਾਂ ਨੂੰ ਅੱਗ ਲੱਗੀ ਹੋਈ ਐ। ਹੁਣ ਮਰੂ ਚਾਵੇਜ"-

ਪਰ ਚਾਵੇਜ ਦੀ ਥਾਂ ਮੇਰੇ ਪੈਰ ਮੱਚਣ ਲੱਗ ਪਏ ਹਨ। ਅੱਗ ਦੇਖਦੀ ਸਾਰ ਜਿਹੜੀ ਬੇ-ਚੈਨੀ ਜਿਹੀ ਮਹਿਸੂਸ ਹੋਈ ਸੀ, ਹੁਣ ਉਸਦੀ ਸਮਝ ਲੱਗੀ ਹੈ। ਗੋਲਡੀ ਦੀ ਥਾਂ ਮੈਨੂੰ ਸੰਤੇ ਪੁਆਧੀਏ ਦਾ ਡਰਿਆ ਹੋਇਆ ਬੋਲ ਸੁਣਦਾ ਹੈ-

-"ਬਖਤੌਰ ਸੀਂਅ। ਇਬ ਮਾਰੇਂਗੇ ਸਾਲੇ ਭੁਨਕੈ"-ਮੇਰੀ ਸੁਰਤ ਵਿਚ, ਸਾਡੀ ਬਾਰਕ ਦੇ ਬਾਹਰ ਬਲਦੀ ਅੱਗ ਮੱਚ ਪਈ ਹੈ। ਇਹ ਜਾਪਾਨੀਆਂ ਦਾ ਨਵਾਂ ਸ਼ੁਗਲ ਸੀ। ਜਿਸ ਕੋਠੜੀ ਵਿਚ ਅਸੀਂ ਬੰਦ ਸੀ ਉਹ ਹੇਠੋਂ ਉੱਤੋਂ ਪੱਕੀ ਬਣੀ ਹੋਈ ਸੀ ਤੇ ਮੂਹਰਲੇ ਪਾਸੇ ਤੋਂ ਸਾਰੀ 'ਤੇ ਸਰੀਏ ਦਾ ਜਾਲ ਸੀ। ਜਾਪਾਨੀ ਸਿਪਾਹੀ ਬਾਹਰ ਧੁੱਪੇ ਬੈਠੇ ਵੀ ਸਾਡੇ 'ਤੇ ਪੂਰੀ ਨਿਗ੍ਹਾ ਰੱਖਦੇ। ਆਪਣੇ ਰਚਾਏ ਹਰ ਰੋਜ਼ ਨਵੇਂ ਖੇਲ੍ਹ ਦਾ ਆਨੰਦ ਮਾਣਦੇ। ਇਕ ਦਿਨ ਇਕ ਵੱਢ-ਖਾਣਾ ਕੁੱਤਾ ਸਾਡੀ ਕੋਠੜੀ 'ਚ ਲਿਆ ਛੱਡਿਆ। ਅਸੀਂ ਖਾਲੀ ਹੱਥ, ਬਘਿਆੜ ਵਰਗੇ ਕੁੱਤੇ ਨੂੰ ਕਾਬੂ ਕਰਨ 'ਚ ਲੱਗੇ ਰਹੇ

ਤੇ ਜਾਪਾਨੀ ਬਾਹਰ ਬੈਠੇ ਹਸਦੇ ਰਹੇ। ਦੋ ਦਿਨ ਮਰਿਆ ਹੋਇਆ ਕੁੱਤਾ ਸਾਡੀ ਕੋਠੜੀ 'ਚ ਪਿਆ ਰਿਹਾ। ਉਸ ਦਿਨ ਕੋਠੜੀ ਮੂਹਰੇ ਲੱਕੜਾਂ ਦਾ ਢੇਰ ਲਿਆ ਲਾਇਆ। ਫੇਰ ਸਰੀਆਂ ਦੇ ਨਾਲ ਲਾ ਕੇ ਅੱਗ ਲਾਤੀ। ਹੌਲੀ ਹੌਲੀ ਸੇਕ ਵਧਣਾ ਸ਼ੁਰੂ ਹੋਇਆ ਸੀ। ਸਾੜ ਪਾਉਂਦੇ ਸੇਕ ਤੋਂ ਬਚਣ ਦੇ ਆਹਰ ਵਿਚ ਅਸੀਂ ਪਿੱਛੇ ਹਟਦੇ ਹਟਦੇ ਕੰਧ ਨਾਲ ਜਾ ਲੱਗੇ ਸੀ। ਚਾਰ ਦਿਨਾਂ ਤੋਂ ਜਮਾਂ ਭੁੱਖੇ ਢਿੱਡ, ਸਵੇਰ ਸ਼ਾਮ ਪੈਂਦੀ ਕੁੱਟ ਦੇ ਭੰਨੇ ਸਰੀਰ, ਅੰਗ ਅੰਗ ਵਿਚ ਹੁੰਦੀ ਜਲਾਹਟ, ਅਸੀਂ ਮਰਨਹਾਰ ਹੋਏ ਹੋ ਗਏ। ਪਿੱਛੇ ਕੰਧ, ਮੂਹਰੇ ਅੱਗ ਤੇ ਅੱਗ ਦੇ ਪਾਰ ਭੁੜਕ ਭੁੜਕ ਹਸਦੇ ਗਿਠਮੁਠੀਆਂ ਵਰਗੇ ਜਾਪਾਨੀ। ਦੋ ਜਾਪਾਨੀ ਆ ਕੇ ਹੋਰ ਲੱਕੜੀਆਂ ਅੱਗ 'ਤੇ ਧਰ ਗਏ। ਪਹਿਲਾਂ ਹੀ ਬਹੁਤ ਔਖਾ ਆਉਂਦਾ ਸਾਹ, ਬੰਦ ਹੋਣ ਵਾਲਾ ਹੋ ਗਿਆ। ਅਸੀਂ ਪਾਸਾ ਬਚਾਉਣ ਲਈ ਕੰਧ ਵੱਲ ਮੂੰਹ ਕਰ ਲਿਆ ਸੀ।

-"ਇਬ ਦਖਾ ਕੋਈ ਲੁਕੀ ਬੀ ਸੂਰਮਗਤੀ"-

ਤਪਿਆ ਪਿਆ ਸੰਤਾ ਕੰਧ ਨਾਲ ਹੋਰ ਚਿਪਕਦਾ ਬੋਲਿਆ ਸੀ। ਮੇਰੇ ਯਾਦ ਐ ਮੈਂ ਹੈਰਾਨ ਹੋਇਆ ਸੀ ਕਿ ਕੋਈ ਅਜਿਹੇ ਮੌਕੇ ਵੀ ਮਖੌਲ ਕਰ ਸਕਦਾ ਹੈ। ਅਸੀਂ ਸੱਤੇ ਜਣੇ ਜਿਉਂਦੇ ਜੀਅ ਚਿਤਾ 'ਚ ਜਲ ਰਹੇ ਸੀ ਤੇ ਸੰਤੇ ਨੂੰ ਅਜੇ ਵੀ ਮਖੌਲ ਸੁੱਝ ਰਿਹਾ ਸੀ। ਉਹ ਫੜੇ ਜਾਣ ਤੋਂ ਪਹਿਲਾਂ ਇੱਖ 'ਚ ਲੁਕੇ ਬੈਠਿਆਂ, ਸੁਭਾਵਕ ਕਹੀ ਮੇਰੀ ਗੱਲ, ਹੁਣ ਮੈਨੂੰ ਸੁਣਾ ਕੇ ਕਹਿ ਰਿਹਾ ਸੀ। ਇੱਖ 'ਚ ਬੈਠਾ ਸੰਤਾ ਜਦੋਂ ਵਾਰ ਵਾਰ ਕਹੀ ਗਿਆ ਸੀ-

-"ਕਿੱਥੇ ਪੰਗਾ ਲੇ ਲੀਆ ਫੌਜ ਕਾ, ਆਪਣੇ ਘਰਾਂ ਮੌਜਾਂ ਕਰੇ ਤੇ"-ਤਾਂ ਮੈਂ ਆਪਣੇ ਮਨ ਦੀ ਗੱਲ ਕਹਿ ਦਿੱਤੀ ਸੀ-

-"ਮੌਜ ਤਾਂ ਕਰਦੇ ਸੰਤਾ ਸਿਆਂ, ਤੇਰੀ ਗੱਲ ਠੀਕ ਐ! ਪਰ ਜੇ ਭਰਤੀ ਨਾ ਹੁੰਦੇ ਤਾਂ ਆਪਾਂ ਨੂੰ ਆਪਣੇ ਅੰਦਰ ਲੁਕੀ ਬਹਾਦਰੀ ਦਾ ਕਿਵੇਂ ਪਤਾ ਲਗਦਾ। ਮਰ ਜਾਂਦੇ ਨਰੈਣਗੜ੍ਹ 'ਚ। ਹੁਣ ਦੇਖ ਆਪਾਂ ਕਿੰਨੀਆਂ ਲੜਾਈਆਂ 'ਚ ਸੂਰਮਗਤੀ ਦਿਖਾਈ ਐ"-

-ਇਕ ਸੂਰਮਗਤੀ ਤਾਂ ਉਹ ਉਦੋਂ ਮੌਕੇ 'ਤੇ ਹੀ ਦਿਖਾਉਣ ਲੱਗਿਆ ਸੀ। ਇਖ 'ਚ ਬੈਠੇ ਅਸੀਂ ਨਿਸ਼ਚਿੰਤ ਹੋ ਗਏ ਸੀ। ਸੰਤਾ ਤਾਂ ਪੋਲੀ ਮਿੱਟੀ 'ਤੇ ਪਿੱਠ ਸਿੱਧੀ ਕਰਨ ਲਈ ਟੇਢਾ ਹੋਇਆ ਪਤਾ ਨੀ ਕਦੋਂ ਸੌਂ ਗਿਆ ਤੇ ਮੈਂ ਸੋਚੀਂ ਪਿਆ ਘਰ ਪਹੁੰਚ ਗਿਆ ਸੀ। ਭੁੱਲ ਹੀ ਗਏ ਸੀ ਬਈ ਜਾਪਾਨੀ ਪਿੱਛਾ ਕਰ ਸਕਦੇ ਨੇ।

ਠਾਹ! ਅਚਾਨਕ ਗੋਲੀ ਗੱਲੀ ਸੀ। ਗੋਲੀ ਦੀ ਆਵਾਜ਼ ਨਾਲ ਸੰਤਾ ਨੀਂਦ 'ਚੋਂ ਜਾਗਿਆ ਸੀ ਤੇ ਮੈਂ ਘਰੋਂ ਪਰਤਿਆ ਸੀ।

-"ਫੈਰ ਹੋਇਆ ਲਗੈ!"-ਸੰਤੇ ਨੇ ਕਿਹਾ ਸੀ ਤੇ ਅਸੀਂ ਆਪੋ ਆਪਣੀਆਂ ਕਿੱਟਾਂ ਸੰਭਾਲਣ ਲੱਗੇ ਸੀ। ਗੋਲੀ ਫਿਰ ਚੱਲੀ ਸੀ ਤੇ ਨਾਲ ਹੀ ਵੀਹ ਕੁ ਜਾਪਾਨੀ ਫੌਜੀ ਸਾਡੇ ਆਲੇ-ਦੁਆਲੇ ਉੱਠ ਖੜ੍ਹੇ ਹੋਏ ਸਨ। ਸੰਤੇ ਨੇ ਹੈਂਡ ਗਰਨੇਡ ਕੱਢ ਲਿਆ ਸੀ ਪਰ ਪਿੰਨ ਖਿੱਚਣ ਤੋਂ ਪਹਿਲਾਂ ਈ ਜਾਪਾਨੀਆਂ ਨੇ ਦੱਬ ਲਿਆ। ਅਸੀਂ ਜਿਊਂਦੇ ਫੜ ਲਏ ਗਏ ਸੀ।

ਸਾਨੂੰ ਫੜਕੇ ਲਿਆਉਣ ਵਾਲੇ ਜਾਪਾਨੀ ਫੌਜੀ ਹੀ ਸਾਡੀ ਪਹਿਰੇਦਾਰੀ 'ਤੇ ਸੀ। ਇਹ ਗੱਲ ਸੰਤੇ ਨੂੰ ਹੋਰ ਖਿਝ ਚਾੜ੍ਹਦੀ-

-"ਈਹ ਤਾਂ ਸਾਲੇ ਪਿੰਨ ਨੇ ਦਗਾ ਦੇ ਦਿਆ। ਨਹੀਂ ਯਹੁ ਗਿਟਮੁਟੇ ਜੇ ਤਾਂ ਫਿਡ ਮਾਂਗਰਾਂ ਰੁੜ੍ਹੇ ਫਿਰਦੇ। ਇਬ ਸਾਲੇ ਰਾੜ੍ਹੈਂ ਬਿਸਕੁਟਾਂ ਮਾਂਗਰਾਂ। ਇਬ ਕੜਥਲ ਬਦਲ ਲੀਓ"-ਸੰਤਾ ਬਿੰਦ ਬਿੰਦ ਕਹਿੰਦਾ। ਅਸੀਂ ਸੱਤੇ ਜਣੇ ਇਕੱਠੇ ਪਾਸਾ ਬਦਲਦੇ। ਅੱਠ ਕੁ ਵਰਗ ਫੁੱਟ ਕੋਠੜੀ ਵਿਚ ਸੱਤ ਜਣੇ ਸੀ। ਪਿਛਲੇ ਚਾਰ ਦਿਨਾਂ ਤੋਂ, ਤਿੰਨ ਜਣੇ ਹਰ ਵੇਲੇ ਖੜ੍ਹੇ ਰਹਿੰਦੇ ਤਾਂ ਬਾਕੀ ਚਾਰ ਲੰਮੇ ਪੈ ਸਕਦੇ। ਪਰ ਜਦ ਸੱਤਾਂ ਨੂੰ ਕੰਧ ਨਾਲ ਲੱਗ ਕੇ ਖੜ੍ਹਨਾ ਪਿਆ ਤਾਂ ਕੰਧ ਤੋਂ ਕੰਧ ਤਕ ਤਿਲ ਜਿੰਨੀ ਥਾਂ



ਵੀ ਨਾ ਰਹੀ। ਸੱਤਾਂ ਨੂੰ ਇਕੱਠਾ ਪਾਸਾ ਪਰਤਣਾ ਪੈਂਦਾ। ਮਾਜਰੇ ਆਲੇ ਨਾਜਮ ਨੂੰ ਪਸੀਨਾ ਬਹੁਤਾ ਆਉਂਦਾ। ਅੱਗ ਦੇ ਸੇਕ 'ਚ ਭਾਫ ਬਣਕੇ ਪਲ ਕੁ ਲਈ ਉੜਦਾ ਦਿਸਦਾ। ਸਾਰੇ ਬੇਹਾਲ ਹੋਏ ਪਏ ਸੀ। ਸੰਤਾ ਫਿਰ ਵੀ ਬੋਲੀ ਗਿਆ ਸੀ-

-"ਨਾਜਮ ਤਾਂ ਨਿਰਾ ਦੇਗਾ ਬਣਿਆ ਦਿਸੈ, ਦੇਹ ਕਿਸ ਤਰ੍ਹਾਂ ਭਾਫਾਂ ਛੱਡੇ ਮੈਨੂੰ ਤਾਂ..."

ਸੰਤੇ ਦੀ ਗੱਲ ਵਿਚ ਹੀ ਰਹਿ ਗਈ ਸੀ। ਉਹ ਕੰਧ ਨੂੰ ਧੱਕਾ ਜਿਹਾ ਦਿੰਦਾ ਚੌਫਾਲ ਡਿੱਗ ਪਿਆ ਸੀ। ਅਸੀਂ ਛੇਏ ਜਣੇ ਤ੍ਰਭਕ ਕੇ ਕੰਧ ਤੋਂ ਪਿੱਛੇ ਹਟੇ। ਸੰਤਾ ਬੇ-ਹੋਸ਼ ਹੋ ਗਿਆ ਸੀ। ਪਾਣੀ ਦਾ ਉਸ ਦਿਨ ਦਾ ਕੋਟਾ ਅਸੀਂ ਮੁਕਾਈ ਬੈਠੇ ਸੀ। ਪਿਛਲੇ ਚਾਰ ਦਿਨਾਂ ਤੋਂ ਸਾਨੂੰ ਹਰ ਰੋਜ਼ ਪਾਣੀ ਦੀ ਇਕ ਬਾਲਟੀ ਮਿਲਦੀ ਸੀ। ਅਸੀਂ ਕੂਕਾਂ ਮਾਰਨ ਲੱਗ ਪਏ। ਛੇ ਸੱਤ ਜਾਪਾਨੀ ਇਕੱਠੇ ਹੋ ਕੇ ਆ ਗੇ। ਚਾਰ ਬਾਲਟੀਆਂ ਪਾਣੀ ਦੀਆਂ ਲੈਕੇ। ਅਸੀਂ ਸਾਰੇ ਦਰਵਾਜ਼ੇ ਤਕ ਗਏ, ਉਹਨਾਂ ਨੇ ਪਾਣੀ ਅੱਗ 'ਤੇ ਪਾ ਤਾ। ਅੱਗ ਬੁਝ ਗਈ। ਸਾਡੇ ਚਿਹਰੇ ਵੀ ਬੁਝਗੇ। ਜਾਪਾਨੀਆਂ ਵਿਚ ਹਾਸੜ ਮੱਚ ਗਈ। ਬੇ-ਸੁਧ ਪਏ ਸੰਤੇ ਵੱਲ ਵੇਖਦੇ ਪਰ ਸਾਨੂੰ ਸਮਝ ਕੁਸ਼ ਨਾ ਲੱਗੇ। ਨਾ ਛਿੱਟੇ ਮਾਰਨ ਨੂੰ ਪਾਣੀ, ਨਾ ਝੱਲ ਮਾਰਨ ਨੂੰ ਕੱਪੜਾ। ਤਪੇ ਹੋਏ ਕਮਰੇ 'ਚ ਉਦੋਂ ਇਹ ਭਿਆਨਕ ਘਟਨਾ ਵਾਪਰੀ ਸੀ।

ਮੈਨੂੰ ਧੁੜਧੁੜੀ ਆ ਗਈ ਹੈ। ਅਚੇਤ ਹੀ ਮੇਰਾ ਹੱਥ ਸਿਰ 'ਤੇ ਚਲਿਆ ਗਿਆ ਹੈ। ਸੰਤੇ ਦੀ ਥਾਂ ਭਜੋ ਦਾ ਸਿਰ ਦਿਸੀ ਜਾਂਦੈ। ਸਾਹਮਣੇ ਗੋਲਡੀ ਗੇਮ ਵਿਚ ਮਸਤ ਐ। ਕਾਰ ਨੂੰ ਪਹਾੜ 'ਤੇ ਚੜ੍ਹਾਈ ਫਿਰਦੈ। ਦੋ ਪਹਾੜਾਂ ਵਿਚਕਾਰ ਡੂੰਘੀ ਖਾਈ ਦਿਸਦੀ ਐ! ਗੋਲਡੀ ਰੇਸ ਵਧਾਈ ਜਾਂਦੈ। ਬੰਨ੍ਹਿਆ ਪਿਆ ਬੰਦਾ ਨੀਮ ਬੇ-ਹੋਸ਼ੀ ਵਿਚ ਝੱਲਿਆਂ ਵਾਂਗ ਵੇਖਦਾ ਹੈ। ਛਟਪਟਾਉਂਦਾ ਹੈ। ਮੇਰੇ ਆਪਣੀ ਛਟਪਟਾਹਟ ਯਾਦ ਆ ਰਹੀ ਹੈ। ਗੋਲਡੀ ਹੱਸਦਾ ਹੈ। ਮੈਨੂੰ ਜਾਪਾਨੀ ਸਿਪਾਹੀ ਹੱਸਦੇ ਸੁਣਦੇ ਹਨ। ਗੇਮ ਵਿਚਲਾ ਬੰਦਾ ਬੇ-ਬਸੀ ਵਿਚ ਮਰਨ ਦੀ ਤਿਆਰੀ ਕਰਦਾ ਲਗਦਾ ਹੈ। ਅਸੀਂ ਛੇ ਦੇ ਛੇ ਬੇ-ਬਸੀ ਵਿਚ, ਬੇ-ਹੋਸ਼ ਸੰਤੇ ਦੁਆਲੇ ਝੁਕੇ ਖੜ੍ਹੇ ਸੀ-

-"ਪਾਣੀ ਚਾਹੀਦਾ ਜਰੂਰੀ, ਨਹੀਂ ਇਹ ਮਰਜੂ"-ਨਾਜਮ ਬੇ-ਬਸੀ ਵਿਚ ਹੱਥ ਮਾਰਦਾ ਫਿਰਦਾ ਸੀ।

ਪਰ ਪਾਣੀ ਕਿਤੇ ਨਹੀਂ ਸੀ।

ਅਚਾਨਕ ਅਸੀਂ ਤ੍ਰਭਕ ਗਏ ਸੀ। ਫਿਰ ਅਸੀਂ ਸੰਤੇ ਵੱਲੋਂ ਮੂੰਹ ਮੋੜਕੇ ਰੋਣ ਲੱਗ ਪਏ ਸੀ।

ਜਾਪਾਨੀ ਸਿਪਾਹੀ ਵੀ ਪਹਿਲਾਂ ਤ੍ਰਭਕ ਉੱਠੇ ਸੀ ਤੇ ਫਿਰ ਉਹ ਕੜਕੜਾ ਕੇ ਹੱਸ ਪਏ ਸਨ।

ਨਾਜਮ, ਸੰਤੇ ਦੇ ਰਗੜ ਕੇ ਮੁੰਨੇ ਸਿਰ 'ਤੇ ਪਸ਼ਾਬ ਕਰ ਰਿਹਾ ਸੀ। ਹਰ ਕੋਈ ਰੋਕਣਾ ਚਾਹੁੰਦਾ ਸੀ ਪਰ ਸਾਰੇ ਸੁੰਨ ਹੋ ਗਏ ਸੀ। ਬਿਲਕੁਲ ਚੁੱਪ। ਸਿਰਫ ਨਾਜਮ ਬੋਲਦਾ ਰਿਹਾ ਸੀ-

-"ਆਪਣੇ ਆਪਣੇ ਅੰਦਰੋਂ ਕੱਢੋ ਜੋਰ ਲਾ ਕੇ ਜਿਹੜਾ ਪਾਣੀ ਐ। ਪੈਣ ਦੋ ਜੇਂ ਪਸ਼ਾਬ ਇਹਦੇ ਮੂੰਹ 'ਚ ਵੀ ਪੈਂਦੈ। ਬੰਦੇ ਦੀ ਜਾਨ ਤੋਂ ਉੱਤੇ ਕੁਸ਼ ਨੀ ਹੁੰਦਾ"-

ਮੇਰੇ ਜਨਰਲ ਸਾਹਿਬ ਦੇ ਸ਼ਬਦ ਯਾਦ ਆਏ ਸਨ, 'ਸੂਰਮਾ ਉਹ ਹੁੰਦੈ ਜਿਹੜਾ ਘਿਰਿਆ ਹੋਇਆ ਵੀ ਲੜ ਸਕਦੈ। ਮੈਨੂੰ ਨਾਜਮ ਅਜਿਹਾ ਹੀ ਸੂਰਮਾ ਲੱਗਿਆ ਸੀ ਤੇ ਪਾਗਲਾਂ ਹਾਰ ਸਾਰੇ ਹੀ ਸੰਤੇ ਦੇ ਦੁਆਲੇ ਹੋ ਗਏ ਸੀ-ਚੁੱਪ-ਚਾਪ। ਜਾਪਾਨੀ ਸਾਡੇ ਵੱਲ ਇਸ਼ਾਰੇ ਕਰਦੇ ਹੱਸਦੇ ਰਹੇ ਸਨ।

ਥੋੜ੍ਹੀ ਦੇਰ ਬਾਅਦ ਸੰਤਾ ਸੁਰਤ ਸਿਰ ਹੋ ਗਿਆ ਸੀ। ਮੇਰੇ ਯਾਦ ਐ, ਪਹਿਲਾਂ ਨਾਜਮ ਸਾਡੇ ਵੱਲ ਵੇਖਕੇ ਜੇਤੂਆਂ ਵਾਂਗ ਮੁਸਕਰਾਇਆ ਸੀ ਤੇ ਫੇਰ ਅਸੀਂ ਮਰੀਅਲ ਜਿਹਾ ਹਾਸਾ ਹੱਸੇ ਸੀ। ਅਸੀਂ ਖੁਸ਼ ਹੋ ਗਏ ਸੀ ਪਰ ਜਾਪਾਨੀਆਂ ਨੂੰ ਇਕ ਸ਼ੁਗਲ ਥਿਆ ਗਿਆ ਸੀ। ਦੂਸਰੀ ਸ਼ਾਮ ਉਹਨਾਂ ਨਾਜਮ ਨੂੰ ਬੰਨ੍ਹ ਲਿਆ ਸੀ ਤੇ ਸਾਨੂੰ ਇਕੱਲੇ ਇਕੱਲੇ ਨੂੰ ਉਹਦੇ ਸਿਰ 'ਤੇ ਪਸ਼ਾਬ ਕਰਨ ਨੂੰ ਕਿਹਾ ਸੀ। ਜਿਹੜੇ ਤਿੰਨ ਦਿਨ ਅਸੀਂ ਹੋਰ ਉੱਥੇ ਕੱਟੇ, ਹਰ ਸ਼ਾਮ ਕਿਸੇ ਦੀ ਵਾਰੀ ਆਉਂਦੀ ਰਹੀ-

-"ਇਸ ਤੋਂ ਤਾਂ ਸਾਲੇ ਮਾਰੇ ਦਮੈ"- ਸੰਤਾ ਗੱਲ ਗੱਲ 'ਤੇ ਕਹਿੰਦਾ ਰਹਿੰਦਾ।

-"'ਤੇ ਆਹ ਮਰ ਗਿਆ"-ਗੋਲਡੀ ਨੇ ਤਾੜੀ ਮਾਰੀ ਹੈ। ਪਰ ਮੈਂ ਕੰਪਿਊਟਰ ਵੱਲ ਨਹੀਂ ਵੇਖਦਾ। ਹਿਆਓਂ ਈ ਨੀ ਪਿਆ। ਬੱਸ ਉੱਠ ਕੇ ਤੁਰ ਪਿਆ ਹਾਂ। ਹੁਣ ਤਕ ਧੁੜਧੁੜੀਆਂ ਆ ਰਹੀਆਂ ਹਨ। ਤਨ ਮਨ ਇਕ ਕਚਿਆਣ ਜਿਹੀ ਨਾਲ ਭਰਿਆ ਪਿਆ ਹੈ। ਨ੍ਹਾਉਣ ਆ ਲੱਗਿਆ ਹਾਂ। ਪਰ ਸਾਬਣ ਮਲ ਮਲ ਕੇ ਵੀ ਅਲਕਤ ਅਤੇ ਬੋ ਦਾ ਅਹਿਸਾਸ ਅੰਦਰੋਂ ਨਹੀਂ ਜਾਂਦਾ। ਬਾਥਰੂਮ ਦੀ ਖੂੰਟੀ ਤੋਂ ਤੌਲੀਆ, ਕਛਹਿਰਾ ਚੁੱਕਣ ਲਗਦਾ ਹਾਂ, ਕਿੱਲੀ ਖਾਲੀ ਹੈ। ਯਾਦ ਆਉਂਦਾ ਹੈ, ਨਹਾ ਤਾਂ ਸਵੇਰੇ ਲਿਆ ਸੀ। ਬਾਥਰੂਮ ਵਿਚੋਂ ਕਮਰੇ 'ਚ ਆਉਂਦਿਆਂ ਸਾਹਮਣੇ ਭਗਤ ਸਿੰਘ ਦੀ ਤਸਵੀਰ ਮੱਥੇ ਲਗਦੀ ਹੈ। ਦਰਖਤ ਦੇ ਉਹਲੇ 'ਚ ਖੜ੍ਹੇ ਭਗਤ ਸਿੰਘ ਦੇ ਹੱਥ 'ਚ ਪਸਤੌਲ ਹੈ। ਮੋਤੀਆਂ ਪੱਗ ਹੇਠ, ਕਣਕਵੰਨੇ ਚਿਹਰੇ 'ਤੇ ਤਿਓੜੀਆਂ ਦੀ ਕਾਲਸ ਹੈ। ਤਸਵੀਰ ਦੇ ਹੇਠ ਮੋਟੇ ਅੱਖਰਾਂ 'ਚ ਲਿਖਿਆ ਹੋਇਆ ਹੈ-

*ਜਦ ਡੁੱਲ੍ਹਦਾ ਖੂਨ ਸ਼ਹੀਦਾਂ ਦਾ,*
*ਤਕਦੀਰ ਬਦਲਦੀ ਕੌਮਾਂ ਦੀ।*

ਮੇਰਾ ਹਉਕਾ ਨਿਕਲ ਗਿਆ ਹੈ। 'ਆਪਣਾ ਤਾਂ ਖੂਨ ਵੀ ਡੁੱਲ੍ਹ ਗਿਆ ਭਗਤ ਸਿਆਂ, ਤਕਦੀਰ ਵੀ ਨਾ ਬਦਲੀ। ਜੇ ਅੱਜ ਤੂੰ ਜਿਊਂਦਾ ਹੁੰਦਾ, ਖਬਰੇ ਤੇਰਾ ਕੋਈ ਪੁੱਤ ਪੋਤਾ ਵੀ...' ਗੱਲ ਪੂਰੀ ਕਰਨ ਦਾ ਹਿਆਓਂ ਨੀ ਪਿਆ। ਜਿਊਂਦੇ ਭਗਤ ਸਿੰਘ ਦਾ ਸਾਹਮਣਾ ਤਾਂ ਖਬਰੇ ਉਹਦੇ ਘਰਦੇ ਵੀ ਨਾ ਕਰ ਸਕਦੇ। ਕੀ ਪਤੈ ਸਾਂਡਰਸ ਵਾਂਗ ਹੀ ਉਹਦੇ ਨਿਸ਼ਾਨੇ 'ਤੇ ਕੌਣ ਹੁੰਦਾ-ਕੋਈ ਸੱਜਣ, ਰਾਣਾ ਜਾਂ...। ਨਿਢਾਲ ਹੋਏ ਮਨ ਨਾਲ ਸਲਾਹ ਕਰਦਾ ਹਾਂ, 'ਤਿਆਰ ਹੋਣ ਲੱਗਾਂ, ਜਦੋਂ ਬੁਲਾਉਣ ਆਉਣ, ਰਫਲ ਲੈ ਕੇ ਕਾਰ 'ਚ ਜਾ ਬੈਠਾਂ। ਰਾਣਾ ਆਇਆ ਤਾਂ...'। ਮੈਂ ਭਗਤ ਸਿੰਘ ਦੇ ਪਸਤੌਲ ਵੱਲ ਵੇਖਦਿਆਂ ਕੱਪੜਿਆਂ ਵਾਲੀ ਅਲਮਾਰੀ ਖੋਲ੍ਹੀ ਹੈ। ਖਾਕੀ ਸੁਪਾਰੀ ਸੂਟ ਤੇ ਜਹਿਰਮੋਹਰੀ ਪੱਗ ਕੱਢ ਲਈ ਹੈ।

-"ਦੇਖੀਂ ਹੁਣ ਐਂ ਤਿਆਰ ਹੋਊ ਜਿਵੇਂ ਜੰਨ ਚੜ੍ਹਨਾ ਹੁੰਦੈ"-ਤੇਜ ਕੁਰ ਕੇ ਬੋਲ ਮੇਰੇ ਯਾਦ ਆਏ ਹਨ। ਉਹ ਹਮੇਸ਼ਾਂ ਬਣ ਠਣ ਕੇ ਰਹਿਣ ਦੇ ਮੇਰੇ ਸ਼ੌਕ ਨੂੰ ਮਜ਼ਾਕ ਕਰਦੀ ਹੁੰਦੀ ਸੀ। ਹੁਣ ਵੀ ਜਿਵੇਂ ਸਾਹਮਣੇ ਆ ਖੜ੍ਹੀ ਹੈ-"ਲਿਆ ਬੂਟਾਂ 'ਤੇ ਪਾਲਿਸ਼ ਮੈਂ ਫੇਰ ਦਮਾਂ"-। ਮੇਰੀ ਨਜ਼ਰ ਪਾਲਿਸ਼ ਕੀਤੇ ਬੂਟਾਂ 'ਤੇ ਪਈ ਹੈ। ਹੁਣ ਇਹ ਕੰਮ ਸਾਡਾ ਗੋਰਖਾ ਕਰਦਾ ਹੈ।

ਫੋਨ ਦੀ ਘੰਟੀ ਖੜਕੀ ਹੈ। ਪੱਗ ਦਾ ਲੜ ਸੰਵਾਰਦੇ ਮੇਰੇ ਹੱਥ ਰੁਕ ਗਏ ਹਨ। ਫੋਨ 'ਤੇ ਹੁੰਦੀ ਗੱਲ ਦੀ ਬਿੜਕ ਲੈਣ ਲੱਗਿਆ ਹਾਂ। ਰਾਣੇ ਦੀ ਬਹੂ ਗੱਲ ਕਰ ਰਹੀ ਹੈ। ਮੈਨੂੰ ਸਿਰਫ ਦੋ ਗੱਲਾਂ ਦੀ ਸਮਝ ਪਈ ਹੈ, "ਅਜੇ ਨੀ ਆਇਆ, ਭੇਜ ਦੇਵਾਂਗੇ।"

-"ਕੀਹਨੇ ਆਉਣੈਂ ਭਾਈ ?"-ਮੈਂ ਅੱਧਾ ਕੁ ਦਰਵਾਜ਼ਾ ਖੋਲ੍ਹ ਕੇ ਪੁੱਛਦਾ ਹਾਂ। ਦਿਲ ਦੀ ਵਧੀ ਹੋਈ ਧੜਕਣ ਮਹਿਸੂਸ ਹੁੰਦੀ ਹੈ। ਸ਼ਾਇਦ ਰਾਣੇ ਨੇ ਆਉਣਾ ਹੋਵੇ।

-"ਜੀਤੇ ਪੰਚ ਦਾ ਮੁੰਡਾ ਆਊ ਬਾਬਾ ਜੀ, ਮੈਮੋਰੰਡਮ ਲੈਕੇ। ਬਾਪੂ ਜੀ ਕਹਿੰਦੇ ਕਾਲੋਨੀ 'ਚ ਭੇਜ ਦਿਓ ਗੋਲਡੀ ਕੋਲ...ਲੈ ਆ ਗਿਆ।"

ਫਰੇਮ ਕੀਤਾ ਮੈਮੋਰੰਡਮ ਮੁੰਡੇ ਨੇ ਸਿੱਧਾ ਮੈਨੂੰ ਲਿਆ ਫੜਾਇਆ, "ਲੌ ਬਾਬੇ, ਰਾਣੇ ਬੀਬੀ ਨੇ ਭੇਜਿਐ। ਨਾਲੇ ਕਿਹੈ ਬਈ ਫੋਟੋ ਅਜੇ ਬਣੀ ਨੀ, ਅਟਕ ਕੇ ਮਿਲੂ।"

ਮੁੰਡੇ ਦੀ ਗੱਲ ਦਾ ਮੈਂ ਕੋਈ ਜਵਾਬ ਨਹੀਂ ਦਿੰਦਾ। ਮੈਮੋਰੰਡਮ ਦੇਖਦੀ ਸਾਰ, ਮੇਰੇ ਤਾਂ ਪਰਸੋਂ ਵਾਲੀ ਗੱਲ ਯਾਦ ਆ ਗਈ। ਮੂੰਹ 'ਚੋਂ ਆਪ ਮੁਹਾਰੇ ਨਿਕਲਿਆ ਹੈ, "ਵਾਹ ਉਏ ਸੱਜਣ ਸਿਆਂ ਠੱਗੀਆਂ ਤਾਂ ਕੋਈ ਤੈਥੋਂ ਸਿੱਖੇ"-

ਪਰਸੋਂ ਵੀ ਮੇਰੇ ਅੰਦਰੋਂ ਇਹੀ ਗੱਲ ਨਿਕਲੀ ਸੀ, ਪਰ ਬੋਲ ਕੇ ਕਹਿ ਨਹੀਂ ਸੀ ਹੋਈ। ਗੁੱਸਾ ਈ ਮੈਨੂੰ ਐਨਾ ਆਇਆ ਬਈ...



ਗੁੱਸਾ ਤਾਂ ਮੈਨੂੰ ਜੈਲੀ ਦੇ ਘਰੋਂ ਤੁਰ ਕੇ ਘਰ ਆਉਣ ਤਕ ਲਗਾਤਾਰ ਵਧਦਾ ਈ ਗਿਆ ਸੀ। ਜੇ ਸਾਹਮਣਿਉਂ ਕਿਤੇ ਰਾਣਾ ਟੱਕਰ ਪੈਂਦਾ, ਮੈਂ ਹੱਥੋਪਾਈ ਜ਼ਰੂਰ ਕਰਦਾ। ਪਰ ਮੇਰੇ ਸਾਹਮਣੇ ਜੋ ਹੋਇਆ ਉਹ ਮੈਂ ਸੋਚਿਆ ਹੀ ਨਹੀਂ ਸੀ। ਘਰ ਦਾ ਮੋੜ ਮੁੜਨ ਤੋਂ ਪਹਿਲਾਂ ਹੀ ਮੈਨੂੰ ਆਪਣੇ ਘਰ ਮੂਹਰੇ ਕਿਸੇ ਗੜਬੜ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਸੀ। ਮੋੜ ਮੁੜਦੀ ਸਾਰ ਮੈਨੂੰ ਲਲਕਾਰਾ ਸੁਣਿਆ ਸੀ, "ਬਾਹਰ ਕੱਢੋ ਇਹਨੂੰ ਵੱਡੇ ਬਗਿਆੜ ਨੂੰ", ਤੇ ਗੇਟ 'ਚ ਠਾਹ ਕਰਕੇ ਵੱਜਦੀ ਸੋਟੀ ਸੁਣੀ ਸੀ। ਸੜਕ ਵਿਹੜੇ ਦੇ ਬੰਦਿਆਂ ਨਾਲ ਭਰੀ ਪਈ ਸੀ। ਗੇਟ ਬੰਦ ਸੀ ਤੇ ਮੁੰਡੇ ਬਾਹਰੋਂ ਗੇਟ ਭੰਨਣ ਲੱਗੇ ਹੋਏ ਸਨ। ਕੰਧ 'ਤੇ ਵੱਜਦੀਆਂ ਇਕ ਦੋ ਸੋਟੀਆਂ ਦੀ ਆਵਾਜ਼ ਆ ਰਹੀ ਸੀ। ਮੈਂ ਜਿੱਥੇ ਸੀ, ਰੁਕ ਗਿਆ।

-"ਪਿੱਛੇ ਹਟੋ ਪਹਿਲਾਂ ਸਾਰੇ ਗੇਟ ਤੋਂ, ਮੈਂ ਬਾਹਰ ਆ ਕੇ ਕਰਦੈਂ ਗੱਲ"-ਅੰਦਰੋਂ ਸੱਜਣ ਦੀ ਆਵਾਜ਼ ਆਈ ਸੀ-

-"ਇਹਨਾਂ ਦੀ ਬੁੜ੍ਹੀ ਨੂੰ ਕੱਢੋ ਬਾਹਰ, ਨੰਗੀ ਕਰਕੇ ਗੇੜਾ ਦਓ ਪਿੰਡ 'ਚ"-ਨਾਲ ਹੀ ਕਿਸੇ ਨੇ ਸਾਬਤੀ ਇੱਟ ਵਿਹੜੇ 'ਚ ਵਗਾਹ ਮਾਰੀ। ਇਕ ਵਾਰੀ ਮੇਰਾ ਜੀਅ ਕੀਤਾ, ਗਾਹਾਂ ਹੋ ਕੇ ਮੈਂ ਕਰਾਂ ਸੱਜਣ ਨਾਲ ਗੱਲ। ਪਰ ਸੜਕ ਪੂਰੀ ਤਰ੍ਹਾਂ ਰੁਕੀ ਹੋਈ ਸੀ। ਮੁੰਡੇ ਲੋਹੜੇ ਦੇ ਗੁੱਸੇ ਵਿਚ ਸਨ। ਸੱਚੀ ਗੱਲ ਐ, ਮੈਂ ਡਰ ਗਿਆ ਸੀ-

-"ਓ ਤੁਸੀਂ ਅਕਲ ਕਰੋ ਉਏ ਕੁਸ਼"-ਗਹਿਣੂ ਹਰੀਜਨ ਨਾਲ ਦੋ ਤਿੰਨ ਜਣੇ ਕਾਹਲੀ ਨਾਲ ਮੇਰੇ ਕੋਲੋਂ ਲੰਘੇ-ਅਸੀਂ ਕਰਦੇ ਐਂ ਗੱਲ ਸਰਦਾਰ ਨਾਲ"-

-"ਸਰਦਾਰ ਦੀਆਂ ਬਥੇਰੀਆਂ ਜੁੱਤੀਆਂ ਚੱਟ ਲੀਆਂ ਤੁਸੀਂ ਸਾਰੀ ਉਮਰ, ਹੁਣ ਅਸੀਓਂ ਨਿਬੜਾਂਗੇ"-ਦੋ ਬੰਦਿਆਂ ਦਾ ਫੜਿਆ ਜੈਲੀ ਛੁੱਟਣ ਲਈ ਅਹੁਲਿਆ ਸੀ।

-"ਤੂੰ ਚੁੱਪ ਰਹਿ ਉਏ ਮੁੰਡਿਆ"-ਗਹਿਣੂ ਮੁੜ ਕੇ ਜੈਲੀ ਕੋਲ ਆ ਗਿਆ ਸੀ-"ਆਪਾਂ ਫੇਰ ਵੀ ਕੰਮੀ ਐਂ, ਇਹਨਾਂ ਦੀਆਂ ਵੱਟਾਂ ਡੌਲਾਂ 'ਤੇ ਪਲਦੇ ਐਂ, ਬਰਾਬਰੀ ਨੀ ਕਰੀਦੀ ਹੁੰਦੀ"-ਗਹਿਣੂ ਦਾ ਬੋਲ ਕੰਬ ਰਿਹਾ ਸੀ।

-"ਕਿਉਂ ਬਰਾਬਰੀ ਨੂੰ ਇਹ ਉੱਤੋਂ ਉਤਰੇ ਨੇ। ਅਸੀਂ ਤਾਂ ਭੇਣ ਚੋ ਅੱਗ ਲਾਕੇ ਫੂਕਦਾਂਗੇ ਬੜੇ ਸਰਦਾਰਾਂ ਨੂੰ"-ਕਿਸੇ ਨੇ ਕਿਹਾ ਸੀ ਤੇ ਨਾਲ ਹੀ ਘੁਮਾ ਕੇ ਡਾਂਗ ਗੇਟ 'ਤੇ ਲੱਗੇ ਬਲਬ 'ਤੇ ਮਾਰੀ ਸੀ। ਬਲਬ ਫੁੱਟਣ ਦੇ ਨਾਲ ਹੀ ਹੋ-ਏ-ਦੀ ਉੱਚੀ ਲਲਕਾਰ ਵਿਚ ਗਹਿਣੂ ਦੇ ਬੋਲ ਦਬ ਗਏ ਸਨ।

-"ਪਿੱਛੇ ਹਟ ਕੇ ਖੜ੍ਹੋ ਉਏ"-ਅਚਾਨਕ ਸੱਜਣ ਦੀ ਗੜ੍ਹਕਵੀਂ ਆਵਾਜ਼ ਸੁਣਕੇ, ਸਾਰਿਆਂ ਨੇ ਉੱਧਰ ਵੇਖਿਆ ਸੀ। ਸੱਜਣ, ਚੁਬਾਰੇ ਦੇ ਬਾਹਰ ਖਾਲੀ ਹੱਥ ਖੜ੍ਹਾ ਸੀ ਤੇ ਉਹਦੇ ਨਾਲ ਖੜ੍ਹੇ ਗੋਲਡੀ ਦੇ ਹੱਥ 'ਚ ਦੁਨਾਲੀ ਫੜੀ ਹੋਈ ਸੀ।

ਕਿਸੇ ਨੇ ਅੱਧਾ ਕੁ ਰੋੜਾ ਵਗਾਹ ਕੇ ਚੁਬਾਰੇ ਵੱਲ ਮਾਰਿਆ। ਸੱਜਣ ਨੇ ਦੁਨਾਲੀ ਫੜ ਲਈ-

-"ਮੈਂ ਸਿੱਧੀ ਕਰ ਕੇ ਚਲਾ ਦੇਣੀ ਐਂ, ਜੇ ਕੋਈ ਹੁਣ ਹਿੱਲਿਆ ਵੀ ਐ। ਗੱਲ ਦੱਸੋ ਕੀ ਹੋ ਗਈ"-

-"ਤੈਨੂੰ ਅਜੇ ਗੱਲ ਦਾ ਈ ਨੀ ਪਤਾ।"-ਜੈਲੀ ਛੁੱਟ ਕੇ ਗੇਟ ਵੱਲ ਦੌੜਿਆ ਸੀ। ਪਰ ਮਾਂਗਟਾਂ ਦੇ ਮੁੰਡੇ ਨੇ ਉਹਨੂੰ ਮੂਹਰੇ ਹੋ ਕੇ ਰੋਕ ਲਿਆ ਸੀ-

-"ਕਮਲਾ ਹੋਇਐਂ, ਐਸ ਲੜਾਈ 'ਚ ਤਾਂ ਉਹ ਆਪਾਂ ਨੂੰ ਖਿੱਚਣ ਨੂੰ ਫਿਰਦੇ"-

-"ਕਿਹੜੀ ਲੜਾਈ 'ਚ ਖਿੱਚਣ ਨੂੰ ਫਿਰਦੈਂ ਮੈਂ ਸਰਬਜੀਤ ਸਿਆਂ! ਜੇ ਕੁਆਰਟਰਾਂ ਦੀ ਵੰਡ 'ਚ ਕਿਸੇ ਨਾਲ ਰਿਆਇਤ ਹੋ ਵੀ ਗਈ ਹੋਵੇ, ਤਾਂ ਇਹ ਵੀ ਕੋਈ ਐਡਾ ਗੁਨਾਹ ਐ, ਬਈ

ਮੇਰਾ ਘਰ ਢਾਉਣ ਆ ਪੈਣ ਇਹ। ਅਲਾਟ ਤਾਂ ਫੇਰ ਵੀ ਕਿਸੇ ਇਹਨਾਂ ਦੇ ਬੰਦੇ ਨੂੰ ਏ ਹੋਣੈ"- ਸੱਜਣ ਨੇ ਠਰੰਮੇ ਨਾਲ ਗੱਲ ਪੂਰੀ ਕੀਤੀ ਸੀ। ਮੈਂ ਸਮਝ ਗਿਆ ਸੱਜਣ ਨੂੰ ਵੀ ਹਾਲੇ ਪਤਾ ਨੀ ਲੱਗਿਆ ਗੱਲ ਦਾ-

-"ਕੁਆਰਟਰ ਦੀ ਗੱਲ ਨੀ ਸੱਜਣ ਸਿਆਂ! ਰਾਣੇ ਤੇ ਜਿੰਦਰ ਨੇ...।"

-"ਕੀ ਕਰਤਾ ਉਹਨਾਂ ਨੇ-" ਸੱਜਣ ਨੇ ਗਹਿਣੂ ਦੀ ਗੱਲ ਵਿੱਚੇ ਟੋਕ ਦਿੱਤੀ ਸੀ। ਜੇ ਕੋਈ ਹੋਰ ਗੱਲ ਐ ਤਾਂ ਤੂੰ ਉੱਤੇ ਆ ਕੇ ਦੱਸ ਮੈਨੂੰ। ਪਹਿਲਾਂ ਪਤਾ ਤਾਂ ਲੱਗੇ-ਜਾਹ ਗਹਿਣੂ ਨੂੰ ਲਿਆ ਗੋਲਡੀ ਉੱਤੇ।"

ਗੋਲਡੀ ਨੇ ਗੇਟ ਦੇ ਪਾਸੇ ਰੱਖੀ ਖਿੜਕੀ ਖੋਲ੍ਹ ਕੇ, ਗਹਿਣੂ ਨੂੰ ਅੰਦਰ ਲੰਘਾ ਲਿਆ ਸੀ। ਬਾਹਰ ਖੜ੍ਹੇ ਲੋਕ ਗਹਿਣੂ ਨੂੰ ਬੋਲਦੇ ਨੂੰ ਸੁਣਦੇ ਰਹੇ ਸਨ। ਫੇਰ ਰਫਲ ਗੋਲਡੀ ਨੂੰ ਫੜਾ, ਸੱਜਣ ਗਹਿਣੂ ਦੇ ਨਾਲ ਹੀ ਗੇਟ ਦੇ ਬਾਹਰ ਆ ਖੜ੍ਹਿਆ ਸੀ। ਆਉਂਦੀ ਸਾਰ ਹੱਥ ਜੋੜ ਲਏ ਸਨ-

-"ਮੈਂ ਥੋਤੋਂ ਪੁੱਛਦੈਂ, ਐਡਾ ਅਨਰਥ ਕਰਕੇ ਰਾਣਾ ਤੇ ਜਿੰਦਰ ਬਚ ਕੇ ਕਿਵੇਂ ਚਲੇ ਗਏ। ਢਾਹ ਲੈਣੇ ਤੀ ਦੋਏ ਜਣੇ। ਜੇ ਮੈਂ ਕਿਸੇ ਨੂੰ ਓਏ ਕਹਿੰਦਾ, ਮੈਨੂੰ ਫੜ ਲੈਂਦੇ। ਭਜੋ ਕਿਤੇ 'ਕੱਲੇ ਜੈਲੀ ਦੀ ਮਾਂ ਏ, ਸਾਰੇ ਪਿੰਡ ਦੀ ਬੇ-ਇੱਜ਼ਤੀ ਹੋਈ ਐ। ਮੈਂ ਆਪਣੇ ਵੱਲੋਂ ਰਪਟ ਲਖਾਊਂ ਦੋਹਾਂ 'ਤੇ, ਚਲੋ ਮੇਰੇ ਨਾਲ"-

ਸੱਜਣ ਬਿੰਦ ਕੁ ਰੁਕਿਆ ਸੀ-"ਜੇ ਕਿਸੇ ਨੂੰ ਸ਼ੱਕ ਐ ਬਈ ਰਾਣਾ ਅੰਦਰ ਐ, ਘਰ ਥੋਡੇ ਸਾਹਮਣੇ ਖੁਲ੍ਹਾ ਪਿਐ"-ਸੱਜਣ ਨੇ ਖੁੱਲ੍ਹੀ ਖਿੜਕੀ ਵੱਲ ਹੱਥ ਕਰਕੇ ਕਿਹਾ ਸੀ-"ਜੀਹਦਾ ਜੀਅ ਕਰਦੈ, ਅੰਦਰ ਜਾ ਕੇ ਦੇਖ ਲਵੇ"-ਸੱਜਣ ਖਿੜਕੀ ਤੋਂ ਪਿੱਛੇ ਹਟ ਗਿਆ ਸੀ! ਕੋਈ ਅੱਗੇ ਨਹੀਂ ਸੀ ਵਧਿਆ। ਸਿਰਫ ਗਹਿਣੂ ਬੋਲਿਆ ਸੀ-

-ਲੈ ਸ਼ੋਡੇ 'ਤੇ ਕੋਈ ਬੇਇਤਬਾਰੀ ਐ ਸ਼ਰਦਾਰ ਸੱਜਣ ਸ਼ਿਆਂ"

-"ਤਾਂ ਠੀਕ ਐ ਫੇਰ, ਤੁਸੀਂ ਥਾਣੇ ਰਪਟ ਕਰੋ, ਘਰ ਆਇਆਂ ਦੀਆਂ ਮੈਂ ਵੱਢੂੰ ਲੱਤਾਂ"-

ਖੋਰੂ ਪਾਉਂਦੀ ਭੀੜ ਦੇ ਚਲੀ ਜਾਣ ਤਕ ਸੱਜਣ ਗੇਟ 'ਤੇ ਖੜ੍ਹਾ ਰਿਹਾ ਸੀ ਤੇ ਮੈਂ ਮੋੜ 'ਤੇ। ਬਹੁਤੇ ਜਣੇ ਕਸੂਤਾ ਜਿਹਾ ਝਾਕਦੇ ਮੇਰੇ ਕੋਲੋਂ ਨਿਕਲ ਗਏ ਸਨ। ਮੈਂ ਨੀਵੀਂ ਪਾਈ ਖੜ੍ਹਾ ਰਿਹਾ ਸੀ। ਭੀੜ ਲੰਘ ਜਾਣ 'ਤੇ ਮੈਨੂੰ ਆਉਂਦਾ ਵੇਖ ਕੇ, ਅੰਦਰ ਵੜਦਾ ਸੱਜਣ ਰੁਕ ਗਿਆ ਸੀ-

-"ਸੱਜਣਾ, ਆਹ ਕੀ ਕੀਤੈ ਰਾਣੇ ਨੇ, ਮੈਂ ਜੈਲੀ ਦੇ ਘਰੋਂ ਆਇਐਂ ਹੁਣ"-ਮੈਂ ਭਰਿਆ ਪੀਤਾ, ਸੱਜਣ ਕੋਲ ਪਹੁੰਚਣ ਤੋਂ ਪਹਿਲਾਂ ਹੀ ਬੋਲ ਪਿਆ ਸੀ। ਪਰ ਸੱਜਣ ਨੇ ਕੋਈ ਜਵਾਬ ਦੇਣ ਦੀ ਥਾਂ, ਪਹਿਲਾਂ ਮੈਨੂੰ ਅੰਦਰ ਲੰਘ ਜਾਣ ਦਾ ਇਸ਼ਾਰਾ ਕੀਤਾ ਸੀ ਤੇ ਫੇਰ ਆਪ ਗੇਟ ਬੰਦ ਕਰਕੇ ਬੋਲਿਆ ਸੀ-

-"ਹੋਰ, ਮੂਰਖਤਾਈ ਕੀਤੀ ਐ। ਪਰਸੋਂ ਨੂੰ ਫੰਕਸ਼ਨ ਐ। ਦੋ ਦਿਨ ਅਟਕ ਕੇ ਦੇਖ ਲੈਂਦੇ ਜੈਲੀ ਦੱਸ ਸਾਲਾ ਕਿੱਥੇ ਭੱਜਿਆ ਜਾਂਦਾ ਸੀ। ਅਕਲੋਂ ਹੈ ਨੀ। ਹੋਰ ਕੰਮ ਛੱਡ ਕੇ ਥਾਣੇ ਫਿਰੰ ਜਾਵਾਂਗੇ ਹੁਣ"-

-"ਤੂੰ ਥਾਣੇ ਥੂਣੇ ਨੂੰ ਛੱਡ। ਰਾਣੇ ਨੂੰ ਲੱਭ ਕੇ ਆਪ ਸਜਾ ਦੇਹ। ਰਾਣੇ ਤੇ ਜਿੰਦਰ ਦ ਕਰ ਮੂੰਹ ਕਾਲਾ। ਨਾਲੇ ਮਾਹੀਏ ਦੇ ਮਾਰ ਚਾਰ ਛਿੱਤਰ ਪੰਚੇਤ 'ਚ ਸੱਦ ਕੇ"-

ਮੈਂ ਆਪਣੇ ਅੰਦਰ ਚਲਦਾ ਫੈਸਲਾ ਦੇ ਦਿੱਤਾ ਸੀ।

-"ਤੂੰ ਫੰਕਸ਼ਨ ਨਿਬੜਨ ਦੇ 'ਕੇਰਾਂ, ਮੂੰਹ ਕਾਲਾ ਤਾਂ ਮੈਂ ਜੈਲੀ ਦਾ ਕਰੂੰ। ਜੇ ਸਾਰੀ ਲੀਡਰ ਨਾ ਭੁਲਾਤੀ-" ਸੱਜਣ ਮੇਰੀ ਗੱਲ 'ਤੇ ਆਇਆ ਹੀ ਨਹੀਂ ਸੀ।

-"ਤੂੰ ਪਤਾ ਤਾਂ ਕਰ ਰਾਣਾ ਹੈ ਕਿੱਥੇ ਹੁਣ-" ਮੇਰੇ ਮਨ 'ਚ ਸੀ, ਜੇ ਰਾਣਾ ਘਰ ਆ ਜਾਂ ਤਾਂ ਪੰਚੈਤ 'ਚ ਘੁਰ-ਘੱਪ ਹੋ ਜੂ, ਥਾਣੇ ਆਲਿਆਂ ਨੇ ਕੀ ਕਰਨੈ।



-"ਰਾਣਾ ਤਾਂ ਐਥੇ ਈ ਐ। ਬਥੇਰੀ ਕੀਤੀ ਐ ਮੈਂ ਉਹਦੇ ਨਾਲ। ਗੋਲਡੀ ਮਾਰ ਹਾਕ ਉਏ ਰਾਣੇ ਨੂੰ"-

ਰਾਣੇ ਨੂੰ ਘਰ ਦੇਖ ਕੇ ਮੈਂ ਹੈਰਾਨ ਰਹਿ ਗਿਆ ਸੀ। ਜੀਅ ਕੀਤਾ ਸੀ ਬਈ ਉੱਚੀ ਸਾਰੀ ਕਹਾਂ, 'ਵਾਹ ਉਏ ਸੱਜਣ ਸਿਆਂ ਤੇਰੇ, ਠੱਗੀਆਂ ਤਾਂ ਕੋਈ ਤੈਥੋਂ ਸਿੱਖੇ'। ਪਰ ਮੈਨੂੰ ਪਤਾ ਸੀ, ਗੱਲੀਂ ਬਾਤੀਂ ਸੱਜਣ ਨੇ ਪੈਰਾਂ 'ਤੇ ਪਾਣੀ ਨੀ ਪੈਣ ਦੇਣਾ। ਰਾਣੇ ਨੂੰ ਆਉਂਦਾ ਵੇਖ ਕੇ, ਮੈਂ ਅਸਲੀ ਗੱਲ 'ਤੇ ਹੀ ਫੇਰ ਆ ਗਿਆ ਸੀ-

-"ਫੇਰ ਲੋਕਾਂ ਮੂਹਰੇ ਕਾਹਨੂੰ ਝੂਠ ਬੋਲਣਾ ਸੀ। ਇਹਨੂੰ ਸਾਹਮਣੇ ਕਰਕੇ ਗੱਲ ਮੁਕਾ ਦਿੰਦਾ। ਹੁਣ ਵੀ ਮੈਂ ਕਹਿਨੈਂ, ਮੈਂ ਜੈਲੀ ਅਰ ਭਜੋ ਨੂੰ ਲੈ ਆਉਨੈਂ, ਇਹ ਪੰਚੈਤ 'ਚ ਮਾਫੀ ਮੰਗ ਲੈਣਗੇ।"

ਗੱਲ ਖਤਮ ਕਰਕੇ ਮੈਂ ਗੇਟ ਵੱਲ ਮੁੜਿਆ ਤਾਂ ਰਾਣੇ ਨੇ ਆ ਕੇ ਇਕ ਦਮ ਮੇਰੀ ਬਾਂਹ ਫੜ ਲਈ। ਗੁੱਟ ਤੋਂ ਉੱਤੇ ਕਰਕੇ, ਜਿੱਥੋਂ ਸਿੰਘਾਪੁਰ ਵਿਚ, ਅੰਗ੍ਰੇਜ਼ ਦੇ ਹੁਕਮ 'ਤੇ ਉਸ ਸਿਪਾਹੀ ਨੇ ਫੜੀ ਸੀ। ਮੇਰੇ ਸਾਰੇ ਸਰੀਰ ਵਿਚੀਂ ਇਕ ਤਾਰ ਜਿਹੀ ਫਿਰ ਗਈ ਜਿਵੇਂ ਕਿਸੇ ਨੇ ਦੁਖਦੇ ਥੌਂ ਮਾਰੀ ਹੋਵੇ। ਝਟਕੇ ਨਾਲ ਮੈਂ ਰਾਣੇ ਵੱਲ ਖਿੱਚਿਆ ਗਿਆ ਸੀ। ਉਹ ਬੋਲਿਆ ਕੁਸ਼ ਨੀ ਪਰ ਮੈਂ ਸਮਝ ਗਿਆ, ਮੈਨੂੰ ਸਿਰਫ ਰੋਕਣ ਲਈ ਹੀ ਨਹੀਂ ਸੀ ਫੜਿਆ ਗਿਆ। ਮਾਸ 'ਚ ਖੁਭੀਆਂ ਉਂਗਲੀਆਂ ਦਾ ਕਸਾਅ ਕੁਸ਼ ਹੋਰ ਵੀ ਕਹਿੰਦਾ ਸੀ। ਮੇਰਾ ਗੱਚ ਭਰ ਆਇਆ। ਮੈਂ ਸੱਜਣ ਵੱਲ ਵੇਖਿਆ। ਮੈਨੂੰ ਆਪਣੇ ਵੱਲ ਵੇਖਦਾ ਵੇਖਕੇ ਸੱਜਣ ਬੋਲਿਆ ਸੀ-

-"ਤੂੰ ਛੱਡ ਹੁਣ ਮਾਫੀ ਮੂਫੀ ਨੂੰ। ਸਾਨੂੰ ਹੋਣ ਦੇ ਸਿੱਧੇ।" ਫੇਰ ਉਹਨੇ ਰਾਣੇ ਨੂੰ ਘੂਰ ਕੇ ਕਿਹਾ ਸੀ-"ਤੂੰ ਬਹੁਤਾ ਤੱਤਾ ਵਗਦੈਂ, ਅੱਛਿਆ। ਖਤਾ ਖਾਏਂਗਾ, ਮੈਂ ਤੈਨੂੰ ਦੱਸਾਂ-"

ਸੱਜਣ ਦੇ ਬੋਲ, ਅੰਗ੍ਰੇਜ਼ ਦੇ ਰੂਲ ਵਾਂਗ ਮੈਨੂੰ ਲੱਗੇ ਸਨ। 'ਸ਼ੂਟ ਕਰ ਦਵੇ ਐਹੋ ਜਹੇ ਟੱਬਰ ਨੂੰ', ਮੇਰੇ ਮਨ 'ਚ ਆਈ ਸੀ। ਪਰ ਗੁੱਸੇ 'ਚ ਭਰਿਆ ਪੀਤਾ ਮੈਂ ਆਪਣੇ ਕਮਰੇ 'ਚ ਆ ਗਿਆ ਸੀ। ਬਾਹਰ ਬੋਲਦੇ ਸੱਜਣ ਦੀ ਆਵਾਜ਼ ਮੈਨੂੰ ਸੁਣਦੀ ਰਹੀ ਸੀ।

ਸੱਜਣ ਨੇ ਰਾਣੇ ਨੂੰ ਇਕ ਇਕ ਗੱਲ ਸਮਝਾ ਦਿੱਤੀ ਸੀ।

ਰਾਣੇ ਤੇ ਜਿੰਦਰ ਨੇ ਅੱਗਾ ਪਿੱਛਾ ਵੇਖਕੇ, ਨਿਕਲ ਜਾਣਾ ਸੀ ਤੇ ਮਗਰੋਂ ਲੋਕਾਂ ਦਾ 'ਢਿੱਡ ਠੰਡਾ' ਕਰਨ ਲਈ ਪੁਲਸ ਨੇ ਆਉਣਾ ਸੀ। ਫੇਰ ਸੱਜਣ ਨੇ ਉਹ 'ਪੇਸ਼' ਕਰ ਆਉਣੇ ਸਨ। ਇਕ ਦੋ ਦਿਨ ਥਾਣਾ ਵੱਧ 'ਸੇਫ' ਸੀ। ਜੈਲੀ ਹੁਣੀ 'ਕੱਠ ਕਰਕੇ ਜਾਣ ਤਾਂ ਪੁਲਸ ਨੇ ਕਹਿਣਾ ਸੀ ਪੇਸ਼ ਹੋਗੇ। ਸ਼ਹਿਰ ਦੇ ਕੰਮ ਰਾਣੇ ਨੇ ਕਰਦੇ ਰਹਿਣਾ ਸੀ।

-"ਸਮਝ ਗਿਆ ਨਾ ਸਾਰੀ ਗੱਲ? ਏ. ਐਸ. ਆਈ. ਸਰਦੂਲ ਦੇ ਕੁਆਰਟਰ 'ਚ ਰਿਹੋ-" ਸੱਜਣ ਦੀ ਨਿਸ਼ਚਿੰਤ ਆਵਾਜ਼ ਆਈ ਸੀ।

-"ਗੋਲਡੀ ਮੰਗ ਪੱਤਰ ਲਿਆ ਜਿਹੜਾ ਲਿਖਿਆ ਸੀ, ਬਦਲਨਾ ਪਊ ਹੁਣ"-ਸੱਜਣ ਨੇ ਮੰਗਾਂ ਲਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ-

ਨੰਬਰ ਇਕ:-ਸਰਕਾਰੀ ਟੈਂਕੀ ਦਾ ਪਾਣੀ ਚਾਲੂ ਕਰਕੇ, ਉਪਰੇਟਰ ਪਿੰਡ ਵਿਚੋਂ, ਰਵਿਦਾਸ ਦੀ ਸੰਗਤ 'ਚੋਂ ਕੋਈ ਮੁੰਡਾ ਰੱਖਣ ਦਾ ਅਧਿਕਾਰ ਪੰਚਾਇਤ ਨੂੰ ਦਿੱਤਾ ਜਾਵੇ।

ਨੰਬਰ ਦੋ:-ਵਿਹੜੇ ਵਿਚ, ਪਸ਼ੂਆਂ ਲਈ ਪਾਣੀ ਵਾਸਤੇ ਸਪੈਸ਼ਲ ਅਤੇ ਫਰੀ ਹੌਦ ਦਾ ਨਿਰਮਾਣ ਕੀਤਾ ਜਾਵੇ।

ਨੰਬਰ ਤਿੰਨ:-ਹਰੀਜਨਾਂ ਦੀਆਂ ਮੜ੍ਹੀਆਂ ਲਈ ਸ਼ੈੱਡ ਵਾਸਤੇ ਗਰਾਂਟ ਦਿੱਤੀ ਜਾਵੇ।

ਨੰਬਰ ਚਾਰ:-ਘੱਟੋ ਘੱਟ ਪੰਦਰਾਂ ਹੋਰ ਕੁਆਰਟਰ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਮਨਜ਼ੂਰ ਕੀਤੇ ਜਾਣ।

-"ਜੱਟਾਂ ਦੇ ਦਰਵਾਜ਼ੇ ਅਤੇ ਧਰਮਸ਼ਾਲਾ ਦੀ ਮੰਗ ਕੱਟ ਦੇ"-ਮੈਨੂੰ ਅੰਦਰ ਪਏ ਨੂੰ ਵੀ ਸੱਜਣ

ਦਾ ਭਰ ਕੇ ਲਿਆ ਸਾਹ ਸੁਣਿਆ ਸੀ।

ਹੁਣ, ਆਹ ਮੇਰੇ ਹੱਥ ਵਿਚਲਾ ਮੰਗ ਪੱਤਰ, ਪੂਰੀ ਤਰ੍ਹਾਂ ਸੱਜਣ ਦੀ ਮਰਜੀ ਅਨੁਸਾਰ ਲਿਖਿਆ ਹੋਇਆ ਹੈ। ਪੰਚਾਇਤ ਦੀ ਸਲਾਹ ਨਾਲ ਲਿਖੀਆਂ ਮੰਗਾਂ, ਹੇਠ ਕਰਕੇ, ਬਰੀਕ ਅੱਖਰਾਂ ਵਿਚ ਇਕੱਠੀਆਂ ਹੀ ਲਿਖ ਦਿੱਤੀਆ ਹਨ।

ਮੰਗ ਪੱਤਰ ਮੇਰੇ ਹੱਥ ਵਿਚ ਹੀ ਹੈ ਅਜੇ, ਗੋਲਡੀ ਆ ਗਿਆ ਹੈ-

-"ਲਿਆ ਬਾਬੇ ਮੈਮੋਰੰਡਮ ਦੇ ਆਮਾਂ"-

-"ਹਾਂ ਹਾਂ, ਲੈ ਜਾ ਲੈ ਜਾ। ਸੱਜਣ ਦਾ ਮੁੱਖ ਹਥਿਆਰ ਤਾਂ ਇਹੀ ਐ ਜੀਹਨੇ ਜੈਲੀ ਦਾ 'ਕੱਠ ਤੋੜਨੈ"-ਰੋਕਦੇ ਰੋਕਦੇ ਵੀ ਮੈਥੋਂ ਕਹਿ ਹੋ ਗਿਆ ਹੈ।

ਮੰਗ ਪੱਤਰ ਫੜਕੇ ਤੁਰਿਆ ਗੋਲਡੀ ਫਿਰ ਮੁੜ ਆਇਆ ਹੈ।

-"ਬਾਬੇ ਇਕ ਗੱਲ ਦੱਸ, ਤੂੰ ਪਰਸੋਂ ਦਾ ਸਿੰਗਾਂ ਨੂੰ ਤੇਲ ਕਿਉਂ ਲਾਈਂ ਫਿਰਦੈਂ, ਸਿਆਸਤ 'ਚ ਤਾਂ ਐਹੋ ਜੀ ਉਨੀ ਇੱਕੀ ਚਲਦੀ ਓ ਰਹਿੰਦੀ ਐ"-

ਮੈਂ ਉਸ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੰਦਾ, ਕਮਰੇ ਵਿਚ ਆ ਗਿਆ ਹਾਂ। ਢਾਈ ਵੱਜ ਗਏ ਨੇ। ਮੈਂ ਬੂਟ ਪਾ ਲਏ ਹਨ-

-"ਕੀ ਹਾਲ ਐ ਫੌਜਾਂ ਦਾ।" ਆਪਣੇ ਆਪ ਤੋਂ ਪੁੱਛਿਆ ਹੈ, ਪਤਾ ਨਹੀਂ ਕਿੱਥੋਂ ਕਦੇ ਦਾ ਪੜ੍ਹਿਆ ਮੁਹਾਵਰਾ ਚੇਤੇ ਆ ਗਿਆ ਹੈ- 'ਬਲੱਡ ਇਜ਼ ਥਿਕਰ ਦੈਨ ਵਾਟਰ'-

ਮੈਨੂੰ ਮੇਰਾ ਮਨ ਡੋਲਿਆ ਹੋਇਆ ਲਗਦਾ ਹੈ। ਰਾਣੇ ਦੇ ਮੁਕਾਬਲੇ ਜੈਲੀ ਪਤਲਾ ਪੈਂਦ ਦਿਸਦਾ ਹੈ। ਗੋਲਡੀ ਦੀ ਹੁਣੇ ਕਹੀ ਗੱਲ ਯਾਦ ਆਈ ਹੈ। ਅਲਮਾਰੀ ਵਿਚੋਂ ਰਫਲ ਕੱਢ ਕੇ ਲੋ ਕਰਦਾ ਹਾਂ ਅਤੇ ਬੈਗ ਵਿਚਲੇ ਕਾਰਤੂਸ ਗਿਣਦਾ ਹਾਂ, ਅੱਠ ਨੇ।

ਬਾਪ ਦੀ ਬੋਲੀ ਬੋਲਦੈ ਗੋਲਡੀ, ਅਖੇ 'ਸਿੰਗਾਂ ਨੂੰ ਤੇਲ ਲਾਈ ਫਿਰਦੈਂ'। 'ਜੀਹਦੇ ਸਿੰ ਹੋਣਗੇ ਉਹੀ ਤੇਲ ਲਾਊ। ਤੁਸੀਂ ਤਾਂ ਸਾਰੇ ਬਣਗੇ ਅਮਰੀਕਨ ਗਊਆਂ, ਦਾਗੇ ਹੋਏ ਸਿੰਗ ਵਾਲੀਆਂ। ਥੋਡੇ ਸਿੰਗਾਂ ਨੇ ਤਾਂ ਫੋੜੇ 'ਤੇ ਖਾਜ ਵੀ ਨੀ ਕਰਨੀ'- 'ਸਿੰਗਾਂ ਨੂੰ ਤੇਲ ਲਾਈ ਫਿਰਦੈਂ'

ਮੇਰੇ ਇੰਡੀਪੈਂਡੈਂਸ ਲੀਗ ਵਾਲਾ ਗਿਆਨੀ ਪ੍ਰੀਤਮ ਸਿੰਘ ਯਾਦ ਆ ਗਿਐ। ਪਹਿਲੀ ਵਾ ਉਹਨੇ ਈ ਕਿਹਾ ਸੀ ਮੈਨੂੰ-

-"ਤੂੰ ਬਖਤਾਵਰ ਸਿਆਂ ਮਾਰਖੁੰਡਾ ਬੜੈਂ। ਹਰ ਵੇਲੇ ਈ ਸਿੰਗਾ ਨੂੰ ਤੇਲ ਲਾਈ ਰੱਖਦੈਂ ਪਰ ਇਹ ਵੀ ਸੋਚ ਲੈ, ਢੁੱਡ ਕੀਹਦੇ ਮਾਰਨੀ ਐਂ"-

-"ਜੇ ਆਹ ਸਮਝਾ ਦਵੋਂ, ਹੋਰ ਕੀ ਚਾਹੀਦੈ ਗਿਆਨੀ ਜੀ। ਸਾਡੇ ਤਾਂ ਸਮਝ ਨ ਆਉਂਦੀ"-ਮੈਂ ਗਿਆਨੀ ਜੀ ਮੂਹਰੇ ਹੱਥ ਜੋੜ ਕੇ ਖੜ੍ਹ ਗਿਆ ਸੀ। ਉਹ ਦੋ ਦਿਨ ਤੋਂ ਸਾ ਆਜਾਦ ਹਿੰਦ ਫੌਜ ਵਿਚ ਸ਼ਾਮਲ ਹੋਣ ਲਈ ਤਿਆਰ ਕਰਨ ਲਈ ਆਉਂਦੇ ਸੀ। ਉਹਨਾਂ ਦੀਅ ਗੱਲਾਂ ਸੁਣਕੇ ਜੀਅ ਵੀ ਕਰਦਾ ਪਰ-

-"ਪਰ ਬਾਤ ਗਿਆਨੀ ਜੀ ਯਹੁ ਐ ਬੀ ਯਹੁ ਜਿਹੜੇ ਬਖਤੌਰੈ ਨਾ, ਯਹੁ ਆਪਣੇ ਘਰ ਅੰਗ੍ਰੇਜ਼ਾਂ ਕੇ ਉਲਟ ਨਾਹਰੇ ਲਾਏ ਕਰੇ ਤਾ ਅਰ ਨਾਹਰੇ ਲਾ ਕੈ ਮਾਰ ਖਾਏ ਕਰੇ ਤਾ। ਫਿਰ ਕਿ ਹੋਆ ਬੀ ਅੰਗ੍ਰੇਜ਼ਾਂ ਕੇ ਗੈਲ ਮਿਲਕੇ, ਜਾਪਾਨੀਆਂ ਕੇ ਉਲਟ ਸੂਰਮਗਤੀ ਦਿਖਾਨੇ ਲਗਾ। ਇ ਥਮੈ ਫਿਰ ਜਾਪਾਨੀਆਂ ਕੇ ਹੱਕ ਮੇ ਲੜਨੇ ਕੋ ਕਹੈ। ਇਬ ਇਸ ਕੀ ਸੂਰਮਗਤੀ ਕਹਾਂ ਰਹੀ ਯ ਪੂਛੈ"-

-"ਪੁੱਛਣ ਆਲੀ ਗੱਲ ਤਾਂ ਸੰਤਾ ਸਿਆਂ ਸਾਫ ਐ। ਅੰਗ੍ਰੇਜ਼ਾਂ ਦੇ ਹੱਕ 'ਚ ਲੜੇ ਐਂ ਆ ਰੋਟੀ ਖਾਤਰ। ਹੁਣ ਆਜਾਦ ਹਿੰਦ ਫੌਜ ਨੇ ਲੜਨੈ ਦੇਸ਼ ਦੀ ਆਜਾਦੀ ਖਾਤਰ। ਫੈਸਲਾ ਤਾਂ ਅਸ 'ਚ ਇਹ ਐ ਬਈ ਜਾਨ ਰੋਟੀ ਤੋਂ ਵਾਰਨੀ ਐ ਕ ਦੇਸ ਤੋਂ"-



'ਪਰ ਹੁਣ ਫੈਸਲਾ ਕਾਹਦੇ 'ਚ ਐ'। ਜੇ ਅੱਜ ਗਿਆਨੀ ਜੀ ਹੁੰਦੇ ਤਾਂ ਪੁੱਛਦਾ। ਹੁਣ ਤਾਂ ਨਾ ਰੋਟੀ ਦਾ ਮਸਲੈ, ਨਾ ਦੇਸ਼ ਦੀ ਆਜਾਦੀ ਦਾ। ਪਰ ਜਾਨ ਉਵੇਂ ਵਾਰਨੀ ਪੈਣੀ ਐ ਹੁਣ ਵੀ। ਜਾਨਾਂ ਵਾਰ ਕੇ ਪ੍ਰਾਪਤ ਕੀਤੀ ਹਿੰਦ ਦੀ ਆਜਾਦੀ ਵਿਚ ਵੀ ਰਹਿਣਾ ਕਿੰਨਾ ਮੁਸ਼ਕਲ ਐ। ਜਮੀਰ ਮਾਰਨੀ ਪਊ ਜਾਂ ਪੋਤਾ। ਇਹ ਦੋਵੇਂ ਇਕੋ ਸਮੇਂ ਨੀ ਰਹਿ ਸਕਦੇ ਇਸ ਧਰਤੀ 'ਤੇ। ਜੈਲੀ ਦੀ ਬੋਲੀ ਕਵਿਤਾ ਫਿਰ ਯਾਦ ਆਈ ਹੈ, ਜਾਂ ਇਹ ਰਹਿਣਗੇ ਜਾਂ ਮੈਂ ਰਹਾਂਗਾ-

ਮੇਰਾ ਮਨ ਬੇਦਿਲ, ਸਤਹੀਣ ਹੋਇਆ ਪਿਆ ਹੈ। ਨਾ ਗੋਲਡੀ ਮੁੜਿਐ, ਨਾ ਕੋਈ ਮੈਨੂੰ ਲੈਣ ਆਇਐ-ਬੇਚੈਨ ਹੋ ਗਿਆ ਹਾਂ ਮੈਂ। ਬੂਟਾਂ ਦੇ ਖੁਲ੍ਹੇ ਫੀਤੇ ਕਸ ਕੇ ਬਾਹਰ ਨਿਕਲਿਆ ਹਾਂ। ਪੂਰੇ ਘਰ ਵਿਚ ਅਜੀਬ ਜਿਹੀ ਸ਼ਾਂਤੀ ਹੈ। ਸਵੇਰ ਤੋਂ ਬਣੀ ਚਹਿਲ ਪਹਿਲ, ਇਕ ਦਮ ਖਤਮ ਹੈ। ਰਾਣੇ ਦੀ ਬਹੂ, ਆਰਾਮ ਕੁਰਸੀ ਵਿਚ ਬੈਠੀ ਟੀ. ਵੀ. ਵੇਖ ਰਹੀ ਹੈ। ਇਕ ਪਲ ਮੇਰੀ ਨਿਗ੍ਹਾ ਉਸ ਦੇ ਵਧੇ ਪੇਟ ਵੱਲ ਜਾਂਦੀ ਹੈ। ਫੇਰ ਉੱਚੀ ਆਵਾਜ਼ ਵਿਚ ਪੁੱਛਦਾ ਹਾਂ-

-"ਗੋਲਡੀ ਨੀ ਆਇਆ ਭਾਈ ਮੁੜਕੇ, ਰਾਣੇ ਦਾ ਪਤਾ ਕਰਦਾ"-ਗੱਲ ਪੂਰੀ ਕਰਨ ਵੇਲੇ ਮੇਰਾ ਬੋਲ ਕੰਬਿਆ ਹੈ-

-"ਉਹਨਾਂ ਦਾ ਤਾਂ ਫੋਨ ਆ ਗਿਆ ਸੀ। ਫੰਕਸ਼ਨ 'ਤੇ ਆਉਣਾ ਨੀ। ਗੋਲਡੀ ਕਦੋਂ ਦਾ ਤਿਆਰ ਹੋ ਕੇ ਮੁੜ ਗਿਆ"-

ਬਹੂ ਦੇ ਜਵਾਬ ਨੇ ਗੱਲ ਸਾਫ਼ ਕਰ ਦਿੱਤੀ ਹੈ। ਨਾ ਹੁਣ ਉਹ ਮੈਨੂੰ ਲੈਣ ਆਉਣ ਤੇ ਨਾ ਰਾਣਾ ਉੱਥੇ ਆਵੇ। ਅਚਾਨਕ ਸਭ ਕੁਝ ਸੁੰਨਸਾਨ ਜਾਪਦਾ ਹੈ। ਸਾਰਾ ਵਿਹੜਾ, ਪੀਲੀ, ਉਦਾਸ ਜਿਹੀ ਧੁੱਪ ਨਾਲ ਭਰਿਆ ਪਿਆ ਹੈ। ਅੰਦਰ ਜਿਵੇਂ ਖਾਲੀ ਹੋ ਗਿਆ ਹੋਵੇ। ਵਿਹੜਾ ਭਾਂ ਭਾਂ ਕਰ ਰਿਹਾ ਹੈ।

ਪਹਿਲਾਂ ਈ ਬੁਝਿਆ ਮੇਰਾ ਮਨ ਹੋਰ ਉਦਾਸ ਹੋ ਗਿਆ ਹੈ। ਏਨਾ ਉਦਾਸ ਮੈਂ ਸਿਰਫ਼ ਤੇਜ ਕੁਰ ਦੀ ਮੌਤ ਵਾਲੇ ਦਿਨ ਹੋਇਆ ਸੀ। ਇਥੇ ਕੁ, ਜਿੱਥੇ ਮੈਂ ਹੁਣ ਖੜ੍ਹਾ ਹਾਂ, ਅਰਥੀ ਰੱਖੀ ਸੀ। ਤੀਵੀਆਂ ਰੋ ਰਹੀਆਂ ਸਨ, ਬੰਦੇ ਗੱਲਾਂ ਕਰ ਰਹੇ ਸਨ। ਮੈਂ ਚੁੱਪ ਬੈਠਾ ਸੀ। ਮਰਗ ਵਾਲਾ ਘਰ ਸੀ, ਪਰ ਰੌਣਕ ਵਿਆਹ ਵਰਗੀ ਸੀ। ਅਰਥੀ ਫੁੱਲ ਫੁੰਦਿਆਂ ਨਾਲ ਸਜਾਈ ਜਾ ਰਹੀ ਸੀ। ਬਬਾਨ ਦੀ ਤਿਆਰੀ ਹੋ ਰਹੀ ਸੀ। ਸੱਜਣ ਆਪਣੀ ਮਾਂ ਨੂੰ 'ਵੱਡੀ' ਕਰ ਰਿਹਾ ਸੀ। ਮੈਂ ਸਿਰਫ਼ ਅਰਥੀ ਨੂੰ ਹੱਥ ਲੁਆਉਣ ਲੱਗੇ ਰੋਇਆ ਸੀ। ਅਚਾਨਕ ਸਾਹਮਣੇ ਆ ਖੜ੍ਹੀ ਤੇਜ ਕੁਰ ਨੇ ਗੱਲੇ ਅਜਿਹੀ ਕੀਤੀ ਸੀ-

-"ਸੱਜਣ ਦੇ ਬਾਪੂ, ਜੋ ਮਿਲੇ ਖਾ ਲਿਆ ਕਰੀਂ। ਹੁਣ ਤੇਜ ਕੁਰ ਨੀ ਬਈ ਛੋਲਿਆਂ ਦੀ ਮਿੱਸ ਆਲੀ ਮਿਲੂ ਤਿੰਨੇ ਟੈਮ"-

ਮੇਰੀ ਭੁੱਬ ਨਿਕਲ ਗਈ ਸੀ।

ਅੱਜ ਜਿਊਂਦੀ ਹੁੰਦੀ, ਅੱਖਾਂ ਭਰਕੇ ਕਹਿੰਦੀ-"ਤੂੰ 'ਡੀਕਦੈਂ ਬੀ ਤੈਨੂੰ ਲੈਣ ਆਉਣਗੇ। ਅਗਲਿਆਂ ਨੇ ਫੋਟੋ ਨਾਲੇ ਸਾਰ ਲਿਆ"-

ਸੱਚੀ ਗੱਲ ਐ ਨਾ ਬੁਲਾਏ ਜਾਣ 'ਤੇ ਮਨ ਹੀਣਤਾ ਨਾਲ ਭਰ ਗਿਆ ਹੈ। ਪਰ ਨਾਲ ਹੀ ਸਿਰੋਂ ਮਣਾ-ਮੂੰਹੀਂ ਬੋਝ ਲਹਿ ਗਿਆ ਲਗਦਾ ਹੈ। ਮੈਂ ਜਿਵੇਂ ਹੌਲਾ ਹੌਲਾ ਮਹਿਸੂਸ ਕਰ ਰਿਹਾ ਹਾਂ। ਟੇਕ ਨਹੀਂ ਆ ਰਹੀ। ਬਾਹਰੋਂ ਅੰਦਰ ਗਿਆ ਗੋਲਡੀ ਦੇ ਕਮਰੇ ਦਾ ਗੇੜਾ ਮਾਰ ਆਇਆ ਹਾਂ। ਆਪਣੇ ਕਮਰੇ ਵਿਚ ਵੀ ਬੈਠ ਨਹੀਂ ਹੋਇਆ। ਉਵੇਂ ਜਿਵੇਂ ਤਿਆਰ ਹੋਇਆ ਘਰੋਂ ਨਿਕਲ ਆਇਆਂ ਹਾਂ। ਕਲੋਨੀ ਵੱਲ ਜਾਣ ਦੀ ਥਾਂ ਨਿੱਤ ਦੇ ਸੈਰ ਵਾਲੇ ਰਾਹ ਪੈ ਗਿਆ ਹਾਂ। ਸਪੀਕਰ ਦੀ ਆ ਰਹੀ ਆਵਾਜ਼ ਧਿਆਨ ਖਿੱਚਦੀ ਹੈ। ਮੰਤਰੀ ਬੋਲ ਰਿਹਾ ਹੈ-

-"ਤੁਹਾਡੇ ਪਿੰਡ ਦੇ ਭਾਗ ਚੰਗੇ ਨੇ ਜੋ ਪਿੰਡ ਅਤੇ, ਮੈਂ ਤਾਂ ਕਹਾਂਗਾ, ਇਲਾਕੇ ਨੂੰ ਸਰਦਾਰ

ਸੱਜਣ ਸਿੰਘ ਵਰਗਾ ਨਿਆਂ-ਪਸੰਦ ਰਹਿਨੁਮਾ ਮਿਲਿਆ ਹੈ। ਹੁਣ ਤੁਹਾਡੇ ਸਾਹਮਣੇ ਐ, ਖੁਦ ਇਹਨਾਂ ਨੇ ਆਪ ਆਪਣੇ ਬੇਟੇ ਨੂੰ ਪੁਲਸ ਦੇ ਹਵਾਲੇ ਕੀਤੇ ਤੇ ਪੀੜਤ ਧਿਰ ਦੀ ਬਾਂਹ ਫੜੀ ਐ"-

ਬੋਲੇ ਸੋ ਨਿਹਾਲ ਦਾ ਨਾਹਰਾ ਸਪੀਕਰ ਵਿਚ ਗੂੰਜਿਆ ਹੈ। ਕੁਝ ਦੇਰ ਬਾਅਦ ਮੰਤਰੀ ਦੀ ਆਵਾਜ਼ ਫਿਰ ਆਈ ਹੈ-

-"ਮੈਂ ਤਾਂ ਆਪਣੇ ਵੱਲੋਂ, ਸਾਹਮਣੇ ਰੋਸ ਪ੍ਰਗਟ ਕਰ ਰਹੇ ਵੀਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਸਰਦਾਰ ਸੱਜਣ ਸਿੰਘ ਦਾ ਸਾਥ ਦੇਣ। ਕਾਨੂੰਨ ਆਪਣਾ ਕੰਮ ਕਰੇਗਾ। ਪਿੰਡ ਅਤੇ ਪੂਰੇ ਹਲਕੇ ਵਿਚ..."

-"ਦੇਖੀਂ, ਤਿਆਰ ਬਰ ਤਿਆਰ ਹੋ ਕੇ ਕਿੱਧਰ ਚੜ੍ਹਾਈ ਕੀਤੀ ਹੈ। ਬੰਦੂਖ ਅਰ ਰੌਂਦਾਂ ਆਲਾ ਬੈਗ ਤਾਂ ਐਂ ਦੱਸਦੇ ਐ ਜਿਮੇਂ ਸ਼ਕਾਰ 'ਤੇ ਨਿਕਲਿਆ ਹੋਮੇਂ"-

-"ਹੈਂ!"-ਮੈਂ ਹਰਾਨ ਹੋਕੇ ਪਹਿਲਾਂ, ਖੂੰਡੀ 'ਤੇ ਝੁਕੇ ਪੂਰਨ ਵੱਲ ਵੇਖਿਆ ਹੈ ਤੇ ਫਿਰ ਆਪਣੇ ਮੋਢੇ ਪਾਈ ਬੰਦੂਕ ਵੱਲ। ਪਰ ਰੁਕ ਕੇ ਪੂਰਨ ਨਾਲ ਗੱਲ ਕਰਨ ਨੂੰ ਰੂਹ ਨਹੀਂ ਕੀਤੀ। ਆਪਣੇ ਰਾਹ ਅੱਗੇ ਲੰਘ ਆਇਆ ਹਾਂ। ਨ੍ਹੇਰਾ ਹੋ ਚੱਲਿਆ ਹੈ, ਪਰ ਮੁੜਨ ਨੂੰ ਜੀਅ ਨਹੀਂ ਕਰਦਾ। ਕਲੋਨੀ ਵਿਚੋਂ ਆਉਂਦੀ ਸਪੀਕਰ ਦੀ ਆਵਾਜ਼ ਕਦੋਂ ਦੀ ਫਤਹਿ ਬੁਲਾ ਚੁੱਕੀ ਹੈ। ਵਾਪਸ ਮੁੜਦੇ ਨੂੰ ਪਤਾ ਨਹੀਂ ਕਿਉਂ ਐਂ ਲਗਦੈ ਜਿਵੇਂ ਅੱਜ ਆਪਣੇ ਨਹੀਂ ਸੱਜਣ ਦੇ ਘਰ ਜਾ ਰਿਹਾ ਹੋਵਾਂ।

ਵਿਹੜੇ ਵਿਚ ਕੁਰਸੀਆਂ 'ਤੇ ਓਪਰੇ ਬੰਦੇ, ਕਬਜਾ ਕਰੀਂ ਬੈਠੇ ਨੇ। ਸੱਜਣ ਦੀ ਚੇਅਰਮੈਨੀ ਦਾ ਜਸ਼ਨ ਮਨਾਇਆ ਜਾ ਰਿਹਾ ਹੈ। ਕੁਰਸੀਆਂ ਕੋਲ ਮੂੜ੍ਹੇ 'ਤੇ ਬੈਠਾ ਮਾਹੀਆ ਉੱਠ ਕੇ ਮੇਰੇ ਵੱਲ ਆਇਆ ਹੈ-

-"ਵਧਾਈਆਂ ਲਾਣੇਦਾਰਾ, ਤੇਰੀ ਕੀਤੀ ਦਾ ਮੁੱਲ ਪਿਐ"-

ਜੀ ਕਰਦੈ ਮਾਹੀਏ ਨੂੰ ਕਹਾਂ ਬਈ ਕੀਤੀ ਦਾ ਮੁੱਲ ਤਾਂ ਤੁਸੀਂ ਪਰਸੋਂ ਪਾ ਤਾ। ਪਰ ਮਨ ਦੀ ਕੁੜੱਤਣ ਅੰਦਰੇ ਨਿਘਾਰਦਾ, ਚੁੱਪ-ਚਾਪ ਲੰਘ ਆਇਆ ਹਾਂ। ਉੱਚਾ ਬੋਲਦਾ ਸਿੰਦਰ ਸੁਣਦਾ ਹੈ-

-"ਆਪਣੀ ਪਰਚੇ ਵੰਡਣ ਵਾਲੀ ਸਕੀਮ ਕੰਮ ਕਰਗੀ। ਜਿਹੜੇ ਚਾਰ ਜਣੇ ਧਰਨੇ ਆਲੀ ਦਰੀ 'ਤੇ ਨੂੰ ਗਏ ਵੀ, ਪੜ੍ਹਦੀ ਸਾਰ ਖਿਸਕ ਆਏ। ਪਾਰਟੀ ਪੂਰਟੀ ਸਭ ਭੁੱਲਗੇ।"

-"ਲੈ ਹੈ! ਕੁਆਟਰ ਕੀਹਨੂੰ ਨੀ ਚਾਹੀਦੇ! ਪਰ ਜੈਲੀ ਦੇ ਨਾਲ ਬੈਠੇ ਉਹ ਦੋ ਓਪਰੇ ਜੇ ਬੰਦੇ ਕਿਹੜੇ ਤੇ?"-

-"ਇਕ ਤਾਂ ਘੋਲਾ ਤੀ ਕਿਸਾਨ ਯੂਨੀਅਨ ਆਲਾ, ਦੂਆ ਕੋਈ ਫੈਕਟਰੀ 'ਚੋਂ ਹੋਣੈਂ। ਸਣੇ ਤੀਮੀਆਂ ਬਾਰਾਂ ਜਣੇ ਤੀ, ਮੈਂ ਕਹਿਨੈਂ। ਜੈਲੀ ਦੀਆਂ ਦਰੀਆਂ ਵਛਾਈਆਂ ਈ ਰਹਿਗੀਆਂ।"-

-"ਮਾਂਗਟਾਂ ਦਾ ਛੋਟਾ ਮੁੰਡਾ, ਉਹ ਸਰਬਾ, ਸਰਬਾ, ਉਹ ਵੀ ਵਿਚੇ ਤੀ। ਊਂ ਉਹ ਤਾਂ ਪਹਿਲਾਂ ਵੀ ਜੈਲੀ ਨਾਲ ਫਿਰਦਾ ਤੁਰਦੈ"-

ਗੱਲਾਂ ਸੁਣ ਕੇ ਮੈਨੂੰ ਅਕੇਵਾਂ ਹੋਣ ਲੱਗਿਆ ਹੈ। ਗੋਰਖੇ ਹੱਥ ਆਈ ਰੋਟੀ ਮੋੜ ਦਿੱਤੀ ਹੈ। ਅੱਧ ਸੁੱਤਾ ਜਿਹਾ ਸੋਚਦਾ ਹਾਂ, 'ਕੱਲੇ ਦੁਕੱਲੇ ਜੈਲੀ ਵਰਗਿਆ ਦੀ ਕੀ ਵੱਟੀਂਦੀ ਹੈ। ਪਾਰਟੀਆਂ ਵੋਟਾਂ ਦੇਖਦੀਆਂ। ਫੌਜ ਬਿਨਾਂ ਤਾਂ ਜੈਲੀ ਹੋਵੇ ਚਾਹੇ ਕੋਈ ਜਰਨਲ-ਕਰਨਲ, ਕਿਹੜੀ ਲੜਾਈ ਹੋਣੀ ਐ। ਜਾਗੋ ਮੀਟੀ ਵਿਚ ਹੀ ਮੈਨੂੰ ਲੱਗਿਆ ਹੈ ਜਿਵੇਂ ਰਾਣੇ ਦਾ ਮੋਟਰ-ਸਾਈਕਲ ਆ ਕੇ ਰੁਕਿਆ ਹੁੰਦਾ ਹੈ। ਪਰ ਮੇਰੇ ਇਹ ਗੱਲ ਸਮਝ ਨਹੀਂ ਆ ਰਹੀ ਬਈ ਇਹ ਗੱਲ ਹੁਣ ਦੀ ਐ ਕ ਪਹਿਲਾਂ ਦੀ। ਸ਼ਾਇਦ ਉਦੋਂ ਬਾਅਦ ਮੇਰੀ ਅੱਖ ਲੱਗ ਗਈ ਹੋਵੇ ਜਾਂ ਐਵੇਂ ਭੁਲੇਖਾ ਪਿਆ ਹੋਵੇ। ਬਾਹਰ ਰਾਤ ਸਾਂ ਸਾਂ ਕਰ ਰਹੀ ਹੈ। ਕੋਸ਼ਿਸ਼ ਕਰਨ 'ਤੇ ਵੀ ਨੀਂਦ ਨਹੀਂ ਆ ਰਹੀ। ਕਦੇ ਸੰਤਾ ਸਿਰ ਹਿਲਾਉਂਦਾ ਹੈ, 'ਬਖਤੌਰ ਸੀਂਹ, ਇਸ 'ਤੇ ਤਾਂ ਮਰਨਾ ਚੰਗਾ।' ਪਤਾ ਨਹੀਂ ਲਗਦਾ ਕਦੋਂ ਭਜੋ ਦੇ



ਮੋਢਿਆਂ 'ਤੇ ਰਾਮ ਸਰਨ ਦਾ ਸਿਰ ਦਿਸਣ ਲੱਗ ਜਾਂਦਾ ਹੈ। ਕਦੇ ਲਗਦੈ ਜਿਵੇਂ ਪੂਰਾ ਵਿਹੜਾ ਕਹਿ ਰਿਹਾ ਹੋਵੇ, 'ਬੁੜ੍ਹਾ ਪਖੰਡ ਕਰਦਾ ਫਿਰਦੈ।' ਗਿਆਨੀ ਪ੍ਰੀਤਮ ਸਿੰਘ ਠੰਢੇ ਮਤੇ ਨਾਲ ਕਹਿੰਦਾ ਹੈ, 'ਜੇ ਜੀਵੇ ਪਤ ਲੱਥੀ ਜਾਏ।'

ਮੈਂ ਉੱਠ ਕੇ ਬੈਠ ਗਿਆ ਹਾਂ। ਭਰੀ ਹੋਈ ਬੰਦੂਕ ਮੰਜੇ ਦੇ ਪਾਵੇ ਨਾਲੋਂ ਚੁੱਕ ਲਈ ਹੈ। ਕੋਠੇ ਚੜ੍ਹਨ ਤੋਂ ਪਹਿਲਾਂ, ਰਾਣੇ ਦਾ ਮੋਟਰ ਸਾਈਕਲ ਦੇਖ ਕੇ ਪੱਕ ਕਰ ਲਿਆ ਹੈ। ਪਰ ਹੁਣ ਕੋਠੇ 'ਤੇ ਆ ਕੇ ਸਮਝ ਨੀ ਆਉਂਦੀ, ਅੰਦਰ ਕਿਵੇਂ ਦੇਖਾਂ। ਖਿੜਕੀਆਂ ਦਰਵਾਜੇ ਬੰਦ ਨੇ ਤੇ ਰੌਸ਼ਨਦਾਨ 'ਅਪਰੋਚ' ਤੋਂ ਬਾਹਰ ਹੈ। ਕੂਲਰ ਵਾਲੀ ਖਿੜਕੀ 'ਤੇ ਨਿਗ੍ਹਾ ਪਈ ਹੈ। ਆਸੇ ਪਾਸੇ ਲੱਗਿਆ ਗੱਤਾ ਪਾੜ ਕੇ ਅੰਦਰ ਵੇਖਿਆ ਹੈ। ਮੱਧਮ ਜਿਹੇ ਚਾਨਣੇ ਵਿਚ ਕੁਸ਼ ਨਜ਼ਰ ਨਹੀਂ ਆ ਰਿਹਾ। ਕਮਰੇ ਵਿਚ ਨਜ਼ਰ ਘੁਮਾਉਂਦਾ ਹਾਂ। ਸਾਹਮਣੇ ਸ਼ੋਅ ਕੇਸ ਵਿਚ, ਜਿਸ ਵਿਚ ਲਾਲ ਬਲਬ ਜਗ ਰਿਹਾ ਹੈ, ਰਾਣੇ ਤੇ ਬਹੂ ਦੀ ਫੋਟੋ ਪਛਾਣ ਵਿਚ ਆਈ ਹੈ। ਰਾਣਾ ਬੈਠਾ ਹੈ ਤੇ ਬਹੂ ਉਸ ਦੇ ਮੋਢਿਆਂ 'ਤੇ ਹੱਥ ਰੱਖੀ ਖੜ੍ਹੀ ਹੈ। ਮਨ ਅੰਦਰ ਮੁੰਡੇ ਬਹੂ ਦੇ ਕਮਰੇ 'ਚ ਚੋਰੀ ਝਾਕਣ ਦਾ ਅਹਿਸਾਸ ਜਾਗਦਾ ਹੈ। ਮਨ ਕਚਿਆਣ ਦੀ ਭਾਵਨਾ ਨਾਲ ਭਰ ਗਿਆ ਹੈ। 'ਜੇ ਕੋਈ ਵੇਖ ਲਵੇ'। ਆਲੇ-ਦੁਆਲੇ ਵੇਖਿਆ ਹੈ। ਦੂਰ ਤਕ ਨ੍ਹੇਰਾ ਫੈਲਿਆ ਪਿਆ ਹੈ। ਫਿਰ ਹੋਰ ਧਿਆਨ ਨਾਲ ਅੰਦਰ ਵੇਖਦਾ ਹਾਂ। ਰਾਣਾ ਬਿਲਕੁਲ ਸਿੱਧ ਪਿਆ ਦਿਸਿਆ ਹੈ। ਖਿੜਕੀ ਵਾਲੇ ਪਾਸੇ। ਹਾਰੀਜੈਂਟਲ ਟਾਰਗੈੱਟ। ਮੈਂ ਬੰਦੂਕ ਖਿੜਕੀ ਦੀ ਚੁਗਾਠ 'ਤੇ ਰੱਖ ਲਈ ਹੈ। ਖੱਬੀ ਅੱਖ ਦੱਬ ਕੇ ਨਿਸ਼ਾਨਾ ਸਾਧਦਾ ਹਾਂ ਤਾਂ ਰਾਣੇ ਦੀ ਗਰਦਨ ਅਤੇ ਸਿਰ ਨਜ਼ਰ ਆਉਂਦਾ ਹੈ। ਦੋਵੇਂ ਅੱਖਾਂ ਖੁੱਲ੍ਹੀਆਂ ਰੱਖਦਾ ਹਾਂ ਤਾਂ ਰਾਣੇ ਦੇ ਪਰਲੇ ਪਾਸੇ ਪਈ ਉਸ ਦੀ ਬਹੂ ਵੀ ਦਿਸਦੀ ਹੈ। ਸਿੱਧੀ ਪਈ ਰਾਣੇ ਦੀ ਬਹੂ ਦਾ ਉਭਰਿਆ ਪੇਟ, ਰਾਣੇ ਦੀ ਦੇਹ ਤੋਂ ਉੱਪਰ ਦਿਸਦਾ ਹੈ। ਬੰਦੂਕ ਠੀਕ ਤਰ੍ਹਾਂ ਜੋਹ ਕੇ ਟਿਕਾ ਲਈ ਹੈ। ਖੱਬੀ ਅੱਖ ਬੰਦ ਕਰਕੇ, ਬੰਦੂਕ ਦਾ ਲਾਕ ਹਟਾਲਿਆ ਹੈ। ਲਾਕ ਦੀ ਹਲਕੀ ਜਿਹੀ ਆਵਾਜ਼ ਨਾਲ ਹੀ ਧੰਦਕ ਗਿਆ ਹਾਂ। ਮੱਥੇ 'ਤੇ ਆਇਆ ਪਸੀਨਾ ਪੂੰਝ, ਉਂਗਲੀ ਟ੍ਰੈਗਰ 'ਤੇ ਰੱਖ ਅੰਦਰ ਦੇਖਿਆ ਹੈ। ਬੇਚੈਨੀ ਹੋ ਰਹੀ ਹੈ ਕਿ ਇਸ ਵਾਰ ਖੱਬੀ ਅੱਖ ਬੰਦ ਕਰਨ 'ਤੇ ਵੀ ਰਾਣਾ ਨਹੀਂ, ਬਹੂ ਦਾ ਉਭਰਿਆ ਪੇਟ ਦਿਸ ਰਿਹਾ ਹੈ। ਟ੍ਰੈਗਰ 'ਤੇ ਰੱਖੀ ਉਂਗਲੀ ਜਿਵੇਂ ਆਖਾ ਨਹੀਂ ਮੰਨ ਰਹੀ। ਮੈਨੂੰ ਆਪਣੇ ਸਾਰੇ ਜਿਸਮ ਵਿਚ ਇਕ ਅਜੀਬ ਜਿਹੀ ਕੰਬਣੀ ਛਿੜ ਗਈ ਲਗਦੀ ਹੈ। ਅਚਾਨਕ ਲੱਗਿਆ ਹੈ ਜਿਵੇਂ ਧਰਤੀ ਡੋਲ ਗਈ ਹੋਵੇ। ਮੈਨੂੰ ਲਗਦਾ ਹੈ ਕਿ ਸਭ ਤੋਂ ਖਤਰਨਾਕ ਲੜਾਈ ਪਿੱਛੇ ਸਿੰਘਾਪੁਰ ਵਿਚ ਨਹੀਂ ਰਹਿ ਗਈ ਤੇ ਨਾ ਹੀ ਇੰਫਾਲ ਦੇ ਬਾਰਡਰ 'ਤੇ। ਅਸਲੀ ਲੜਾਈ ਤਾਂ ਅੱਗੇ ਖੜ੍ਹੀ ਹੈ, ਐਨ ਸਾਹਮਣੇ, ਰਾਣੇ ਦੇ ਭੇਸ 'ਚ।

ਮੈਨੂੰ ਪਤਾ ਵੀ ਨਹੀਂ ਲੱਗਿਆ ਟ੍ਰੈਗਰ ਵਾਲਾ ਹੱਥ ਕਦੋਂ ਪਿੱਛੇ ਹਟ ਗਿਆ ਹੈ। ਜਦੋਂ ਫੈਸਲਾਕੁਨ ਘੜੀ ਆਈ ਤਾਂ ਅਸੂਲਪ੍ਰਸਤ ਬੰਦਾ ਪਤਾ ਨਹੀਂ ਕਿੱਥੇ ਗਾਇਬ ਹੋ ਗਿਆ ਤੇ ਰਹਿ ਗਿਆ ਇਕ ਬੇ-ਬਸ ਦਾਦਾ, ਜਿਸ ਨੂੰ ਮੂਲ ਨਾਲੋਂ ਵਿਆਜ ਪਿਆਰਾ ਹੈ।

ਫੌਜੀ ਨੂੰ ਨਿਸ਼ਾਨਾ ਸਿੰਨ੍ਹੀ ਬੈਠੇ ਨੂੰ ਛੱਡ ਕੇ, ਦਾਦਾ ਹੇਠ ਉਤਰ ਆਇਆ ਹੈ। ਮਨ ਹਾਰ ਵਰਗੀ ਨਮੋਸ਼ੀ ਨਾਲ ਭਰਿਆ ਪਿਆ ਹੈ। ਹਾਰਿਆ ਮਨ ਤਨ ਬੇ-ਦਿਲੀ ਵਿਚ ਨਿਢਾਲ ਹੋਇਆ ਪਿਆ ਹੈ।

ਗੁਰਦੁਆਰੇ ਭਾਈ ਜੀ ਨੇ ਸਪੀਕਰ ਲਾ ਲਿਆ ਹੈ, "ਅੰਮ੍ਰਿਤ ਵੇਲੇ ਦੇ ਚਾਰ ਵੱਜੇ ਹਨ ਭਾਈ। ਉੱਠ ਕੇ ਇਸ਼ਨਾਨ ਪਾਣੀ, ਭਜਨ ਬੰਦਗੀ ਕਰੋ।" ਹਰ ਰੋਜ਼ ਭਾਈ ਜੀ ਬੋਲਦੇ ਨਾਲ ਉੱਠਣਾ ਮੇਰਾ ਨਿੱਤਨੇਮ ਹੈ। ਪਰ ਅੱਜ-

'ਕਿੱਥੇ ਗ਼ਲਤੀ ਹੋ ਗਈ। ਸੱਜਣ ਕਦ ਇਹੋ ਜਿਹਾ ਬਣ ਗਿਆ।'

ਜਵਾਬ ਦੀ ਥਾਂ ਅੰਦਰ ਘਟਨਾਵਾਂ ਦੀ ਇਕ ਲੜੀ ਚੱਲ ਪਈ ਹੈ। ਆਜਾਦ ਹਿੰਦੋਸਤਾਨ ਵਿਚ ਪਹਿਲੀ ਲੜਾਈ ਯਾਦ ਆਈ ਹੈ। 'ਆਜ਼ਾਦ ਹਿੰਦ' ਫੌਜੀਆਂ ਦੀ ਮੁੜ ਭਰਤੀ ਵੇਲੇ

ਲੱਗੀਆਂ ਤਿੰਨ ਲਾਈਨਾਂ ਜਿਉਂ ਦੀਆਂ ਤਿਉਂ ਦਿਸਦੀਆਂ ਹਨ। ਵ੍ਹਾਈਟ, ਗਰੇ ਅਤੇ ਬਲੈਕ ਮੈਨੂੰ ਬਲੈਕ ਲਿਸਟ ਵਿਚ ਹੋਣ ਦਾ ਮਾਣ ਹਾਸਲ ਹੈ। ਅਸੀਂ ਉਹ ਸੀ ਜਿਹਨਾਂ ਨੇ ਜੰਗ-ਏ-ਆਜ਼ਾਦ ਵਿਚ, ਮਰਜੀ ਨਾਲ ਹਿੱਸਾ ਲਿਆ ਸੀ। ਪਰ ਮੁੜ-ਭਰਤੀ ਵੇਲੇ, ਫਾਈਟਿੰਗ ਯੂਨਿਟਸ ਵਿਚ ਸਿਰ ਵ੍ਹਾਈਟ ਲਏ ਗਏ ਸਨ। ਜਿਹਨਾਂ ਨੇ ਬੱਸ ਅੜਿੱਕੇ ਆਇਆਂ ਨੇ ਸਿਰਫ ਜਾਨ ਬਚੌਣ ਖਾਤ ਆਜ਼ਾਦ ਹਿੰਦ ਫੌਜ ਦਾ ਆਸਰਾ ਲਿਆ ਸੀ। ਬਲੈਕ ਸਾਰੇ ਦੇ ਸਾਰੇ ਸਿਵਲ ਸਕਿਉਰਿਟੀ ਵਿ ਲਏ ਗਏ ਸਨ। ਜਾਣੀ ਅਸੀਂ ਹੁਣ ਸਿਰਫ਼ ਇਮਾਰਤਾਂ ਦੀ ਰਾਖੀ ਕਰਨ ਜੋਗੇ ਭਰੋਸੇਯੋਗ ਰਹਿ ਗ ਸੀ। ਮੇਰੇ ਵਰਗੇ ਜਿਹੜੇ ਫਾਈਟਿੰਗ ਯੂਨਿਟਸ ਵਿਚ ਜਾਣ ਦੀ ਜ਼ਿਦ ਕਰਦੇ ਸਨ, ਘਰਾਂ ਨੂੰ ਤੋ ਦਿੱਤੇ ਗਏ ਸਨ। ਮੈਨੂੰ ਤਾਂ ਪਿੰਡ ਨੇ ਮਾਣ ਦਿੱਤਾ, ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਬਣ ਦਿੱਤਾ। ਚਲ ਪਿੰਡ ਦੇ ਕੰਮ 'ਚ ਜੀਅ ਲੱਗ ਗਿਆ। ਹਰ ਵਾਰ ਸੰਮਤੀ ਮੇਰੇ 'ਤੇ ਹੁੰਦੀ ਰਹੀ ਪ ਸੱਜਣ ਨੇ ਕੀ ਕੀਤਾ।

ਪਹਿਲੀ ਵਾਰ ਹੁਣ ਮੈਨੂੰ ਸੱਜਣ ਦੇ ਕੀਤੇ ਦੀ ਅਸਲ ਸਮਝ ਆਈ ਹੈ। ਉੱਠ ਕੇ ਬੈ ਗਿਆ ਹਾਂ। ਇਸ਼ਨਾਨ ਪਾਣੀ ਦੀ ਤਿਆਰੀ ਕਰਨ ਲੱਗਿਆ ਹਾਂ। ਸੁਤਾਅ ਸੱਜਣ ਦੇ ਬੋਲਾਂ ਅਜੇ ਵੀ ਅਟਕੀ ਹੋਈ ਹੈ-

-"ਬਹੁਤੇ ਲੋਕਾਂ ਦਾ ਕਹਿਣੈ ਬਈ ਤੂੰ ਹੁਣ ਕਾਹਨੂੰ ਸ਼ਹਿਰ ਧੱਕੇ ਖਾਣੇ ਨੇ। ਨਾਲੇ ਹਰ ਵਾ ਮੈਨੂੰ ਜਾਣਾਂ ਤਾਂ ਤੇਰੇ ਨਾਲ ਈ ਪੈਂਦੈ"-

ਪਿੰਡ ਦੀ ਸਹਿਮਤੀ ਮੇਰੇ ਨਾਂ 'ਤੇ ਹੋਈ ਸੀ ਤੇ ਸੱਜਣ ਨੇ ਫਾਰਮ ਆਪਣੇ ਨਾਂ ਦਾ ਭ ਲਿਆ। ਉਦੋਂ ਫਾਰਮ ਇਕ ਦਿਨ ਪਹਿਲਾਂ, ਪਿੰਡ 'ਚ ਭਰੇ ਜਾਂਦੇ ਸੀ। ਮੈਨੂੰ ਸੱਜਣ ਦਾ ਐਂ ਕਰਨ ਬੁਰਾ ਤਾਂ ਬਹੁਤ ਲੱਗਿਆ, ਪਰ ਮੈਂ ਚੁੱਪ ਕਰ ਰਿਹਾ। ਜੀਅ 'ਚ ਆਈ ਬਈ ਲੋਕ ਕਹਿਣਗੇ, ਬੁ ਸਰਪੰਚੀ ਦੇ ਲਾਲਚ ਨੂੰ ਮੁੰਡੇ ਦੇ ਵਿਰੁੱਧ ਹੋ ਗਿਆ।

ਅੱਜ ਪਾਣੀ ਠੰਢਾ ਲੱਗ ਰਿਹਾ ਹੈ। ਸ਼ਾਇਦ ਸਰੀਰ ਬੇਆਰਾਮੀ ਕਰਕੇ ਥੱਕਿਆ ਹੈ। ਨ ਸਰਦੀ ਗਰਮੀ ਚਾਹੇ ਕੁਸ਼ ਹੋਵੇ, ਨ੍ਹਾਉਂਦਾ ਮੈਂ ਠੰਢੇ ਪਾਣੀ ਨਾਲ ਈ ਐਂ। ਪਰ ਅੱਜ ਸ਼ਾਇਦ ਸੱਜ ਦੀ ਠੱਗੀ ਦਾ ਕਾਂਬਾ ਵੀ ਸ਼ਾਮਿਲ ਐ। ਬੱਸ ਫੇਰ ਤਾਂ ਦੇਖ ਲੈ, ਉਹ ਦਿਨ ਤੇ ਆਹ ਦਿਨ, ਸੱਜ ਨੇ, ਸਾਮ-ਦਾਮ-ਦੰਡ-ਭੇਦ, ਚਾਹੇ ਕੋਈ ਨੀਤੀ ਅਪਣਾਈ, ਸਰਪੰਚੀ ਨੀ ਹੱਥੋਂ ਜਾਣ ਦਿੱਤੀ। ਹੁ ਵੀ ਸਰਪੰਚਣੀ ਚਰਨੇ ਦੇ ਘਰਵਾਲੀ ਐ, ਅਧਿਕਾਰ ਇਹ ਵਰਤਦੇ। ਮੋਹਰਾਂ ਵੀ ਪੰਚਾਇਤ ਦੀਆ ਸਾਡੇ ਘਰੇ ਪਈਐਂ। 'ਲਗਦੇ ਰਿਜ਼ਰਵੇਸ਼ਨ ਦੇ ਹੋਏ ਨੇ। ਅਖੇ ਹਰੀਜਨਾਂ ਨੂੰ ਸੱਤਾ ਵਿਚ ਹਿੱਸੇਦ ਬਣਾ ਦਿੱਤਾ ਗਿਆ ਹੈ।'

ਧੋਤੇ ਹੋਏ ਕੱਪੜੇ ਪਾ ਕੇ, ਪੱਗ ਬੰਨ੍ਹਣ ਲਗਦਾ ਹਾਂ। ਹੈਰਾਨ ਹਾਂ, ਸਭ ਕੁਝ ਆਪਣੇ ਆ ਹੀ ਨਿੱਤ ਵਾਂਗ ਕਰੀ ਜਾਂਦਾ ਹਾਂ, ਬਿਨਾਂ ਸੋਚੇ। ਪੱਗ ਬੰਨ੍ਹਦਾ ਆਪਣੇ ਆਪ 'ਤੇ ਖਿਝਦਾ ਹਾਂ। ਹੁ ਮੈਨੂੰ ਸਮਝ ਆਉਂਦੀ ਹੈ, ਉਦੋਂ ਮੈਨੂੰ ਜੀਅ ਜਾਨ ਨਾਲ ਵਿਰੋਧ ਕਰਨਾ ਚਾਹੀਦਾ ਸੀ। ਭਾਵੇਂ ਅੰ ਅੰਦਰੀ ਮੈਂ ਸਰਪੰਚੀ ਛੱਡਣ ਨੂੰ ਹੀ ਫਿਰਦਾ ਸੀ। ਸੱਜਣ ਤੇ ਗਾਣੇ ਉਨ੍ਹੀ ਕਿਹੜਾ ਮੇਰੇ ਘਰੇ ਜੀਓ ਜੀਅ ਸੱਜਣ ਬਣਿਆ ਪਿਐ। ਪਰ ਪਿੰਡ ਨੇ ਤਾਂ ਸਹਿਮਤੀ ਮੇਰੇ 'ਤੇ ਕੀਤੀ ਸੀ। ਜਾਂ ਸਰਪੰਚ ਹੁੰਦਾ, ਜਾਂ ਇਲੈਕਸ਼ਨ ਹੁੰਦੀ। ਭਾਵੇਂ ਕੋਈ ਖੜ੍ਹਦਾ ਕੋਈ ਜਿੱਤਦਾ। ਸਰਪੰਚੀ ਕਿਹੜਾ ਮੈ ਜੱਦੀ ਜਾਇਦਾਦ ਸੀ, ਜੀਹਦੇ 'ਤੇ ਧੀਆਂ ਪੁੱਤਾਂ ਦਾ ਹੱਕ ਬਣਦਾ ਸੀ ਮੈਥੋਂ ਬਾਅਦ। ਉਦੋਂ ਮੈ ਲੜਨਾ ਚਾਹੀਦਾ ਸੀ। ਜੈਲੀ ਵਰਗਿਆਂ ਨੂੰ ਮੌਕਾ ਮਿਲਦਾ, ਪਿੰਡ ਦੀ ਜੂਨ ਸੁਧਾਰ ਦਿੰਦੇ। ਮੈ ਕਿੰਨੇ ਸਾਲਾਂ ਬਾਅਦ ਅੱਜ ਚਾਨਣ ਹੋਇਐ।

ਬਾਹਰ ਚਾਨਣ ਹੋ ਰਿਹਾ ਹੈ। ਮੈਂ ਦਾੜ੍ਹੀ 'ਤੇ ਬੁਰਸ਼ ਮਾਰਨ ਲਈ ਸ਼ੀਸ਼ੇ ਮੂਹਰੇ ਖੜ੍ਹਿਆ ਹ ਸਿੱਧੀ ਹੋਈ ਦਾੜ੍ਹੀ ਵਿਚੋਂ ਜਿਹੜਾ ਚਿਹਰਾ ਮੈਨੂੰ ਦਿਸਦਾ ਹੈ, ਉਹ ਮੈਨੂੰ ਆਪਣਾ ਨਹੀਂ ਲਗਦ



ਅੰਦਰ ਧਸੀਆਂ, ਬੇ-ਜਾਨ ਅੱਖਾਂ, ਕੰਬਦੀਆਂ ਭਿਫਣਾਂ, ਮੂੰਹ ਦਾ ਮਰਿਆ ਹੋਇਆ ਚੰਮ। ਮੈਨੂੰ ਲਗਦੈ ਬਈ ਕੱਲ੍ਹ ਤਕ ਵਾਲੇ, 'ਗਾਡਰ ਵਰਗੇ' ਬਖਤਾਵਰ ਸਿੰਘ ਦਾ ਤਾਂ ਪਰਛਾਵਾਂ ਵੀ ਬਾਕੀ ਨਹੀਂ। ਆਪਣੀਆਂ ਸੁੰਨੀਆਂ ਅੱਖਾਂ ਦੀ ਲਾਲੀ ਵਿਚੋਂ ਮੈਨੂੰ ਲਹੂ-ਲੁਹਾਣ ਜਾਪਾਨੀਆਂ ਦੀਆਂ ਦੇਹਾਂ ਨਜ਼ਰ ਆਉਂਦੀਆਂ ਹਨ। ਉਹ ਬੁੱਧ ਪੈਗੋਡਾ ਅਤੇ ਉਸ ਦੇ ਵਿਹੜੇ 'ਚ ਤੜਪਦੇ ਜਾਪਾਨੀ ਫੌਜੀ, ਮੈਨੂੰ ਕਦੇ ਵੀ ਨਹੀਂ ਭੁੱਲੇ। ਮੈਨੂੰ ਹੁਣ ਵੀ ਐਂ ਲਗਦਾ ਹੈ ਜਿਵੇਂ ਮੇਰੇ ਢਿੱਡ ਵਿਚ ਖੁਖਰੀ ਫਿਰ ਰਹੀ ਹੈ, ਆਂਦਰਾਂ ਚੀਰੀਆਂ ਜਾ ਰਹੀਆਂ ਹਨ। ਸਾਰਾ ਦੁੱਖ ਮੇਰੀ ਦੇਹ ਵਿਚ ਅਜੇ ਤਕ, ਮੇਰੇ ਲਹੂ ਨਾਲ ਹੀ ਦੌੜ ਰਿਹਾ ਹੈ, ਤੇ ਨਾਲ ਹੀ ਦੌੜ ਰਹੀ ਹੈ ਖਿੰਡੀ-ਖਪਰੀ ਯੂਨਿਟ। ਇੰਫਾਲ ਵਿਚ ਅੰਗ੍ਰੇਜ਼ਾਂ ਤੋਂ ਹਾਰ ਕੇ, ਅਸੀਂ ਬਰਮਾ ਵਿਚੀਂ ਭੱਜੇ ਜਾ ਰਹੇ ਸੀ ਜਦੋਂ ਅਸੀਂ ਤਮੂ ਵਿਚ ਰੁਕੇ ਸੀ। ਕਸਬੇ 'ਚੋਂ ਲੰਘ ਜਦੋਂ ਅਸੀਂ ਇਕ ਬੁੱਧ ਪੈਗੋਡੇ ਦੇ ਸਾਹਮਣੇ ਗਏ ਤਾਂ ਦਹਿਲ ਕੇ ਰੁਕ ਗਏ ਸੀ। ਕੇਲੇ ਦੀ ਵਾੜ ਲੰਘ ਕੇ, ਮੋੜ ਮੁੜਦੀ ਸਾਰ ਅਸੀਂ ਬੱਸ ਲਹੂ-ਲੁਹਾਣ, ਸਹਿਕਦੇ ਜਾਪਾਨੀਆਂ ਦੇ ਉੱਤੇ ਹੀ ਜਾ ਚੜ੍ਹੇ ਸੀ। ਏਦੋਂ ਪਹਿਲਾਂ ਕਿ ਅਸੀਂ ਸਾਡੇ ਸਾਹਮਣੇ ਪਈਆਂ ਸਾਰੀਆਂ ਲਾਸ਼ਾਂ ਦੇਖ ਸਕਦੇ, ਪੈਗੋਡੇ ਦੇ ਉੱਤੋਂ ਇਕ ਜਾਪਾਨੀ ਸਿਪਾਹੀ ਦਾੜ੍ਹ ਦੇ ਕੇ ਸਾਡੇ ਸਾਹਮਣੇ ਆ ਡਿੱਗਿਆ ਸੀ। ਅਸੀਂ ਡਰ ਕੇ ਪਿੱਛੇ ਹਟ ਗਏ। ਉੱਪਰ ਦੇਖਿਆ ਤਾਂ ਇਕ ਹੋਰ ਜਾਪਾਨੀ ਆਪਣੀ ਖੁਖਰੀ ਆਪਣੇ ਢਿੱਡ ਵਿਚ ਫੇਰ ਰਿਹਾ ਸੀ। ਲਹੂ ਦੀਆਂ ਧਾਰਾਂ, ਪੈਗੋਡੇ ਦੀ ਕੰਧ ਦੇ ਨਾਲ ਨਾਲ ਹੇਠ ਤਕ ਵਗ ਰਹੀਆਂ ਸਨ। ਉਸ ਸਿਪਾਹੀ ਦੇ ਡਿਗਣ ਤੋਂ ਪਹਿਲਾਂ ਹੀ, ਸਾਡੇ ਵਿਚੋਂ ਕੋਈ ਚੀਕਿਆ ਸੀ "ਹਾਰਾਕੀਰੀ"। ਮਾਮਲਾ ਸਮਝ ਆਉਣ ਤੇ ਅਸੀਂ ਹੋਰ ਦਹਿਲ ਗਏ ਸੀ। ਹਾਰ ਕੇ ਘਰ ਜਾਣ ਦੀ ਨਮੋਸ਼ੀ ਤੋਂ ਬਚਣ ਲਈ ਉਹਨਾਂ ਆਤਮ ਹੱਤਿਆ ਕਰ ਲਈ ਸੀ। ਸੋਚਿਆ ਹੋਣੈ ਘਰ ਜਾ ਕੇ ਕੀ ਮੂੰਹ ਵਖਾਂਵਾਂਗੇ।

ਮੈਂ ਸ਼ੀਸ਼ੇ ਵਿਚਲੇ ਆਪਣੇ ਮੂੰਹ ਤੋਂ ਮੂੰਹ ਮੋੜ ਲਿਆ ਹੈ। ਜੁੱਤੀ ਪਾਉਣ ਲੱਗੇ ਮੇਰੇ ਪੈਰ ਕੰਬ ਰਹੇ ਹਨ। ਗੁਰਦਵਾਰੇ ਜਾਣ ਲਈ ਬਾਹਰ ਨਿਕਲ ਆਇਆ ਹਾਂ, ਆਮ ਨਾਲੋਂ ਕਾਹਲੇ ਕਦਮੀਂ। ਬੇਚੈਨੀ ਵਿਚ ਏਧਰ ਓਧਰ ਵੇਖਦਾ ਗੇਟ ਤਕ ਆ ਗਿਆ ਹਾਂ। ਕੁੰਡਾ ਖੋਲ੍ਹਕੇ ਬਾਹਰ ਵੇਖਦਾ ਹਾਂ, ਅਜੇ ਮੂੰਹ ਨ੍ਹੇਰਾ ਹੈ। ਥੋੜ੍ਹੀ ਦੂਰ ਜਾ ਕੇ ਵਾਪਸ ਮੁੜ ਆਇਆ ਹਾਂ। ਗੁਰਦਵਾਰੇ ਜਾਣ ਤੋਂ ਭੈਅ ਆ ਰਿਹਾ ਹੈ। ਮੱਥੇ ਟੇਕਣ ਆਏ ਲੋਕ ਕੀ ਕਹਿਣਗੇ। ਘਰ ਵੜਦਿਆਂ ਜੀਅ ਕਰਦੈ ਸੱਜਣ ਨੂੰ ਉੱਚੀ ਹਾਕ ਮਾਰ ਕੇ ਪੁੱਛਾਂ, 'ਮੈਂ ਹੁਣ ਕਿੱਥੇ ਜਾਵਾਂ?' ਪਰ ਸਾਰੇ ਆਪੋ ਆਪਣੇ ਕਮਰਿਆਂ ਵਿਚ ਸੁੱਤੇ ਪਏ ਹਨ।

ਕਮਰੇ ਵਿਚ ਜਾਣ ਦੀ ਥਾਂ, ਬਾਹਰ ਚੌਂਕੇ ਵਿਚ ਆ ਗਿਆ ਹਾਂ। ਘਬਰਾਹਟ ਬੇਚੈਨੀ ਵਧੀ ਜਾ ਰਹੀ ਹੈ। ਟੂਟੀ ਤੋਂ ਪਾਣੀ ਪੀ, ਕਮਰੇ ਵਿਚ ਜਾਣ ਦੀ ਥਾਂ ਫਿਰ ਚੌਂਕੇ ਵਿਚ ਆ ਗਿਆ ਹਾਂ। ਤਵੀ ਪੁੱਠੀ ਕਰਕੇ ਮੂੰਹ ਕਾਲਾ ਕਰ ਲਿਆ ਹੈ। ਜੀਅ ਕਰਦੈ ਸਾਰੇ ਟੱਬਰ ਦੇ ਮੂੰਹ 'ਤੇ ਕਾਲਖ ਮਲ ਦਮਾਂ ਪਰ ਮੇਰੇ ਪੈਰ ਮੈਨੂੰ ਵਾਹੋਦਾਹੀ, ਦਰਵਾਜੇ ਵੱਲ ਲੈ ਤੁਰੇ ਹਨ।

ਦਰਵਾਜਾ, ਨੱਗਰ-ਖੇੜਾ, ਮੇਰੀ ਪਹਿਲੀ ਸਰਪੰਚੀ ਵੇਲੇ ਮੈਂ ਨਵਾਂ ਬਣਾਇਆ ਸੀ। ਦਰਵਾਜੇ ਦੀ ਮਹਿਰਾਬ 'ਤੇ ਜਿੱਥੇ ਕ੍ਰਿਸ਼ਨ ਕੰਸ ਨੂੰ ਲਤਾੜ ਰਿਹਾ ਹੈ, ਅਜੇ ਵੀ ਮੋਟੇ ਅੱਖਰਾਂ ਵਿਚ ਲਿਖਿਆ ਹੈ, 'ਸੇਵਾ ਕਰਵਾਈ, ਸਰਪੰਚ ਬਖਤਾਵਰ ਸਿੰਘ ਜੈ ਹਿੰਦੀਆ।' ਕਬੂਤਰਾਂ ਦੀਆਂ ਬਿੱਠਾਂ ਨਾਲ ਕਾਲੇ ਹੋਏ ਦਰਵਾਜੇ ਦੇ ਗੇਟ ਦੇ ਐਨ ਵਿਚਕਾਰ, ਪਿੰਡ ਵੱਲ ਮੂੰਹ ਕਰਕੇ, ਲੱਤਾਂ ਚੌੜੀਆਂ ਤੇ ਹੱਥ ਪਿੱਠ ਪਿੱਛੇ ਕਰਕੇ ਖੜ੍ਹ ਗਿਆ ਹਾਂ। ਅੱਖਾਂ ਖੁੱਲ੍ਹੀਆਂ ਰੱਖ ਕੇ ਸਾਹਮਣੇ ਵੇਖਣ ਦੀ ਹਿੰਮਤ ਨਹੀਂ ਪੈਂਦੀ, ਅੱਖਾਂ ਮੀਚ ਲੈਂਦਾ ਹਾਂ। ਆਲੇ ਦੁਆਲੇ ਦੀ ਬਿੜਕ ਦੱਸਦੀ ਹੈ, ਟਾਵਾਂ ਟਾਵਾਂ ਕੋਈ ਲੰਘਣ ਵਾਲਾ ਖੜ੍ਹ ਕੇ ਪਛਾਨਣ ਲੱਗ ਪਿਆ ਹੈ। ਕਿਸੇ ਨੇ ਬਾਂਹ ਫੜੀ ਹੈ। ਅੱਖਾਂ ਖੋਲ੍ਹ ਕੇ ਵੇਖਦਾ ਹਾਂ। ਚੰਨਣ ਦਾ ਅਮਰੀਕ ਹੈ। ਝਟਕੇ ਨਾਲ ਬਾਂਹ ਛੁਡਾ ਕੇ, ਸਿੱਧਾ ਆਕੜ ਕੇ ਖੜ੍ਹ ਗਿਆ ਹਾਂ। ਪਤਾ ਨਹੀਂ ਕੀਹਨੇ ਕਿਹਾ ਹੈ 'ਬਖਤੌਰਾ ਬਾਬੈ', ਜੈ ਹਿੰਦੀਆਂ ਕਾ'। ਨੇੜੇ ਲੱਗਣ ਵਾਲੇ ਇਕ ਦੌਹ

ਨੂੰ ਮੈਂ ਗਾਲ੍ਹ ਕੱਢੀ ਹੈ। ਲੋਕ, ਨਿਆਣੇ ਇਕੱਠੇ ਹੋ ਰਹੇ ਹਨ। ਪਿਛਲੇ ਪਾਸਿਓਂ ਕਿਸੇ ਨੇ ਜ਼ੋਰ ਨਾਲ ਫੜ ਕੇ ਘੁਮਾਇਆ ਹੈ। ਬਿਨਾਂ ਵੇਖੇ ਮੈਨੂੰ ਪਤੈ, ਸੱਜਣ ਐ-

-"ਆਹ ਕੀ ਸੁਦਾਅ ਕੁੱਦਿਐ"-ਉਹ ਰੋਣਹਾਕਾ ਹੋ ਕੇ ਬੋਲਿਆ ਹੈ। ਅਣਧੋਤਾ ਮੂੰਹ, ਰਾਤ ਦੀ ਪੀਤੀ ਸ਼ਰਾਬ ਦੀ ਹਵਾੜ, ਖਿੰਡੀ ਦਾੜ੍ਹੀ, ਮੈਨੂੰ ਸੱਜਣ ਪਾਗਲ ਹੋ ਗਿਆ ਲਗਦਾ ਹੈ। ਮੈਂ ਝਟਕੇ ਨਾਲ ਸੱਜਣ ਤੋਂ ਬਾਂਹ ਛੁਡਾਈ ਹੈ। ਪਿੰਡ ਵੱਲ ਮੂੰਹ ਕਰਕੇ, ਦਰਵਾਜ਼ੇ ਨੂੰ ਹੱਥ ਲਾ ਕੇ ਮੱਥਾ ਟੇਕਣ ਲੱਗੇ, ਮੇਰੇ ਮੂੰਹੋਂ ਸੁੱਤੇ ਸਿੱਧ ਨਿਕਲਿਆ ਹੈ, 'ਅੱਛਾ ਬਈ ਨਗਰ ਖੇੜਿਆ ਲਾਜ ਰੱਖੀਂ'।

ਸੱਜਣ ਦੇ ਮੂਹਰੇ ਹੋ ਕੇ ਘਰ ਵੱਲ ਤੁਰ ਪਿਆ ਹਾਂ। ਨਾਲ ਆ ਰਹੇ ਬੰਦੇ ਭਾਵੇਂ ਚੁੱਪ-ਚਾਪ ਤੁਰੇ ਆ ਰਹੇ ਹਨ, ਪਰ ਬੱਚਿਆਂ ਦੀ ਕਾਵਾਂ-ਰੌਲ਼ੀ ਨੇ ਪੂਰਾ ਜਲੂਸ ਬਣਾ ਦਿੱਤਾ ਹੈ। ਸੜਕੋ ਸੜਕ ਜਾਣ ਦੀ ਥਾਂ, ਮੈਂ, ਸਤੀ ਵਾਲੇ ਰਾਹ, ਵਿਚਕਾਰਲੀ ਗਲੀ ਪੈਂਦਾ ਹਾਂ। ਸੱਜਣ ਬਿਨਾਂ ਮੂੰਹੋਂ ਕੁਸ਼ ਬੋਲੇ ਮੇਰੇ ਮਗਰ ਮਗਰ ਤੁਰਿਆ ਆ ਰਿਹਾ ਹੈ। ਔਰਤਾਂ ਘਰਾਂ ਦੇ ਦਰਵਾਜਿਆਂ 'ਚ ਖੜ੍ਹੀਆਂ ਦੇਖ ਰਹੀਆਂ ਹਨ। "ਲੈ ਹੈ, ਦੱਸ ਕੁੜੇ" ਦੀ ਆਵਾਜ਼ ਕਈ ਥਾਏਂ ਮੇਰੇ ਕੰਨੀਂ ਪਈ ਹੈ। ਲੋਕਾਂ ਨੂੰ ਬਾਹਰ ਰੋਕ ਕੇ, ਸੱਜਣ ਨੇ ਗੇਟ ਲਾ ਲਿਆ ਹੈ। ਮੈਨੂੰ ਆਪਣੀ ਬਾਂਹ 'ਤੇ ਸੱਜਣ ਦੀਆਂ ਕੰਬਦੀਆਂ ਉਂਗਲਾਂ ਦਾ ਕਸਾਅ ਮਹਿਸੂਸ ਹੋਇਆ ਹੈ। ਮੇਰੀ ਖੱਬੇ ਹੱਥ ਦੀ ਮੁੱਠੀ ਮੀਚੀ ਗਈ ਹੈ ਤੇ ਸੱਜਣ ਦੀਆਂ ਉਂਗਲੀਆਂ ਹੇਠ, ਸਿੰਘਾਪੁਰ ਵਿਚਲੇ ਸਿਪਾਹੀ ਦੀਆਂ ਖੁਭੀਆਂ ਉਂਗਲੀਆਂ ਚਿਲੂੰ ਚਿਲੂੰ ਕਰ ਉੱਠੀਆਂ ਹਨ-

-"ਖੇਹ ਕਰਕੇ ਰੱਖਤੀ"-ਸੱਜਣ ਨੇ ਕਿਹਾ ਹੈ ਤੇ ਮੈਨੂੰ ਮੇਰੇ ਬੈੱਡ 'ਤੇ ਵਗਾਹ ਕੇ ਮਾਰਿਆ ਹੈ। ਮੇਰੇ ਕਮਰੇ ਦਾ, ਬਾਹਰੋਂ ਕੁੰਡਾ ਲੱਗਣ ਦੀ ਆਵਾਜ਼ ਸੁਣੀ ਹੈ। ਮੈਂ ਬੈੱਡ 'ਤੇ ਮੂਧੇ ਮੂੰਹ ਪਿਆ, ਬੱਚਿਆਂ ਵਾਂਗ ਰੋ ਰਿਹਾ ਹਾਂ। ਮੈਂ ਘਿਰ ਗਿਆ ਹਾਂ ਪਰ ਲੜ ਨਹੀਂ ਸਕਿਆ। 'ਨਹੀਂ ਬਖਤੌਰ ਸਿਆਂ ਨਹੀਂ, ਤੂੰ ਸੂਰਮਾ ਸਾਬਤ ਨੀ ਹੋਇਆ', ਆਪਣੇ ਆਪ ਨੂੰ ਕਿਹਾ ਹੈ। ਬੈੱਡ ਦੀ ਚਾਦਰ 'ਤੇ ਕਾਲੇ ਹੰਝੂ, ਜਾਪਾਨੀ ਸਿਪਾਹੀਆਂ ਦੇ ਲਹੂ ਵਾਂਗ ਡਿਗ ਰਹੇ ਹਨ- ਟਿੱਪ ਟਿੱਪ-ਪਗੋਡੇ ਦੇ ਸਿਖਰ ਤੋਂ ਚੋਂਦਾ ਲਹੂ ਦਿਸਦਾ ਹੈ। ਬਾਹਰ ਚੁੱਪ-ਚਾਂ ਛਾਈ ਹੋਈ ਹੈ। ਸਿਰਫ ਇਕ ਆਵਾਜ਼ ਸੱਜਣ ਦੇ ਕਮਰੇ 'ਚੋਂ ਆਉਂਦੀ ਹੈ- "ਕੀ ਧਿਰਗ ਐ ਜਿਉਣ ਦਾ"-

ਮੈਂ ਬੈੱਡ 'ਤੇ ਹੱਥਾਂ ਦੇ ਆਸਰੇ ਉੱਠਿਆ ਹਾਂ। ਮੇਰੇ ਸਾਹਮਣੇ ਅਲਮਾਰੀ ਖੁਲ੍ਹੀ ਪਈ ਹੈ। ਮੈਂ ਰਿਵਾਲਵਰ ਲੋਡ ਕਰ ਲਿਆ ਹੈ। ਹੱਥ ਕੰਬ ਰਹੇ ਨੇ। ਲੱਤਾਂ ਕੰਬ ਰਹੀਆਂ ਨੇ। ਪੁੜਪੁੜੀ ਨਾਲ ਲੱਗਿਆ ਪਿਸਤੌਲ ਵੀ ਕੰਬ ਰਿਹਾ ਹੈ। ਅਚਾਨਕ ਮੇਰੇ ਖਿਆਲ ਆਇਆ ਹੈ, ਮੈਂ ਇਕ ਘਿਰਿਆ ਹੋਇਆ ਸਿਪਾਹੀ ਹਾਂ। ਪਰ ਕੀ ਇਹ ਜੰਗ ਦਾ ਮੈਦਾਨ ਹੈ! 'ਹਾਂ'-ਆਪਣੇ ਆਪ ਨੂੰ ਕਹਿੰਦਾ ਹਾਂ 'ਇਹ ਜੰਗ ਹੈ, ਗੋਲੀ ਪੁੜਪੁੜੀ 'ਚ ਨਹੀਂ, ਛਾਤੀ 'ਚ ਖਾਵਾਂਗਾ।' ਪੁੜਪੁੜੀ ਤੋਂ ਪਿਸਤੌਲ ਹਟ ਗਿਆ ਹੈ। ਮੇਰੀ ਛਾਤੀ 'ਚੋਂ ਦਿਲ ਦੇ ਐਨ ਕੋਲ ਕਰਕੇ, ਸੇਕ ਨਿਕਲਿਆ ਹੈ। ਮੇਰੇ ਮੂਧੇ-ਮੂੰਹ ਡਿੱਗਣ ਤੋਂ ਪਹਿਲਾਂ, ਪਤਾ ਨਹੀਂ ਕਿੱਥੋਂ, ਤੇਜ ਕੁਰ ਸਾਹਮਣੇ ਆ ਖੜ੍ਹੀ ਹੈ। ਰੋਣ ਹਾਕੀ ਆਵਾਜ਼ ਵਿਚ ਬੋਲੀ ਹੈ-

-"ਤੇਰੇ ਵਰਗਿਆਂ ਨੂੰ ਤਾਂ ਆਜਾਦ ਹਿੰਦੁਸਤਾਨ 'ਚ ਵੀ, ਕਿਸੇ ਨੇ ਜਿਊਣ ਨੀ ਦੇਣਾ, ਸੱਜਣ ਦੇ ਬਾਪੂ! ਤੇਰੀ ਹਾਂ 'ਚ ਹਾਂ ਮਿਲਾਉਣ ਵਾਲਾ ਕੋਈ ਨੀ ਰਿਹਾ ਹੁਣ"-

ਮੇਰਾ ਜੀਅ ਕਰਦੈ, ਮੈਂ ਉਸ ਨੂੰ ਖਿਝਾਉਣ ਲਈ ਜੈ ਹਿੰਦ ਕਹਾਂ, ਜਿਵੇਂ ਜਿਉਂਦੇ ਜੀਅ ਕਿਹਾ ਕਰਦਾ ਸੀ। ਪਰ ਮੇਰੀਆਂ ਬੰਦ ਹੁੰਦੀਆਂ ਅੱਖਾਂ ਮੂਹਰੇ, ਨਾਹਰੇ ਮਾਰਦੇ ਜੈਲੀ ਤੇ ਮਾਂਗਟਾਂ ਦ ਮੁੰਡਾ ਉਭਰ ਆਏ ਨੇ। ਮੈਂ ਜੈ ਹਿੰਦ ਕਹਿਣੀ ਚਾਹੁੰਦਾ ਹਾਂ। ਪੂਰਾ ਜ਼ੋਰ ਲਾ ਕੇ ਅੱਖਾਂ ਖੋਲ੍ਹੀਆਂ ਹਨ ਤੇ ਤੇਜਕੁਰ ਵੱਲ ਵੇਖ ਕੇ ਕਿਹਾ ਹੈ-

ਨਹੀਂ-ਹੈਗੇ ਨੇ-□□

[ਪਿੰਡ-ਬੁਥਗੜ, ਡਾਕ-ਕੋਟਲਾ ਅਜਨੇਰ, ਤਹਿ:ਖੰਨਾ, ਜ਼ਿਲ੍ਹਾ ਲੁਧਿਆਣਾ



# ਤਫ਼ਰੀਹ

## ਸੰਤੋਸ਼ ਸਾਹਨੀ

ਘਰੋਂ ਬਾਹਰ ਨਿਕਲੀ ਸੀ ਉਹ, ਥਕੇਵਾਂ ਲਾਹੁਣ ਲਈ, ਸਕੂਨ, ਇਕਾਂਤ ਪਾਉਣ ਲਈ। ਸਵੇਰ ਦੇ ਓਸ ਵੇਲੇ ਨਿਕਲੀ ਸੀ ਜਦੋਂ ਨਿੰਮ੍ਹਾ ਚਾਨਣ ਹੁੰਦਿਆਂ ਹੀ ਘਰਾਂ-ਫਲੈਟਾਂ ਵਿਚੋਂ ਨਿਕਲ, ਸਮੁੰਦਰ ਕੰਢੇ 'ਤੇ ਤੇਜ਼ ਕਦਮ ਸੈਰ ਕਰਨ ਵਾਲੀਆਂ ਟੋਲੀਆਂ ਵੱਡੇ ਸ਼ਹਿਰ ਵਿਚ, ਆਪਣੇ-ਆਪਣੇ ਕੰਮਾਂ 'ਤੇ ਵੇਲੇ ਸਿਰ ਪਹੁੰਚਣ ਲਈ ਮੁੜ ਚੁੱਕੀਆਂ ਸਨ-ਸਮੁੰਦਰ ਕੰਢਾ ਵਿਹਲਾ ਇਕਾਂਤ ਕਰਕੇ...

ਏਸ ਵੇਲੇ ਧੁੱਪ ਤਾਂ ਚੜ੍ਹ ਚੁੱਕੀ ਸੀ, ਪ੍ਰਭਾਤ ਦੀ ਸੀਤਲਤਾ ਤਾਂ ਨਹੀਂ ਸੀ ਪਰ ਸਮੁੰਦਰ ਕਿਨਾਰੇ 'ਤੇ ਪਉਣ ਲਹਿਰਾਂ ਸਦਾ ਗਤੀਮਾਨ ਹੋਣ ਕਰਕੇ ਗਰਮੀ ਨਹੀਂ ਸੀ ਲਗਦੀ। ਸੋ ਸਮੁੰਦਰ ਦੇ ਲੰਮੇ-ਚੌੜੇ ਰੇਤੀਲੇ ਕਿਨਾਰੇ 'ਤੇ ਪੈਰ ਧਰਦਿਆਂ ਹੀ ਉਹ ਆਪਣੇ ਆਪ ਨੂੰ ਸਮੁੰਦਰ, ਰੇਤ, ਪਉਣ, ਨੀਲੇ ਆਸਮਾਨ ਤੇ ਮਾਨਸੂਨ ਦੇ ਅੰਤਲੇ ਦਿਨਾਂ ਵਿਚ ਸਹਿਜੇ ਟਹਿਲਦੇ, ਹੌਲੇ ਫੁੱਲ ਹੋਏ ਨਿੱਕੇ ਵੱਡੇ ਬੱਦਲਾਂ ਨਾਲ ਆਪਣੇ ਆਪ ਨੂੰ ਇਕਮਿੱਕ ਮਹਿਸੂਸ ਕਰਦੀ ਸਹਿਜੇ ਸਹਿਜੇ ਤੁਰ ਰਹੀ ਸੀ। ਉਸ ਨੇ ਸ਼ਾਂਤ ਤਨ, ਮਨ ਨਾਲ ਸਕੂਨ ਦੀ ਲੰਮੀ ਸਾਹ ਲਈ-'ਸ਼ੁਕਰ ਹੈ, ਮੈਂ ਇਕੱਲੀ ਹਾਂ, ਇਕਾਂਤ ਵਿਚ ਹਾਂ, ਭਾਵੇਂ ਥੋੜ੍ਹੀ ਦੇਰ ਲਈ ਸਹੀ।'

ਪਰ ਨਹੀਂ! ਇਕਾਂਤ, ਸਕੂਨ ਉਸ ਦੇ ਨਸੀਬ ਵਿਚ ਨਹੀਂ ਸੀ। ਅੱਜ ਵੀ...

ਪਿਛਲੇ ਕੁਝ ਵਰ੍ਹਿਆਂ ਤੋਂ ਮੁੰਬਈ ਦੇ ਜੁਹੂ ਬੀਚ ਦੀ ਪ੍ਰਕਿਰਤਕ ਸੁੰਦਰਤਾ ਦਾ ਅਪਹਰਨ ਕਰਨ ਲਈ ਕਾਲੇ ਬਾਜ਼ਾਰੀਆਂ, ਮੁਨਾਫੇਖੋਰਿਆਂ, ਇਨਕਮ ਟੈਕਸ ਬਚਾਉਣ ਵਾਲੇ ਵੱਡੇ ਆਦਮੀਆਂ ਨੇ ਆਪਣੀ ਅਤਿ ਵਾਧੂ ਮਾਇਆ ਨੂੰ ਹੋਰ ਵਧਾਉਣ ਲਈ ਜੁਹੂ ਬੀਚ ਦੇ ਲੰਮੇ ਕੰਢੇ 'ਤੇ ਅਨੇਕਾਂ ਅਨੇਕ ਬਹੁਮੰਜ਼ਲੀ ਫਲੈਟਾਂ ਵਾਲੀਆਂ ਬਦਸ਼ਕਲੀ ਇਮਾਰਤਾਂ ਤੇ ਹੋਟਲ ਬਣਾ-ਬਣਵਾ ਲਏ ਹਨ! ਤੇ ਕਈ ਹੋਰ ਵੀ ਧੜਾ-ਧੜ ਬਣ ਰਹੇ ਹਨ।

ਨਿਰਮਾਣ ਕੀਤੇ ਜਾ ਰਹੇ ਇਕ ਬਦਸੂਰਤ ਕਈ ਮੰਜ਼ਲੇ ਹੋਟਲ ਦੇ ਆਲੇ ਦੁਆਲਿਓਂ ਸਿਰ ਕੱਢਦੀਆਂ ਸਿਰਖੁੱਥੀਆਂ ਬਿਲਡਿੰਗਾਂ ਦੇ ਨਾਲ ਮਜ਼ਦੂਰਾਂ ਦੀਆਂ ਝੁੱਗੀਆਂ 'ਚੋਂ ਫਟੀ-ਮੈਲ਼ੀ ਨਿੱਕਰ-ਕਮੀਜ਼ ਪਾਈ, ਢਿੱਲੀ ਨਿੱਕਰ ਨੂੰ ਉੱਪਰ ਖਿੱਚਦਾ ਇਕ ਨਿੱਕਾ ਮੁੰਡਾ ਨਿਕਲਿਆ ਤੇ ਤੀਵੀਂ ਨੂੰ ਵੇਖਦਿਆਂ ਹੀ ਫੌਰਨ ਉਹਦੇ ਵੱਲ ਵਧਣ ਲੱਗਾ।

ਭੋਲੇ ਜਿਹੇ ਗ਼ਰੀਬ ਨਿੱਕੇ ਮੁੰਡੇ ਲਈ ਹਮਦਰਦੀ ਉਭਰਦਿਆਂ ਵੀ ਅਧੇੜ ਤੀਵੀਂ ਮਨ ਵਿਚ ਕੁਝ ਖਿਝ ਗਈ। ਪਿਛਲੇ ਕਈ ਮਹੀਨਿਆਂ ਤੋਂ ਉਸ ਦੇ ਘਰ ਦਾ ਮਾਹੌਲ ਅਜਿਹਾ ਰਿਹਾ ਸੀ ਕਿ ਉਸਦਾ ਵਾਹ ਕਿਤਨੇ ਹੀ ਜਾਣੇ-ਅੱਧਜਾਣੇ-ਅਣਜਾਣੇ ਲੋਕਾਂ ਤੇ ਹਾਲਤਾਂ ਨਾਲ ਨਾ ਚਾਹੁੰਦਿਆਂ ਹੋਇਆਂ ਵੀ ਪੈਂਦਾ ਰਿਹਾ, ਜਿਸ ਦਾ ਭਾਰ ਉਸਦੇ ਤਨ-ਮਨ-ਰੂਹ 'ਤੇ ਨਾ ਚੁੱਕ ਸਕਣ ਕਾਬਲ ਹੋ ਗਿਆ ਸੀ। ਉਹ ਇਹ ਭਾਰ ਲਾਹ ਕੇ ਕੁਝ ਹੌਲੀ ਹੋਣ ਲਈ ਬੇਤਾਬ ਸੀ, ਬਿਲਕੁਲ ਇਕਾਂਤ ਪਾ ਕੇ ਮਨੋਂ-ਤਨੋਂ ਕੁਝ ਸਿਹਤਮੰਦ ਹੋਣਾ ਚਾਹੁੰਦੀ ਸੀ। ਉਸ ਨੂੰ ਕਿਸੇ, ਕਿਸੇ ਵੀ ਮਨੁੱਖ ਦੀ ਲੋੜ ਨਹੀਂ ਸੀ।

'ਇਹ ਛੋਕਰਾ ਕੁਦਰਤਨ ਮੇਰੇ ਕੋਲ ਨੱਠਦਾ ਆਏਗਾ ਅਤੇ ਮਮਿਆ ਕੇ ਪੈਸੇ ਦੀ ਭਿੱਖਿਆ ਮੰਗੇਗਾ।' ...ਉਹ ਘਰੋਂ ਸਵਿਮਿੰਗ ਕਾਸਟਿਊਮ ਪਾ ਕੇ ਆਈ ਸੀ। ਏਸ ਲਈ ਨਾਲ ਜੇਬ ਜਾਂ ਬਟੂਏ ਵਿਚ ਪੈਸੇ ਲਿਆਈ ਹੀ ਨਹੀਂ ਸੀ। 'ਤੇ ਏਸ ਨਿੱਕੇ ਮੁੰਡੇ ਨੇ ਤਾਂ ਹੱਥ ਪਸਾਰ ਕੇ ਪਿੱਛੇ ਪੈ ਹੀ ਜਾਣਾ ਏ', ਉਹ ਖਿਝੀ ਹੋਈ ਸੋਚ ਰਹੀ ਸੀ। ਅਜੇ ਅਣਉਚਰੀ, ਸੱਚੀ ਜਾਂ ਨਾਟਕੀ, ਏਸ ਮੁੰਡੇ ਦੀ ਹੇਕ ਉਸ ਦੇ ਕੰਨਾਂ ਵਿਚ ਪਹਿਲੇ ਅਨੇਕਾਂ ਵਾਰ ਸੁਣੀਆਂ ਹੇਕਾਂ ਵਾਂਗ ਉਸ ਦੇ ਕੰਨਾਂ ਵਿਚ ਪਹਿਲਾਂ ਹੀ ਗੂੰਜਣ ਲੱਗ ਪਈ ਸੀ, ਤੀਵੀਂ ਦਾ ਮਨ ਅਸ਼ਾਂਤ ਕਰਦੀ।

'ਹਾਏ, ਇਕੱਲ-ਇਕਾਂਤ ਕਿਵੇਂ-ਕਦੋਂ ਮਿਲੇਗਾ ਉਹਨੂੰ! ...ਜੇ ਉਹ ਕੁਝ ਪੈਸੇ ਰੁਮਾਲ ਵਿ
ਬੰਨ੍ਹ ਕੇ ਨਾਲ ਲਿਆਈ ਹੁੰਦੀ ਤਾਂ ਏਸ ਵਿਚਾਰੇ ਦੀ ਤਲ਼ੀ 'ਤੇ ਧਰ ਕੇ ਨਿਜਾਤ ਪਾ ਜਾਂਦੀ...ਪ
ਹੁਣ ਤੇ ਮੇਰੇ ਵੱਲ ਤੁਰਦਾ ਆਉਂਦਾ ਭਿਖਾਰੀ ਬਾਲ ਲੰਮੀ ਹੇਕ ਲਾਉਂਦਾ ਭਿੱਖ ਮੰਗਦਾ ਮੈਨੂੰ
ਚੁਮੱਟਿਆ ਰਹੇਗਾ।'

...ਤੀਵੀਂ ਨੇ ਜਤਾਉਣ ਦੀ ਕੋਸ਼ਿਸ਼ ਕੀਤੀ ਜਿਵੇਂ ਉਸ ਨੇ ਮੁੰਡੇ ਨੂੰ ਵੇਖਿਆ ਹੀ ਨਹੀਂ
ਤੇਜ਼ ਕਦਮ ਉਹ ਸਮੁੰਦਰ ਦੀਆਂ ਲਹਿਰਾਂ ਵੱਲ ਵਧ ਗਈ, ਜਿਵੇਂ ਤੈਰਨ ਲਈ ਪਾਣੀ ਵਿਚ ਜ
ਰਹੀ ਹੋਵੇ।

ਸਮੁੰਦਰ ਲਹਿਰਾਂ ਭਾਟੇ ਵਿਚ ਸਨ, ਕਾਫ਼ੀ ਪਿੱਛੇ ਚਲੀਆਂ ਜਾ ਰਹੀਆਂ ਸਨ। ਤੇ ਪਿੱਛੇ
ਛੱਡੀ ਰੇਤ ਦੇ ਵਿਸ਼ਾਲ ਮੈਦਾਨ ਵਿਚ ਹੁਣ ਸਿੱਲ੍ਹੀ ਰੇਤ ਦੇ ਉਭਾਰ-ਉਤਾਰ ਸਮਤਲ਼ ਤੇ ਸਮੁੰਦਰੀ
ਜਲ ਨਾਲ ਭਰੇ ਨਿੱਕੇ-ਵੱਡੇ ਟੋਏ ਸਨ। ਟੋਇਆਂ ਵਿਚ ਰਹਿ ਗਿਆ ਸੀ ਸਥਿਰ ਸਵੱਛ, ਪਉਣ
ਨਾਲ ਰਤਾ ਕੁ ਲਹਿਰਾਉਂਦਾ ਜਲ, ਜਿਵੇਂ ਪਰਬਤੀ ਝੀਲਾਂ ਦਾ! ਬੁੱਕ ਭਰ ਕੇ ਪੀਣ ਨੂੰ ਜੀਅ
ਕਰਦਾ। ਪਰ ਲੂਣਾ ਸੀ। ਉਸ ਜਲ ਨੂੰ ਵੇਖਣ ਦਾ ਹੀ ਸੁਖ ਸੀ, ਟੋਇਆਂ ਦੀ ਗਿੱਟੇ-ਗੋਡੇ ਡੂੰਘਾਈ
ਵਿਚ ਖਲੋ-ਤੁਰ ਕੇ, ਤਨ-ਮਨ ਨੂੰ ਸੀਤਲਤਾ ਮਿਲਦੀ ਸੀ...

ਵੱਡੇ ਟੋਇਆਂ ਵਿਚੋਂ ਇੱਧਰ-ਉੱਧਰ, ਨੇੜੇ-ਦੂਰ ਸੱਪਸਲੰਮੀਆਂ ਜਲਧਾਰਾਂ ਵਗ ਕੇ ਵ
ਰਹੀਆਂ ਸਨ ਸਮੁੰਦਰ ਵੱਲ...ਇਹ ਨਿੱਕੀਆਂ-ਵੱਡੀਆਂ ਜਲਧਾਰਾਂ ਤੇ ਨਿੱਕੇ-ਵੱਡੇ ਟੋਏ ਉਸ ਨੂੰ
ਆਪਣੇ ਪਰਬਤੀ ਵਤਨ ਦੀ ਯਾਦ ਦਿਲਾਉਂਦੇ ਸਨ। ਉਹ ਭਾਟੇ ਦੇ ਸਮੁੰਦਰ ਵੇਲੇ, ਜਦੋਂ ਵੀ ਬੀਚ
'ਤੇ ਆਉਂਦੀ ਤੇ ਟਹਿਲਦੀ, ਇਹਨਾਂ ਦਿਲ-ਖਿੱਚਵੀਆਂ ਜਲਧਾਰਾਵਾਂ ਵਿਚ ਇਹਨਾਂ ਦੇ ਵਹਾਓ
ਦੇ ਨਾਲੋ ਨਾਲ ਤੁਰਨ ਲਗਦੀ ਤੇ ਉਹ ਪਹਿਲਗਾਮ ਮਨਾਲੀ ਜਿਹੀਆਂ ਅਨੂਪਮ ਪ੍ਰਕਿਰਤਕ
ਥਾਵਾਂ, ਉਹਨਾਂ ਦੇ ਸੀਤਲ ਸ਼ਫ਼ਾਫ ਪਾਣੀਆਂ ਵਿਚ ਤੈਰਨ-ਖੇਡਣ-ਨਹਾਉਣ-ਟਹਿਲਣ ਦੀ ਯਾਦ
ਕਲਪਨਾ ਵਿਚ ਗੁਆਚ ਜਾਂਦੀ। ਕੁਝ ਦੇਰ ਲਈ ਆਪਣੇ ਮੁੰਬਈ ਮਹਾਂਨਗਰ ਦੇ ਗੁੰਝਲਦਾਰ ਜੀਵਨ
ਦੇ ਪ੍ਰਭਾਵ-ਪ੍ਰੈਸ਼ਰ ਤੋਂ ਮਨ ਹੀ ਮਨ ਕੋਹਾਂ ਦੂਰ ਚਲੀ ਜਾਂਦੀ- ਆਪਣੇ ਬਾਲਪਨ ਦੇ ਕੱਚੇ, ਸਹਿਜਤ
ਭਰੇ ਤੇ ਸੁੱਖਮਈ ਨਵਯੋਬਨ ਦੇ ਫੁੱਲ ਹੌਲੇ ਉਮੰਗਾਂ ਭਰੇ ਜੀਵਨ ਦਿਨਾਂ-ਵਰ੍ਹਿਆਂ ਵਿਚ...

ਅੱਖਾਂ ਦੀਆਂ ਕੋਰਾਂ ਨਾਲ ਉਸਨੇ ਵੇਖਿਆ, ਬਾਲਕ ਵੀ ਆਪਣੀ ਢਿੱਲੀ ਮੈਲ਼ੀ ਨਿੱਕ
ਉੱਚੀ ਚਾੜ੍ਹਦਾ ਉਸ ਤੋਂ ਕੁਝ ਹੀ ਪਰੇ ਇਕ ਹੋਰ ਜਲਧਾਰਾ ਵਿਚ ਹੌਲੀ ਹੌਲੀ ਸੈਰ ਦੇ ਮਜ਼ੇ ਮਾਣ
ਰਿਹਾ ਸੀ...

ਵੱਡੀ ਵੇਗਵਾਨ ਜਲਧਾਰਾ ਵਿਚ ਤੁਰਦੀ ਤੀਵੀਂ ਕਲਪਨਾ ਕਰ ਰਹੀ ਸੀ ਜਿਵੇਂ ਉ
ਬ੍ਰਹਮਪੁੱਤਰ ਨਦੀ ਵਿਚ ਤੁਰ-ਤੈਰ ਰਹੀ ਸੀ...ਇਹ ਜਲਧਾਰਾ, ਜ਼ਰਾ ਕੁ ਪਰੇ ਸਮੁੰਦਰ ਪਾਣੀ
ਬਣੇ ਵੱਡੇ ਜਿਹੇ ਟੋਏ ਵਿਚ ਮਿਲ ਕੇ ਇਕ ਨਦੀ ਜਿਹੀ ਬਣ ਵੇਗ ਨਾਲ ਸਮੁੰਦਰ ਵੱਲ ਜਾਂਦ
ਪਈ ਸੀ। ਪਾਣੀ ਦੇ ਵੇਗ-ਵਹਾਓ ਕਰਕੇ ਉਸਦੇ ਕੰਢਿਆਂ ਦੀ ਰੇਤ ਦੇ ਟੋਟੇ ਥੱਪ-ਥੱਪ ਕਰਦੇ ਪਾਣ
ਵਿਚ ਡਿੱਗ ਕੇ ਵਹਿੰਦੇ ਪਾਣੀ ਵਿਚ ਮਿਲ ਜਾਂਦੇ। ਤੀਵੀਂ ਕਲਪਨਾ ਕਰ ਰਹੀ ਸੀ, ਬਸੰਤ
ਮੌਸਮ ਵਿਚ ਬਰਫ਼ਾਂ ਪਿਘਲਣ ਵੇਲੇ, ਹਿਮਾਲਿਆ ਦੀਆਂ ਉਚਾਈਆਂ ਤੋਂ ਨੱਠ ਨੱਠ ਕੇ ਲਹਿਂਦ
ਬ੍ਰਹਮਪੁੱਤਰ ਨਦੀ ਦਾ ਉਤਾਵਲਾ ਮੱਛਰਦਾ ਪਾਣੀ, ਆਪਣੇ ਆਲੇ-ਦੁਆਲ਼ੇ ਦੀਆਂ ਝਾੜੀਆਂ
ਦਰੱਖਤਾਂ, ਚੱਟਾਨਾਂ ਨੂੰ ਵੀ ਆਪਣੇ ਵੇਗ ਨਾਲ ਪਟਕਦਾ ਰੋੜ੍ਹਦਾ, ਆਪਣੀ ਲਪੇਟ ਵਿਚ ਸਮਾਉਂਦਾ
ਸਮੁੰਦਰ ਵੱਲ ਰੁੱਖ ਕਰਦਾ, ਅੱਗੇ-ਅੱਗੇ-ਅੱਗੇ ਦੌੜ ਰਿਹਾ ਏ...

ਉਸ ਦਾ ਤਨ ਸੀਤਲ ਸੀ, ਮਨ ਸਥਿਰ ਸ਼ਾਂਤ ਤੇ ਮਗਨ ਹੋਣ ਲੱਗਾ ਸੀ, ਜਿਵੇਂ ਪਰਬਤ
ਥਲਾਂ ਫਿਜ਼ਾਵਾਂ ਵਿਚ ਵਿਚਰਦਿਆਂ ਹੋ ਜਾਂਦਾ ਏ, ਵੱਡੇ ਸ਼ਹਿਰਾਂ ਦੀ ਦੌੜ-ਭੱਜ ਤੇ ਹਰ ਪ੍ਰਕਾ
ਦੀਆਂ ਪਰੇਸ਼ਾਨੀਆਂ ਦੇ ਤਣਾਓ ਤੋਂ ਭਾਵੇਂ ਥੋੜ੍ਹੀ ਹੀ ਦੇਰ ਲਈ ਨਿਕਲ ਕੇ, ਪਰਬਤਾਂ ਦੇ ਮਾਹੌ



ਵਿਚ ਜਾ-ਵਿਚਰ ਕੇ ਪਰਬਤ-ਪ੍ਰਕਿਰਤੀ ਪ੍ਰੇਮੀਆਂ ਦਾ...

ਉਹਨੇ ਵੇਖਿਆ ਬਾਲਕ ਵੀ ਆਪਣੀ ਨਿੱਕੀ ਜਲਧਾਰਾ ਦੇ ਐਨ ਵਿਚਕਾਰ ਖੜ੍ਹਾ, ਜਲਧਾਰਾ ਨੂੰ ਗਹੁ ਨਾਲ ਵੇਖ ਰਿਹਾ ਸੀ।

"ਅਪਨਾ ਦਰਿਆ ਕਾ ਰੇਤ ਪਾਨੀ ਮੇਂ ਨਹੀਂ ਗਿਰਤਾ ਹੈ! ਤੁਮਾਰਾ ਦਰਿਆ ਕਾ ਰੇਤੀ ਥੱਪ ਥੱਪ ਕਰਕੇ ਪਾਨੀ ਮੇਂ ਕਿਉਂ ਗਿਰਤਾ ਹੈ?" ਬੱਚੇ ਨੇ ਪੁੱਛਿਆ

"ਤੁਮਾਰਾ ਦਰਿਆ ਕਾ ਪਾਨੀ ਕਮਤੀ ਹੈ ਨਾ, ਇਸ ਵਾਸਤੇ।" ਉਹ ਬੋਲੀ।

"ਅਰੇ ਨਹੀਂ, ਤੁਮਾਰਾ ਦਰਿਆ ਕਾ ਪਾਨੀ ਜ਼ੋਰ ਸੇ ਭਾਗਤਾ ਹੈ ਨਾ, ਇਸ ਵਾਸਤੇ।" ਬਾਲਕ ਨੇ ਸਮਝਾਉਂਦਿਆਂ ਹੋਇਆਂ ਕਿਹਾ।

"ਹਾਂ, ਠੀਕ ਹੈ ਇਸੀ ਵਾਸਤੇ। ਤੁਮ ਠੀਕ ਬੋਲਤਾ ਹੈ।" ਤੇ ਉਹ ਸੁਭਾਵਕ ਹੀ ਮੁਸਕਰਾ ਪਈ ਬੱਚੇ ਵੱਲ ਵੇਖ ਕੇ। ਤੇ ਬਾਲਕ ਪਾਣੀ ਵੱਲ ਤੱਕਦਿਆਂ ਭੋਲੀ ਮੁਸਕਾਨ ਮੁਸਕਰਾਇਆ।

ਉਹ ਦੋਵੇਂ ਆਪਣੀਆਂ-ਆਪਣੀਆਂ ਜਲਧਾਰਾਂ ਵਿਚ ਸਹਿਜੇ ਟਹਿਲਦੇ ਸਮੁੰਦਰ ਵੱਲ ਵਧ ਰਹੇ ਸਨ...ਤੁਰਦੀ ਹੋਈ ਉਹ ਵੇਖ-ਸੋਚ ਰਹੀ ਸੀ, 'ਸਮੁੰਦਰ ਕੋਲ ਪਹੁੰਚਦਿਆਂ ਜਲਧਾਰਾਵਾਂ ਦਾ ਸਮੁੰਦਰ ਵਿਚ ਮਿਲਣ ਦਾ ਤੌਰ-ਤਰੀਕਾ ਕਿਸੇ ਨਦੀ ਦੇ ਡੈਲਟੇ ਵਾਂਗ ਹੋ ਰਿਹਾ ਏ। ਗੰਗਾ ਨਦੀ ਵੀ ਤਾਂ ਉੱਚੇ ਪਰਬਤਾਂ ਤੋਂ ਲਹਿ, ਮੀਲਾਂ-ਮੀਲ ਵਹਿੰਦੀ ਸਮੁੰਦਰ ਨੇੜੇ ਪਹੁੰਚ, ਸਮੁੰਦਰ ਨੂੰ ਕਿਸੇ ਚਿਰ ਵਿਗੋਚਣੀ, ਜੋਬਨਮੱਤੀ ਮੁਟਿਆਰ ਵਾਂਗ, ਬਾਹਾਂ ਪਾਸਾਰ ਸਮੁੰਦਰ ਨੂੰ ਆਪਣੀਆਂ ਬਾਹਵਾਂ ਵਿਚ ਲੈ ਕੇ ਉਸ ਵਿਚ ਮਿਲ ਜਾਂਦੀ ਏ...'

ਤੇ ਤੀਵੀਂ ਨੂੰ ਕਦੇ ਇਹ ਪਤਲੀਆਂ ਵਿੰਗੀਆਂ ਕੁੰਡਲ ਸ਼ਕਲ ਵਾਲੀਆਂ ਧਾਰਾਵਾਂ ਕਿਸੇ ਬੁੱਢੇ ਲੰਮੇ-ਉੱਚੇ ਬੋਹੜ ਬ੍ਰਿਛ ਦੀਆਂ ਨਿੱਕੀਆਂ-ਵੱਡੀਆਂ ਟਹਿਣਾਂ ਵਾਂਗ ਵੀ ਜਾਪਦੀਆਂ...

ਸਮੁੰਦਰ ਕੰਢੇ ਦੀ ਰੇਤ ਉਹਨੂੰ ਕਿਧਰੇ ਨੀਲੀ-ਪੀਲੀ ਤੇ ਕਾਲੀ ਵੀ ਵਿਖਾਈ ਦਿੰਦੀ ਸਾਫ਼ ਨਹੀਂ ਸੀ। 'ਕਿਉਂ?' ਉਸ ਨੇ ਕੁਝ ਨਿਰਾਸ਼ ਹੋ ਕੇ ਸੋਚਿਆ, 'ਹਾਂ, ਏਸ ਕਰਕੇ ਕਿ ਸਮੁੰਦਰ ਕੰਢੇ ਤੋਂ ਕੁਝ ਹੀ ਅੱਗੇ ਪਾਣੀ ਵਿਚ ਮਛਿਆਰਿਆਂ ਦੀਆਂ ਕਿਸ਼ਤੀਆਂ ਤੇ ਨਿੱਕੇ ਜਹਾਜ਼ਾਂ ਵਿਚ ਇਸਤੇਮਾਲ ਕੀਤੇ ਤੇਲ ਨੇ ਸਮੁੰਦਰ ਦੇ ਪਾਣੀ ਤੇ ਉਸਦੀ ਰੇਤ ਨੂੰ ਵੀ ਪ੍ਰਦੂਸ਼ਤ ਕਰ ਦਿੱਤਾ ਹੈ। ਤੇ ਮੁੰਬਈ ਦੇ ਕਾਰਖਾਨਿਆਂ ਮਿੱਲਾਂ ਤੋਂ ਵਗ ਵਗ, ਸਮੁੰਦਰ ਵਿਚ ਮਿਲ ਰਿਹਾ ਕੈਮੀਕਲੀ ਪਾਣੀ ਵੀ ਤਾਂ ਸਮੁੰਦਰੀ ਪਾਣੀ-ਰੇਤ ਨੂੰ ਪ੍ਰਦੂਸ਼ਤ ਤੇ ਬਦਰੰਗਾ ਕਰ ਰਿਹਾ ਏ...ਰੇਤ 'ਤੇ ਨੀਲੀਆਂ-ਲਾਲ-ਪੀਲੀਆਂ ਨਸਵਾਰੀ ਜਿਹੀਆਂ ਪਤਲੀਆਂ-ਟੇਢੀਆਂ-ਵਿੰਗੀਆਂ ਜਿਹੀਆਂ ਧਾਰਾਂ ਉਸ ਨੂੰ ਆਪਣੇ ਸਕੂਲ ਦੇ ਇਕ ਕਲਾਸਰੂਮ ਦੀ ਦੀਵਾਰ 'ਤੇ ਟੰਗੇ, ਸਰੀਰ ਦੇ ਨਕਸ਼ੇ ਵਾਂਗ ਹੀ ਜਾਪ ਰਹੀਆਂ ਸਨ, ਜਿਸ ਨੂੰ ਵੇਖ ਕੇ ਉਹ ਹਮੇਸ਼ਾ ਡਰ ਜਿਹੀ ਜਾਂਦੀ ਸੀ, ਸਾਇੰਸ ਦੀ ਕਲਾਸ ਵਿਚ...

ਉਹਨੇ ਵੇਖਿਆ, ਬਾਲਕ ਦਾ ਧਿਆਨ ਵੀ ਨੀਲੀਆਂ-ਪੀਲੀਆਂ ਰੇਤ-ਧਾਰਾਂ ਵੱਲ ਸੀ।

"ਇਧਰ ਕਾ ਰੇਤੀ ਥੋੜ੍ਹਾ ਗੰਦਾ ਹੈ।" ਬਾਲ ਕਹਿ ਰਿਹਾ ਸੀ।

"ਹਾਂ।"

"ਕਾਹੇ ਕੋ ਨੀਲਾ-ਪੀਲਾ ਹੋ ਗਿਆ?"

"ਮਾਲੂਮ ਨਹੀਂ।"

ਸਮੁੰਦਰ ਵਿਚ ਪਰੇ ਦੁਮੇਲ 'ਤੇ ਮਛਿਆਰਿਆਂ ਦੀਆਂ ਕਿਸ਼ਤੀਆਂ ਦਿਸਣ ਲੱਗ ਪਈਆਂ ਸਨ। ਕਿਸ਼ਤੀਆਂ ਦੇ ਪਾਲ ਸਵੇਰ ਦੀ ਧੁੱਪ ਵਿਚ ਆਕਾਸ਼ ਦੀ ਸਲੇਟੀ ਭਾਅ ਵਿਚ ਰੰਗੇ ਦਿਸਦੇ। ਕਈ ਕਿਸ਼ਤੀਆਂ ਚਿੱਟੀਆਂ ਮੁਰਗਾਬੀਆਂ ਵਾਂਗ ਸਮੁੰਦਰ ਵਿਚ ਤੈਰਦੀਆਂ ਜਾਪਦੀਆਂ...

ਸਮੁੰਦਰ ਲਹਿਰਾਂ ਵੱਲੋਂ ਰਤਾ ਕੁ ਪਿੱਛੇ ਮੁੜ ਤੀਵੀਂ ਫੇਰ ਰੇਤੀਲੇ ਮੈਦਾਨ ਵੱਲ ਤੁਰੀ। ਰੇਤ ਦੇ ਮੈਦਾਨ ਵਿਚ ਪਾਣੀ ਭਰੇ ਇਕ ਵੱਡੇ ਸਾਰੇ ਟੋਏ ਵਿਚੋਂ, ਅਸਮਾਨ ਵਿਚ ਤੈਰਦੇ-ਤੁਰਦੇ ਇਕ

ਬੱਦਲ ਦੀ ਨੁੱਕਰ ਵਿਚ ਜਿਵੇਂ ਝਾਤ ਮਾਰਕੇ ਸੂਰਜ ਦੀ ਪਰਛਾਈਂ ਤੈਰ ਰਹੀ ਸੀ...ਓਸੇ ਲਹਿਰਾਉਂਦੇ ਪਾਣੀ ਵਿਚ ਰੇਤੀਲੇ ਮੈਦਾਨ ਦੇ ਕੰਢੇ 'ਤੇ ਖੜ੍ਹੇ ਨਾਰੀਅਲ-ਬ੍ਰਿਛਾਂ ਤੇ ਇਕ ਹੋਟਲ ਦੀਆਂ ਪਰਛਾਈਆਂ ਤੈਰ ਰਹੀਆਂ ਸਨ...

ਤੀਵੀਂ ਕੁਝ ਦੁਖੀ-ਨਾਰਾਜ਼ ਹੋ ਕੇ ਸੋਚ ਰਹੀ ਸੀ, "ਸਮੁੰਦਰ ਕਿਨਾਰੇ ਦੀ ਜੰਮਪਲ ਤੇ ਸਮੁੰਦਰੀ ਸੁਹੱਪਣ ਦੇ ਅਭਿੰਨ ਅੰਗ ਨਾਰੀਅਲ ਦੇ ਵਣਾਂ ਨੂੰ ਕੱਟ-ਉਜਾੜ ਕੇ, ਤਕਰੀਬਨ ਮੁਕਾ ਕੇ, ਉਹਨਾਂ ਦੀ ਥਾਂ ਉਸਾਰੇ ਬਦਸੂਰਤ ਹੋਟਲਾਂ, ਬਿਲਡਿੰਗਾਂ ਨੇ ਸਮੁੰਦਰ-ਕਿਨਾਰੇ ਨੂੰ ਹੁਣ ਕਿਤਨਾ ਕਰੂਪ, ਕੋਝਾ ਬਣਾ ਦਿੱਤਾ ਏ। ਸਮੁੰਦਰ ਦਾ ਪਾਣੀ ਵੀ ਹੁਣ ਉਹ ਸਵੱਛ ਲੂਣਾਂ ਜਲ ਨਹੀਂ ਜਿਵੇਂ ਉਹ ਦਸ-ਬਾਰਾਂ ਸਾਲ ਪਹਿਲਾਂ ਹੁੰਦਾ ਸੀ। ਹੁਣ ਉਸ ਵਿਚ ਕਾਰਖਾਨਿਆਂ ਦੇ ਕੈਮੀਕਲ ਤੇ ਸਟੀਮਰਾਂ ਜਹਾਜ਼ਾਂ 'ਚੋਂ ਨਿਕਲੇ ਤੇਲ ਦੀ ਮਿਲਾਵਟ ਸੀ...ਪਰ ਉਸ ਨੂੰ ਸਮੁੰਦਰ ਵਿਚ ਡੁਬਕੀ ਲਾਉਣਾ ਤੈਰਨਾ ਚੰਗਾ ਲਗਦਾ ਸੀ, ਸੁਖਦ, ਤਨ-ਮਨ ਨੂੰ ਸੀਤਲਤਾ-ਤਾਜ਼ਗੀ-ਸਿਹਤ ਦੇਣ ਵਾਲਾ। ਉਸ ਨੇ ਕੁਝ ਦਿਨ ਹੋਏ ਆਪਣੇ ਇਕ ਡਾਕਟਰ ਮਿੱਤਰ ਤੋਂ ਪੁੱਛਿਆ ਸੀ ਕਿ ਹੁਣ ਸਮੁੰਦਰ ਦੇ ਪਾਣੀ ਵਿਚ ਨਹਾਉਣਾ ਸਿਹਤ ਲਈ ਮਾੜਾ, ਬਿਮਾਰ ਕਰ ਦੇਣ ਵਾਲਾ ਤਾਂ ਨਹੀਂ ਹੋ ਗਿਆ? ਤੇ ਡਾਕਟਰ ਨੇ ਹੱਸ ਕੇ ਕਿਹਾ ਸੀ, "ਜਦ ਤੀਕ ਏਸ ਪਾਣੀ ਵਿਚ ਮੱਛੀਆਂ ਜੀਅ ਤੇ ਤੈਰ ਸਕਦੀਆਂ ਨੇ, ਮਨੁੱਖ ਵੀ ਨਹਾ ਤੇ ਤੈਰ ਸਕਦਾ ਏ।" ...ਤੇ ਤੀਵੀਂ ਜਦੋਂ ਵੀ ਕੁਝ ਵਿਹਲ ਮਿਲਦੀ, ਸਮੁੰਦਰ ਕੰਢੇ ਜਾ ਕੇ ਥੋੜ੍ਹਾ ਤੈਰ ਹੀ ਲੈਂਦੀ...

ਪਾਣੀ ਦੇ ਇਕ ਤਲਾਬ ਦੇ ਸਥਿਰ ਜਲ 'ਚ ਝਿਲਮਿਲਾਉਂਦੀਆਂ ਸਾਵੀਆਂ ਨੀਲੀਆਂ ਨਾਰੀਅਲ ਬਿਰਛਾਂ ਦੀਆਂ ਪਰਛਾਈਆਂ ਉਹਨੂੰ ਆਪਣੇ ਵਤਨ ਕਸ਼ਮੀਰ ਝੀਲ ਡੱਲ ਦੀ ਯਾਦ ਦਿਲਾ ਰਹੀਆਂ ਸਨ...'ਕਾਸ਼ ਏਸ ਵੇਲੇ ਹੀ ਮੈਂ ਉੱਥੇ ਪਹੁੰਚ ਸਕਦੀ', ਝੀਲ ਡੱਲ ਵਿਚ ਤੈਰਦੀ, ਸ਼ਿਕਾਰੇ ਵਿਚ ਬਹਿ ਚੱਪੂ ਨਾਲ ਕਿਸ਼ਤੀ ਆਪੇ ਹੌਲੀ-ਹੌਲੀ ਚਲਾਉਂਦੀ'...ਪਰ! ਏਥੇ ਘਰ-ਪਰਿਵਾਰ-ਬਾਹਰ ਦੇ ਕਦੇ ਨਾ ਮੁੱਕਣ ਵਾਲੇ, ਮਨ-ਸਰੀਰ 'ਤੇ ਸਦੀਵੀ ਬੋਝ ਪਾਉਣ ਵਾਲੇ ਤੇ ਥਕਾਨ ਭਰੇ ਅਨੇਕਾਂ ਰੁਝੇਵੇਂ ਕੁਝ ਵਰ੍ਹਿਆਂ ਤੋਂ ਉਹ ਇਕੱਲੀ ਹੀ ਚੁੱਕ-ਸੰਭਾਲ ਰਹੀ ਸੀ...ਕਦੋਂ ਮੁੱਕਣਗੇ ਰੁਝੇਵੇਂ, ਜ਼ਿੰਮੇਵਾਰੀਆਂ ਤੇ ਉਹ ਵਿਹਲੀ-ਹੌਲੀ ਮਹਿਸੂਸ ਕਰੇਗੀ, ਨਜਾਤ ਪਾਏਗੀ...ਕਿਤਨਾ ਉਹਦਾ ਮਨ ਕਰਦਾ ਸੀ ਕਿ ਉਹ ਚੁੱਪ-ਚਾਪ ਘਰੋਂ ਨਿਕਲ-ਨੱਠ ਜਾਏ ਆਪਣੇ ਵਤਨ...ਪਰ, ਅਜੇ ਤੀਕ ਉਹ ਇਸ ਜੰਜਾਲ ਵਿਚੋਂ ਨਿਕਲ ਨਹੀਂ ਸੀ ਸਕੀ। ਤਲਾਬ ਦੇ ਪਾਣੀ ਵਿਚ ਨਾਰੀਅਲ ਬ੍ਰਿਛਾਂ-ਬੱਦਲਾਂ ਵਿਚੋਂ ਝਾਤ ਮਾਰਦੇ ਸੂਰਜ ਦੀਆਂ ਪਰਛਾਈਆਂ ਨੂੰ ਵੇਖਦੀ ਉਹ ਜਿਵੇਂ ਸਮੁੰਦਰ ਕੰਢੇ ਨਹੀਂ ਸ੍ਰੀਨਗਰ ਝੀਲ ਡੱਲ ਵਿਚ ਤੈਰ ਰਹੀ ਸੀ...

ਨਿੱਕਾ ਮੁੰਡਾ ਵੀ ਆਪਣੀ ਨਿੱਕੀ ਜਲਧਾਰਾ ਵਿਚ ਅੱਗੇ ਤੁਰਦਾ ਹੁਣ ਪਿੱਛੇ ਮੁੜ ਆਇਆ ਸੀ। ਹੁਣ ਉਸਦਾ ਧਿਆਨ ਭੁੰਨੀ ਖਿੜੀ ਹੋਈ ਮੱਕੀ ਦੇ ਦਾਣਿਆਂ ਵਾਂਗ ਦਿਸਦੇ ਵਿਸ਼ਾਲ ਰੇਤੀਲੇ ਮੈਦਾਨ 'ਤੇ ਖਿੰਡਰੇ, ਇੱਧਰ-ਉਧਰ ਦੌੜਦੇ, ਅਨੇਕਾਂ-ਅਨੇਕ ਨਿੱਕੇ-ਵੱਡੇ ਕੇਕੜਿਆਂ ਵੱਲ ਖਿੱਚਿਆ ਗਿਆ ਸੀ...ਕੇਕੜੇ ਆਪਣੀਆਂ ਰੇਤ ਖੁੱਡਾਂ ਵਿਚੋਂ ਰੇਤ ਦੀਆਂ ਨਿੱਕੀਆਂ-ਵੱਡੀਆਂ ਗੋਲੀਆ ਬਣਾ-ਬਣਾ ਕੇ ਬਾਹਰ ਮੈਦਾਨ ਵਿਚ ਸੁੱਟ ਰਹੇ ਸੀ। ਉਹਨਾਂ ਦੀਆਂ ਲੱਤਾਂ-ਬਾਹਵਾਂ ਜਿਵੇਂ ਮਹਾਂਭਾਰਤੀ ਯੁੱਧ ਸੈਨਾਵਾਂ ਜਿਹੀ ਮਸ਼ੀਨੀ ਤੇਜ਼ੀ ਨਾਲ ਕੰਮ ਕਰ ਰਹੀਆਂ ਸਨ ਤੇ ਰੇਤ ਦੇ ਮੈਦਾਨ 'ਤੇ ਏਧਰ ਉਧਰ ਨੇੜੇ-ਪਰੇ ਅਨੇਕਾਂ ਨਮੂਨਿਆਂ ਦੇ ਨਿੱਕੀਆਂ-ਨਿੱਕੀਆਂ ਗੋਲੀਆਂ ਦੇ ਜਾਲ ਵਿਛੇ ਹੋਏ ਸਨ...ਮੁੰਡਾ ਕੇਕੜਿਆਂ ਪਿੱਛੇ ਦੌੜਨ ਲੱਗਾ ਪਰ ਉਹ ਜਿਸ ਕੇਕੜੇ ਨੂੰ ਫੜਨ ਲਗਦਾ, ਉਹ ਝੱਟ ਆਪਣੀ ਖੁੱਡ ਵਿਚ ਵੜ-ਲੁਕ ਜਾਂਦਾ। ਪਰ ਮੁੰਡੇ ਨੂੰ ਇਹ ਖੇਡ ਖੇਡਣ ਦਾ ਮਜ਼ਾ ਆ ਰਿਹਾ ਸੀ...

ਤੇ ਤੀਵੀਂ ਲੂਣੇ ਪਾਣੀ ਭਰੇ ਤਲਾਅ ਵਿਚ ਤੁਰਦੀ ਨਾਰੀਅਲ ਦੀਆਂ ਕੰਬਦੀਆਂ



ਪਰਛਾਈਆਂ ਦੇ ਅਕਸ ਵੇਖਦੀ, ਪਹੁੰਚੀ ਹੋਈ ਸੀ ਕਸ਼ਮੀਰ ਦੀ ਝੀਲ ਡੱਲ ਦੇ ਪਾਣੀਆਂ ਵਿਚ ਕੰਬ ਰਹੀਆਂ ਪਰਛਾਈਆਂ ਕੋਲ। ਝੀਲ ਦੇ ਕੰਢਿਆਂ 'ਤੇ ਖੜ੍ਹੇ-ਝੁਕੇ ਚਨਾਰ, ਸਫੇਦੇ, ਬੈਂਤ ਬਿਰਛਾਂ ਕੋਲ। ਤੇ ਝੀਲ ਦੇ ਚਹੁੰ ਪਾਸੇ ਖੜ੍ਹੀਆਂ ਕੋਮਲ ਘਾਹ ਵਾਲੀਆਂ ਨਿਸ਼ਾਂਤ, ਚਸ਼ਮਾਸ਼ਾਹੀ ਬਾਗਾਂ ਵਾਲੀਆਂ ਪਹਾੜੀਆਂ ਦੀਆਂ ਢਲਵਾਣਾਂ ਕੋਲ...ਪਰਬਤੀ ਢਲਵਾਣਾਂ 'ਤੇ ਬਸੰਤ ਵਿਚ ਖਿੜੇ ਸੇਬ, ਬਾਦਾਮ, ਆੜੂ, ਆਲੂਚੇ ਦੇ ਸ਼ਗੂਫਿਆਂ ਦੀਆਂ ਪਰਛਾਈਆਂ ਕੋਲ। ਪਹਾੜੀਆਂ ਦੀਆਂ ਉੱਚੀਆਂ ਢਲਵਾਣਾਂ 'ਤੇ ਖੜ੍ਹੇ ਦੇਵਦਾਰ, ਸ਼ਾਹਬਲੂਤ ਤੇ ਚੀੜ੍ਹ ਦੇ ਬਿਰਛਾਂ ਦੀਆਂ ਕੰਬਦੀਆਂ-ਥਿਰਕਦੀਆਂ-ਤੈਰਦੀਆਂ ਪਰਛਾਈਆਂ ਵੇਖਦੀ, ਮਗਨ ਹੋਈ ਉਹਨਾਂ ਵਿਚ ਹੀ ਆਪਣੇ ਆਪ ਨੂੰ ਸਮੋ-ਪਾ ਕੇ ਸੁਣ ਰਹੀ ਸੀ ਸੀਤਲ ਪਰ ਤਾਜ਼ਗੀ ਭਰੀ ਵਾ ਦੇ ਝੌਂਕਿਆਂ ਨਾਲ ਖੱਬੇ-ਸੱਜੇ ਹਿੱਲਦੇ ਗੁਮਕਦੇ ਪੱਤਰਾਂ ਦਾ ਸੰਗੀਤ। ਬੈਂਤ ਬਿਰਛਾਂ ਦੇ ਪੱਤਰਾਂ ਦਾ। ਇਹ ਪੱਤਰ ਜਿਵੇਂ ਕੋਈ ਸੰਦੇਸ਼ ਦਿੰਦੇ ਸਨ! ਕੋਈ ਅਲੌਕਿਕ ਨਾਦ ਸੁਣਾਉਂਦੇ, ਬੁਝਾਰਤ ਬੁਝਾਉਣ ਲਈ ਉਸਦੇ ਕੰਨਾਂ ਵਿਚ ਕੁਝ ਕਹਿੰਦੇ। ਇਹ ਅਨਹਦ ਨਾਦ ਸੁਣਦੀ ਉਹ ਗੁਆਚੀ ਜਿਹੀ ਸੀ, ਅਨੰਦ ਮਗਨ...

ਡਲ ਤੇ ਉਹਦੀ ਹਮਉਮਰ ਸਖੀ ਝੀਲ 'ਨਗੀਨ' ਦਾ ਗਹਿਰਾ ਸਵੱਛ ਜਲ ਵੀ ਆਕਾਸ਼-ਬੱਦਲਾਂ-ਪਰਬਤਾਂ ਅਤੇ ਢਲਵਾਣਾਂ 'ਤੇ ਉੱਗੀ ਕੂਲੀ ਲੰਮੀ ਘਾਹ, ਅਨੇਕਾਂ-ਅਨੇਕ ਪਰਬਤੀ ਬਿਰਛਾਂ ਦੇ ਅੱਤ ਕੋਮਲ, ਨਾਜ਼ੁਕ ਰੰਗ-ਸ਼ੇਡ ਬਸੰਤੀ ਫਿਜ਼ਾ ਦੇ ਭਾਵਾਂ ਤੋਂ ਪ੍ਰਭਾਵਤ ਆਪਣੇ ਵਿਚ ਪ੍ਰਤੀਬਿੰਬਤ ਕਰ ਰਹੀਆਂ ਨੇ...

ਸੁਬਹ-ਸਵੇਰੇ ਆਪਣੀ-ਆਪਣੀ ਨਿੱਕੀ ਕਿਸ਼ਤੀ ਚਲਾਉਂਦੇ, ਝੀਲ ਜਲ ਦੀਆਂ ਡੂੰਘੀਆਂ ਤਹਿਆਂ 'ਤੇ ਉੱਗ ਰਹੀ ਲੰਮੀ ਘਾਹ ਨੂੰ ਡਾਂਗਾਂ ਵਿਚ ਲਪੇਟ ਕੇ ਪਾਣੀ ਤੋਂ ਕੱਢਕੇ ਆਪਣੀਆਂ ਆਪਣੀਆਂ ਕਿਸ਼ਤੀਆਂ ਵਿਚ ਜਮ੍ਹਾਂ ਕਰ ਰਹੇ ਕਸ਼ਮੀਰੀ ਨੌਜਵਾਨ-ਬਿਰਧ-ਔਰਤਾਂ-ਬਾਲਕ। ਸਾਰੇ ਚੁੱਪ-ਚਾਪ ਆਪਣੇ ਏਸ ਕੰਮ, ਮਿਹਨਤ ਵਿਚ ਮਗਨ ਹਨ। ਉਹਨਾਂ ਦੀਆਂ ਹਿਲਦੀਆਂ ਪਰਛਾਈਆਂ ਝੀਲ ਜਲ ਵਿਚ...ਚਹੁੰ ਪਾਸੇ ਸ਼ਾਂਤ-ਸੁਖਦ ਮੌਨ...ਚਹੁੰ ਪਾਸੀਂ ਮੌਨ ਅਨੰਤ ਦਾ ਸਵਰ। ਤੇ ਫੇਰ ਯਕਾਯਕ ਕਿਸੇ ਕਿਸ਼ਤੀ ਦੇ ਨਾਲ ਕਿਸੇ ਦੇ ਚੱਪੂ ਦੀ ਟਕਰਾਹਟ ਦੀ ਨਿੰਮ੍ਹੀ ਫਕ-ਫਕ ਗੂੰਜ। ਕਿਸੇ ਵਿਸ਼ਾਲ ਵਣ ਦੇ ਇਕਾਂਤ ਵਿਚ ਖੜ੍ਹੀ ਹਿਰਨੀ ਦੀ ਨਿੰਮ੍ਹੀ ਹਲਚਲ ਸੁਣਨ 'ਤੇ ਚੌਂਕਾ ਜਾਣ ਵਾਲੀ ਠੱਕ ਦੀ ਧੁਨੀ। ਆਪੋ ਆਪਣੀਆਂ ਨਿੱਕੀਆਂ ਕਿਸ਼ਤੀਆਂ ਵਿਚ ਆਪਣੇ ਕੰਮ ਵਿਚ ਕਸ਼ਮੀਰੀ ਇਨੀ ਸਹਿਜਤਾ ਨਾਲ, ਪਰੰਪਰਾ ਦੇ ਅਭਿਆਸ ਸਦਕਾ, ਰੁੱਝੇ ਹਨ ਜਿਵੇਂ ਉਹ ਕੁਝ ਵੀ ਨਾ ਕਰ ਰਹੇ ਹੋਣ। ਜਿਵੇਂ ਫਜਰ ਦੀ ਨਮਾਜ਼ ਵਿਚ ਮਗਨ ਹੋਣ...ਕੁਝ ਵਰ੍ਹੇ ਹੋਏ ਜਦੋਂ ਉਹ ਕਸ਼ਮੀਰ ਗਈ ਸੀ ਤਾਂ ਉਥੇ ਉਸ ਦੇ ਮਿੱਤਰ-ਸੰਬੰਧੀ ਕਹਿੰਦੇ, "ਕਸ਼ਮੀਰੀ ਆਲਸੀ ਕੌਦੀ ਨੇ। ਉਹ ਸਿਰਫ਼ ਭਾਰਤ ਸਰਕਾਰ ਦੇ ਦਿੱਤੇ ਟਕਿਆਂ 'ਤੇ ਐਸ਼ ਕਰਨਾ ਚਾਹੁੰਦੇ ਹਨ"...ਪਰ ਜੇ ਏਸ ਸਵੇਰ ਉਹਨਾਂ ਵਿਚੋਂ ਇਕ ਵੀ ਜ਼ਰਾ ਜਾਗ-ਉੱਠ ਕੇ ਏਧਰ ਇਹ ਮੰਜ਼ਰ ਦੇਖਦਾ, ਜਾਂ ਝੀਲ-ਕੰਢਿਆਂ ਤੋਂ ਜ਼ਰਾ ਉੱਪਰ ਚੜ੍ਹਾਈ ਚੜ੍ਹ, ਨਿਸ਼ਾਂਤ ਬਾਗ ਦੇ ਦੋਵੇਂ ਪਾਸਿਆਂ ਦੀਆਂ ਪਹਾੜੀਆਂ ਦੀਆਂ ਕੂਲੀਆਂ ਹਰੀਆਂ ਢਲਾਣਾਂ ਵੱਲ ਨਜ਼ਰ ਕਰ ਪੈਲੀਆਂ ਖੇਤੀਆਂ ਵਾਲੀ ਧਰਤੀ ਨੂੰ ਆਪਣੇ ਬਲ਼ਦ ਨਾਲ ਵਾਹੁੰਦੇ, ਪਸੀਨੇ ਵਿਚ ਤਰ-ਬ-ਤਰ ਕਸ਼ਮੀਰੀ ਕਿਰਸਾਨ ਨੂੰ ਵੇਖਦਾ ਤਾਂ ਕਸ਼ਮੀਰੀਆਂ ਨੂੰ ਆਲਸੀ ਤੇ ਮੁਫ਼ਤਖੋਰ ਕਹਿਣ ਦੀ ਗੁਸਤਾਖੀ ਨਾ ਕਰਦਾ। ਉਹ ਸ਼ਾਇਦ ਕਸ਼ਮੀਰੀਆਂ ਦੀ ਮੱਧ ਤੇ ਉਤਲੀ ਜਮਾਤ ਬਾਰੇ ਗੱਲ ਕਰ ਰਿਹਾ ਹੋਵੇ। ਉੱਥੇ ਵੀ ਹੁਣ ਕੁਝ ਐਸੀਆਂ ਜਮਾਤਾਂ ਹਮੇਸ਼ਾ ਤੋਂ ਤੇ ਹੁਣ ਵੀ ਵਧ ਫੁੱਲ ਰਹੀਆਂ ਨੇ ਜਿਵੇਂ ਪੀਰ ਪੰਚਾਲ ਪਰਬਤ ਦੇ ਪਾਰ ਦੇ ਭਾਰਤ ਦੇ ਦੂਜਿਆਂ ਪਾਸਿਆਂ ਵਿਚ ਮੁਨਾਫਾਖੋਰਾਂ, ਕਾਲੇ ਬਾਜ਼ਾਰੀਆਂ ਦੀਆਂ। ਤੇ ਉਹੋ... ਮੈਂ ਕਿੱਧਰ ਦੀ ਕਿੱਧਰ ਪਹੁੰਚ ਗਈ ਹਾਂ, ਮੁੰਬਈ ਤੋਂ ਕਿੱਡੀ ਦੂਰ! ਮੇਰੀ ਬੇਟੀ ਪੂਨਮ ਤਾਂ ਨਾਸ਼ਤਾ ਕਰਕੇ ਕਾਲਿਜ ਵੀ ਚਲੀ ਗਈ ਹੋਵੇਗੀ! ਤੇ ਨੌਕਰ ਵੀ ਫ਼ਿਕਰ ਕਰ ਰਿਹਾ ਹੋਣਾ ਏ ਕਿ ਬੀਬੀ ਹੋਰੀਂ ਅਜੇ ਵੀ ਘਰ ਕਿਉਂ ਨਹੀਂ ਮੁੜੇ, ਰੱਬ

ਖੈਰ ਕਰੇ। ਤੇ ਹੁਣੇ ਸਵੇਰੇ ਹੀ ਤਾਂ ਉਸ ਸਿਰ ਖਪਾਉਣ ਵਾਲੇ ਬੰਦੇ ਨੇ ਵੀ ਆਉਣਾ, ਮਕਾਨ ਬਾਰੇ ਤੇ ਹੋਰ ਜ਼ਰੂਰੀ ਕਾਗਜ਼ਾਤ ਤੇ ਇਕ ਨੋਟਿਸ ਵੀ ਲੈ ਕੇ। ਪਰ ਇਹ ਥੋੜ੍ਹਾ ਜਿਹਾ ਹੀ ਵਕਤ ਸਵਰਗ ਸਾਮਾਨ! ਉਹਨੂੰ ਖੌਰੇ ਕਿਸ ਦੀ ਅਸੀਸ ਕਰਕੇ ਮਿਲ ਗਿਆ! ਉਹ ਘਰ ਵੱਲ ਮੁੜਦੀ ਸਕੂਨ ਭਰੀ ਸਾਹ ਲੈ ਕੇ ਸੋਚ-ਮਹਿਸੂਸ ਕਰ ਰਹੀ ਸੀ...

ਉਹਨੇ ਇਕ ਨਜ਼ਰ ਪਿੱਛੇ ਮਾਰੀ। ਬਾਲਕ ਉਹਦੇ ਜ਼ਰਾ ਪਰੇ ਹੀ ਇਕ ਵੱਡੀ ਜਲਧਾਰਾ ਵਿਚੋਂ ਇਕ ਨਿੱਕੀ ਜਲਧਾਰ ਕੱਢ ਕੇ ਮੈਦਾਨ ਵਿਚ ਲੈ ਆਇਆ ਸੀ। ਉਹਨੇ ਗਿੱਲੀ ਰੇਤ ਨੂੰ ਜੋੜ-ਜੋੜ ਕੇ ਇਕ ਤਿਕੋਣੀ ਜਿਹੀ ਨਿਕਚੂ ਪਹਾੜੀ ਬਣਾ ਲਈ ਸੀ, ਇਕ ਮੰਦਰ ਜਿਹਾ। ਮੰਦਰ ਦੇ ਆਲੇ-ਦੁਆਲੇ ਇਕ ਨਿੱਕਾ ਵਿਹੜਾ ਤੇ ਉਸਨੂੰ ਘੇਰਦੀ ਇਕ ਦੀਵਾਰ। ਮੰਦਰ ਦੀ ਲਪਾਈ ਪੋਚਾਈ ਵਾਸਤੇ ਉਹਨੂੰ ਪਾਣੀ ਚਾਹੀਦਾ ਸੀ। ਸੋ ਉਹ ਇਕ ਨਿੱਕੀ ਜਲਧਾਰ ਬਣਾ ਕੇ ਨੇੜੇ ਲੈ ਆਇਆ ਸੀ। ਤੀਵੀਂ ਇਹ ਵੇਖ ਕੇ ਰੁਕੀ ਤੇ ਮੁਸਕਰਾਈ...

"ਤੁਮ ਕਿਆ ਬਨਾਤਾ ਹੈ"

"ਹਮ ਗਨਪਤੀ ਕਾ ਮੰਦਰ ਬਨਾਤਾ ਹੈ। ਅੱਛਾ ਬਨਾਇਆ ਹੈ ਨਾ!"

"ਹਾਂ ਬਹੁਤ ਅੱਛਾ" ਤੇ ਉਹ ਅੱਗੇ ਤੁਰ ਪਈ।

"ਤੁਮ ਘਰ ਕੋ ਜਾਤਾ ਹੈ?"

"ਹਾਂ", ਉਸਨੇ ਅੱਗੇ ਵਧਦਿਆਂ ਕਿਹਾ।

"ਦਰਿਆ ਮੇਂ ਨਹਾਏਗਾ ਨਹੀਂ?"

"ਨਹੀਂ, ਹਮਕੋ ਬਹੁਤ ਦੇਰ ਹੋ ਗਿਆ।"

"ਤੁਮਹਾਰਾ ਘਰ ਕਿਧਰ ਕੋ ਹੈ?"

"ਵੋਹ ਉਧਰ ਗਲੀ ਹੈ ਨਾ, ਉਸ ਕੇ ਪੀਛੇ ਕੋ। ਤੁਮਹਾਰਾ ਘਰ ਕਿਧਰ ਹੈ?" ਤੀਵੀਂ ਨੇ ਰੁਕ ਕੇ ਪੁੱਛਿਆ।

"ਵੋਹ ਬੜਾ ਹਾਟਲ ਹੈ ਨਾ-ਦੇਖਾ?"

"ਹਾਂ, ਵੋਹ ਨਾ।"

"ਉਸਕਾ ਬਾਜੂ ਮੇਂ ਜੋ ਖੋਲੀ ਹੈ ਨਾ।"

"ਹਾਂ, ਹਾਂ।"

"ਹਮ ਉਸਮੇਂ ਰਹਿਤਾ ਹੈ।"

"ਤੁਮਹਾਰਾ ਬਾਪ ਉਧਰ ਕਾਮ ਕਰਤਾ ਹੈ?"

"ਹਾਂ।"

"ਕਿਆ ਕਾਮ ਕਰਤਾ ਹੈ?"

"ਹੋਟਲ ਬਨਾਨੇ ਕੇ ਵਾਸਤੇ ਈਂਟ, ਪੱਥਰ ਉਠਾਤਾ ਹੈ।"

"ਤੁਮਹਾਰੀ ਮਾਂ ਹੈ?"

"ਹਾਂ, ਹੈ ਨਾ।"

"ਮਾਂ ਕਿਆ ਕਰਤਾ ਹੈ?"

"ਮਾਂ ਖੋਲੀ ਮੇਂ ਖਾਨਾ ਬਨਾਤਾ ਹੈ, ਕੱਪੜਾ ਧੋਤਾ ਹੈ।"

"ਕਿਆ ਖਾਨਾ ਬਨਾਤਾ ਹੈ?"

"ਦਾਲ, ਚਾਵਲ, ਰੋਟੀ, ਕਭੀ ਸਾਲਨ ਵੀ ਪਕਾਤਾ ਹੈ।"

"ਤੁਮਨੇ ਖਾਨਾ ਖਾਇਆ?"

"ਅਭੀ ਖੋਲੀ ਮੇਂ ਜਾ ਕਰ ਖਾਏਗਾ ਨਾ।"



"ਅੱਛਾ ਅਬ ਹਮ ਭੀ ਅਪਨੇ ਘਰ ਕੋ ਜਾਤਾ ਹੈ।"

"ਤੁਮ ਕਲ ਭੀ ਇਧਰ ਦਰਿਆ ਪਰ ਆਏਗਾ?" ਬੱਚੇ ਨੇ ਮਿੱਤਰਤਾ ਅਤੇ ਉਦਾਸੀ ਵਾਲੀ ਮੁਸਕੜੀ ਨਾਲ ਪੁੱਛਿਆ।

"ਹਾਂ ਆਏਗਾ ਕਲ ਭੀ।"

"ਆਏਗਾ ਨਾ ਜ਼ਰੂਰ?" ਬਾਲਕ ਨੇ ਫੇਰ ਪੁੱਛਿਆ।

"ਹਾਂ, ਜ਼ਰੂਰ। ਤੁਮ ਭੀ ਆਓਗੇ ਨਾ?"

ਬਾਲਕ ਦੇ ਚਿਹਰੇ 'ਤੇ ਸੰਤੁਸ਼ਟੀ ਭੋਲੀ ਮੁਸਕੜੀ ਸੀ।

"ਹਾਂ, ਆਏਗਾ ਨਾ।" ਤੇ ਉਹ ਰੇਤ ਦੇ ਬਣਾਏ ਮੰਦਰ ਦੇ ਆਲੇ-ਦੁਆਲੇ ਪਾਣੀ ਛਿੜਕਣ ਲੱਗ ਪਿਆ...

ਤੀਵੀਂ ਰੇਤੀਲਾ ਮੈਦਾਨ ਪਾਰ ਕਰਦੀ ਆਪਣੇ ਘਰ ਵੱਲ ਤੁਰ ਪਈ ਸੀ, ਮਨ ਪ੍ਰਸੰਨ ਤੇ ਹਲਕੀ-ਫੁਲਕੀ ਜਿਹੀ ਮਹਿਸੂਸ ਕਰਦੀ, ਮਨ ਹੀ ਮਨ ਸੋਚਦੀ, 'ਘਰ ਬਾਹਰ ਦੀਆਂ ਅਨੇਕਾਂ ਜ਼ਿੰਮੇਵਾਰੀਆਂ-ਪ੍ਰੇਸ਼ਾਨੀਆਂ ਤੋਂ ਅੱਜ ਥੋੜ੍ਹੀ ਦੇਰ ਲਈ ਕਿਵੇਂ ਕਿਤਨੀ ਸਹਿਜਤਾ ਨਾਲ ਨਿਜਾਤ ਮਿਲ ਗਈ ਇਥੇ ਅੱਜ ਸਵੇਰੇ! ਮਨ, ਤਨ ਤੋਂ ਕਿਵੇਂ ਭਾਰ ਲਹਿ ਗਿਆ ਸੀ। ਕਿਤਨੀ ਨਰੋਈ ਤੇ ਸਿਹਤਮੰਦ ਮਹਿਸੂਸ ਕਰ ਰਹੀ ਸੀ ਉਹ! ਕਿਵੇਂ ਉਹਨੂੰ ਅੱਜ ਇਹ ਨਿੱਕਾ ਭੋਲਾ ਬਾਲਕ ਸੰਗੀ ਮਿਲ ਗਿਆ, ਨਿੱਕਾ ਜਿਹਾ ਦੋਸਤ...'ਇਸ ਵਰਦਾਨ ਲਈ ਕਿਸ ਨੂੰ ਸ਼ੁਕਰੀਆ ਕਰਾਂ?', ਉਹ ਸਮੁੰਦਰ ਦਾ ਰੇਤੀਲਾ ਕਿਨਾਰਾ ਪਾਰ ਕਰਦੀ ਸੋਚ ਰਹੀ ਸੀ ਕਿ

"ਮੇਮ ਸਾਬ੍ਹ, ਓਹ ਮੇਮ ਸਾਬ੍ਹ!" ਦੀ ਹਾਕ ਆਈ ਪਿੱਛੋਂ ਦੀ। ਉਹਨੇ ਕੁਝ ਤ੍ਰਭਕ ਕੇ ਪਿੱਛੇ ਦੇਖਿਆ...ਬਾਲਕ ਦੌੜਦਾ ਉਹਦੇ ਵੱਲ ਆ ਰਿਹਾ ਸੀ...

"ਮੇਮ ਸਾਬ੍ਹ, ਓਹ ਮੇਮ ਸਾਬ੍ਹ! ਪੈਸਾ ਦੋ ਨਾ, ਪੈਸਾ...ਖਾਨੇ ਕੋ ਕੁਛ ਨਹੀਂ।" ਬਾਲਕ ਤਲੀ ਅੱਡ ਕੇ ਉਹਦੇ ਵੱਲ ਵਧ ਰਿਹਾ ਸੀ, ਭਿਖਾਰੀ ਵਾਂਗ ਗਿੜਗੜਾਉਂਦਾ...

ਤੀਵੀਂ ਨੇ ਸੁੰਨ ਜਿਹੀ ਹੋ ਕੇ ਬਾਲਕ ਵੱਲ ਤੱਕਿਆ ਤੇ ਫੇਰ ਤੇਜ਼ ਕਦਮ ਆਪਣੇ ਘਰ ਵੱਲ ਮੁੜ ਗਈ...

ਤੀਵੀਂ ਦੀ ਇਕ-ਡੇਢ ਘੰਟੇ ਦੀ ਛੁੱਟੀ, ਤਫ਼ਰੀਹ ਪਲਾਂ ਵਿਚ ਉੱਡ-ਪੁੱਡ ਗਈ ਸੀ ਏਸ ਗਿੜਗੜਾਉਂਦੀ ਪੁਕਾਰ ਨਾਲ...ਦੇਸ਼ ਦੀ ਇਕ ਪੜ੍ਹੀ-ਲਿਖੀ, ਕੁਝ ਸੋਚਣ ਸਮਝਣ ਵਾਲੀ ਨਾਗਰਿਕ ਹੋਣ ਕਰਕੇ। ਘਰ-ਬਾਹਰ ਤੇ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਦਾ ਬੋਝ, ਬਲੱਡ ਪ੍ਰੈਸ਼ਰ, ਫੇਰ ਉਸਦੇ ਸਰੀਰ, ਦਿਮਾਗ 'ਤੇ ਹਾਵੀ ਹੋ ਗਿਆ ਸੀ।

ਤੇ ਨਿੱਕਾ, ਭੋਲਾ ਬਾਲ! ਉਹਦੀ ਛੁੱਟੀ, ਉਸਦੀਆਂ ਫ਼ੁਰਸਤ ਦੀਆਂ ਘੜੀਆਂ ਵੀ ਤਾਂ ਮੁੱਕ ਗਈਆਂ ਸਨ, ਸ਼ਾਇਦ! ਮੁੰਬਈ ਦੀ ਜਿਸ ਜਮਾਤ ਦਾ ਨੁਮਾਇੰਦਾ ਹੋਣ ਕਰਕੇ, ਉਸ ਜਮਾਤ ਦੀਆਂ ਗ੍ਰਿਹਸਥੀ, ਆਰਥਿਕ, ਸਮਾਜੀ, ਧਾਰਮਿਕ, ਕਲਾਤਮਕ ਜ਼ਿੰਮੇਵਾਰੀਆਂ-ਕਰਤਵਾਂ ਦਾ ਬੋਝ ਮਨ-ਤਨ ਤੋਂ ਚੁੱਕ ਕੇ ਦਰਅਸਲ ਉਹ ਜੁਹੂ ਸਮੁੰਦਰ ਕੰਢੇ ਆਇਆ ਸੀ ਜਾਂ ਭੇਜਿਆ ਗਿਆ ਸੀ, ਉਸ ਨੂੰ। ਉਹ ਵੀ ਤਾਂ ਘੰਟੇ ਡੇਢ ਘੰਟੇ ਲਈ ਭੁੱਲ ਤਨ ਮਨ ਤੋਂ ਹੌਲਾ ਹੋ, ਸਿਰਫ਼ ਇਕ ਬਾਲਕ ਦੇ ਅਸਲੀ ਰੂਪ ਵਿਚ ਤੀਵੀਂ ਦਾ ਖੇਡ ਸਾਥੀ ਬਣ ਗਿਆ ਸੀ। ਓਸ ਫਰਿਸ਼ਤੇ ਰੂਪ ਨੂੰ ਉਹ ਵੀ ਤਾਂ ਭੁੱਲ ਗਿਆ ਸੀ...□□

[Ikram, Balraj Sahni Marg, Juhu, Mumbai]

# ਲੈਣਾ ਦੇਣਾ

## ਬਲਦੇਵ ਸਿੰਘ ਲੰਡਨ

ਇਕ ਨੌਜਵਾਨ ਗੋਰਾ ਮੁੰਡਾ, ਬੱਸ 'ਚ ਅਗਲੀਆਂ, ਬੁੱਢੇ ਲਾਚਾਰ ਲੋਕਾਂ ਲਈ ਰਾਖਵੀਆਂ ਸੀਟਾਂ 'ਤੇ ਲੱਤਾਂ ਪਸਾਰੀ ਬੈਠਾ ਸੀ। ਸੀ ਵੀ ਡਰੱਗੀ ਜਾਪਦਾ ਤੇ ਚਿਹਰਾ ਵੀ ਕੁਰੱਖਤ, ਘਿਰਣਾ ਨਾਲ ਭਰਿਆ ਹੋਇਆ ਸੀ। ਲੋਕਾਂ ਵੱਲ ਇਝ ਦੇਖ ਰਿਹਾ ਸੀ ਜਿਵੇਂ ਉਹ ਕੀੜੇ ਕਾਢੇ ਹੋਣ ਤੇ ਉਹਨਾਂ ਨੂੰ ਮਾਰ ਦੇਣਾ ਚਾਹੁੰਦਾ ਹੋਵੇ। ਬੈਠਾ ਵੀ ਇੰਝ ਸੀ ਕਿ ਦੋਵੇਂ ਆਹਮੋ ਸਾਹਮਣੀਆਂ ਸੀਟਾਂ, ਜਿਹਨਾਂ 'ਤੇ ਚਾਰ ਬੰਦੇ ਬੈਠ ਸਕਦੇ ਹਨ, ਉਹਨੇ ਮੱਲੀਆਂ ਹੋਈਆਂ ਸਨ। ਆਪਣੇ ਨਾਲ ਦੀ ਸੀਟ 'ਤੇ ਬੈਗ ਰੱਖਿਆ ਹੋਇਆ ਸੀ ਤੇ ਮੋਹਰਲੀਆਂ ਸੀਟਾਂ 'ਤੇ ਲੱਤਾਂ ਪਸਾਰੀਆਂ ਹੋਈਆਂ ਸਨ। ਬੈਠਾ ਵੀ ਇੰਝ ਸੀ ਜਿਵੇਂ ਅੱਧਲੇਟਿਆ ਹੋਵੇ।

ਬੱਸ ਭਰੀ ਹੋਈ ਸੀ। ਕਈ ਬੰਦੇ ਖੜ੍ਹੇ ਸਨ। ਇਕ ਗੋਰਾ ਬੁੱਢਾ ਤੇ ਬੁੱਢੀ ਵੀ ਖੜ੍ਹੇ ਸਨ, ਜਿਹੜੇ ਬਹੁਤ ਸ਼ਰੀਫ ਹੋਣ ਕਰਕੇ ਉਹਦੀ ਵੱਲ ਦੇਖ ਵੀ ਰਹੇ ਸਨ ਤੇ ਮੁਸਕਰਾ ਵੀ। ਉਹਨਾਂ ਦੀ ਮੁਸਕਰਾਹਟ ਜਿਵੇਂ ਕਹਿ ਰਹੀ ਹੋਵੇ, "ਦੇਖੋ ਇਸ ਪਸ਼ੂ ਵੱਲ! ਇਹਨੂੰ ਕਿਸੇ ਦੂਸਰੇ ਦਾ ਉੱਕਾ ਕੋਈ ਖਿਆਲ ਨਹੀਂ। ਸੀਟਾਂ ਉੱਪਰ ਲਿਖਿਆ ਹੋਇਆ ਵੀ ਹੈ ਕਿ ਇਹ ਸੀਟਾਂ ਬੁੱਢੇ ਤੇ ਲਾਚਾਰ ਲੋਕਾਂ ਲਈ ਹਨ। ਫਿਰ ਵੀ ਲੱਤਾਂ ਪਸਾਰੀ ਬੈਠਾ ਹੈ!"

ਇਕ ਕਾਲਾ ਤੇ ਦੋ ਪੰਜਾਬੀ ਉਹਦੀ ਵੱਲ ਘੂਰ ਰਹੇ ਸਨ ਪਰ ਕਿਸੇ ਨੇ ਵੀ ਉਹਨੂੰ ਕਿਹਾ ਕੁਝ ਨਹੀਂ ਸੀ। ਜਾਂ ਇਹ ਸਮਝਦੇ ਹੋਣ ਕਿ ਕਿਉਂ ਮੁਸੀਬਤ 'ਚ ਫਸਣਾਂ? ਕੀ ਪਤਾ ਪੰਕ ਦਾ? ਕਿਧਰੇ ਗਲ ਹੀ ਨਾ ਪੈ ਜਾਵੇ?

ਏਨੇ ਨੂੰ ਬੱਸ ਇਕ ਸਟਾਪ 'ਤੇ ਰੁਕੀ ਤਾਂ ਇਕ ਗੁਜਰਾਤਣ ਔਰਤ ਚੜ੍ਹੀ, ਜਿਹਦੇ ਹੱਥ 'ਚ ਸੋਟੀ ਸੀ। ਉਮਰ 70 ਦੇ ਕਰੀਬ ਤੇ ਸਾੜ੍ਹੀ ਪਹਿਨੀ ਹੋਈ ਸੀ। ਵਾਲ਼ ਕਾਲੇ ਰੰਗੇ ਹੋਏ, ਸਾਫ-ਸੁਥਰਾ ਚਿਹਰਾ, ਬੁੱਲ੍ਹਾਂ 'ਤੇ ਲਾਲ ਲਿਪਸਟਿਕ, ਮੱਥੇ 'ਤੇ ਬਿੰਦੀ ਤੇ ਸੋਹਣੀਆਂ ਨਵੇਂ ਢੰਗ ਦੀਆਂ ਜਚਦੀਆਂ ਫੱਬਦੀਆਂ ਐਨਕਾਂ। ਹੱਥ 'ਚ ਛੋਟਾ ਜਿਹਾ ਬੈਗ ਸੀ। ਉਹਨੇ ਇਕ ਦੋ ਮਿੰਟ ਏਧਰ ਉਧਰ ਦੇਖਿਆ ਤੇ ਜਿਵੇਂ ਇਕਦਮ ਸਾਰੀ ਸਥਿਤੀ ਨੂੰ ਸਮਝ ਕੇ, ਉਹ ਗੋਰੇ ਮੁੰਡੇ ਨੂੰ ਸੰਬੋਧਨ ਕਰਦੀ ਅੰਗਰੇਜ਼ੀ 'ਚ ਬੋਲੀ, "ਨੌਜਵਾਨ ਮੁੰਡਿਆ, ਆਪਣੀਆਂ ਟੰਗਾਂ ਚੁੱਕ! ਮੈਨੂੰ ਵੀ ਬੈਠਣ ਦੇਹ।"

ਗੋਰੇ ਮੁੰਡੇ ਨੇ ਹੈਰਾਨੀ ਤੇ ਨਫਰਤ ਦੀ ਮਿਲੀ ਜੁਲੀ ਤੱਕਣੀ ਨਾਲ, ਉਸ ਵੱਲ ਇੰਝ ਤੱਕਿਆ ਜਿਵੇਂ ਪੁੱਛਣਾ ਚਾਹੁੰਦਾ ਹੋਵੇ ਕਿ ਤੂੰ ਮੈਨੂੰ ਇਹ ਗੱਲ ਕਹਿਣ ਦੀ ਦਲੇਰੀ ਕਿਵੇਂ ਕੀਤੀ?

ਗੁਜਰਾਤਣ ਔਰਤ ਨੇ ਮੁਸਕਰਾਉਂਦਿਆਂ ਦੁਬਾਰਾ ਉਹੀ ਸ਼ਬਦ ਕਹੇ ਤਾਂ ਉਹ ਪਲ ਕੁ ਲਈ ਉਹਦੀ ਵਲ ਤੱਕ ਕੇ, ਸਾਵਧਾਨ ਹੋ ਕੇ ਬੈਠ ਗਿਆ ਤੇ ਉਹ ਬਜ਼ੁਰਗ ਔਰਤ ਡਟ ਕੇ ਉਹਦੇ ਨਾਲ ਲੱਗ ਕੇ ਬੈਠ ਗਈ। ਬੈਠੀ ਵੀ ਇਸ ਤਰ੍ਹਾਂ ਜਿਵੇਂ ਉਹਨੂੰ ਧੱਕ ਕੇ ਪਰ੍ਹਾਂ ਕਰ ਦਿੱਤਾ ਜਾਂ ਉਹ ਆਪ ਹੀ ਸ਼ਰਮਿੰਦਾ ਹੋਇਆ ਸੁੰਗੜ ਜਿਹਾ ਗਿਆ। ਫੇਰ ਉਸ ਔਰਤ ਨੇ ਬੁੱਢੇ ਗੋਰੇ ਤੇ ਗੋਰੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਦੇਖਦੇ ਕੀ ਹੋ? ਆਓ ਬੈਠੋ ਤੁਸੀਂ ਵੀ। ਇਹ ਸੀਟਾਂ ਬੈਠਣ ਲਈ ਹੀ ਹਨ।"

ਬੁੱਢੇ ਗੋਰੇ ਤੇ ਗੋਰੀ ਨੇ ਉਸ ਔਰਤ ਦਾ ਧੰਨਵਾਦ ਕਰਦਿਆਂ 'ਥੈਂਕ ਯੂ' ਕਿਹਾ ਤੇ ਉਹਨਾਂ ਦੇ



ਸਾਹਮਣੇ ਬੈਠ ਗਏ। ਹੁਣ ਗੋਰੇ ਮੁੰਡੇ ਤੋਂ ਬਿਨਾਂ ਸਾਰੇ ਲੋਕਾਂ ਦੇ ਚਿਹਰੇ 'ਤੇ ਮੁਸਕਾਨ ਸੀ, ਜਿਵੇਂ ਸਾਰੇ ਸੁਖ ਦਾ ਸਾਹ ਲੈਂਦੇ ਇਹ ਸੋਚ ਰਹੇ ਹੋਣ ਕਿ ਚੰਗਾ ਹੋਇਆ ਬਲਾ ਟਲੀ। ਨਹੀਂ ਤਾਂ ਅੱਜ ਕੱਲ੍ਹ ਅਜਿਹੇ ਡਰੱਗੀ ਮੁੰਡਿਆਂ ਦਾ ਕੀ ਪਤਾ ਕੀ ਕਰ ਦੇਣ? ਹਰ ਰੋਜ਼ ਕੋਈ ਨਾ ਕੋਈ ਇਹੋ ਜਿਹੀ ਘਟਨਾ ਜ਼ਰੂਰ ਵਾਪਰ ਰਹੀ ਹੈ। ਮਾੜੀ ਜਿਹੀ ਗੱਲ ਤੋਂ ਲੋਕ ਚਾਕੂ ਕੱਢ ਮਾਰਦੇ ਹਨ।

ਮੈਂ ਇਸ ਗੁਜਰਾਤਣ ਔਰਤ ਨੂੰ ਜਾਣਦਾ ਤਾਂ ਕਈ ਸਾਲਾਂ ਤੋਂ ਸੀ ਪਰ ਪਹਿਚਾਣਿਆ ਪਹਿਲੀ ਵਾਰ ਸੀ। ਮੈਂ ਤਾਂ ਕਦੀ ਸੋਚਿਆ ਹੀ ਨਹੀਂ ਸੀ ਕਿ ਇਹਦੇ 'ਚ ਏਨਾ ਹੌਸਲਾ ਹੋਵੇਗਾ? ਫੇਰ ਇੰਡੀਅਨ ਤੇ ਬਜ਼ੁਰਗ ਔਰਤ ਹੁੰਦਿਆਂ ਏਨੀ ਗੱਲ ਕਹਿਣ ਦਾ ਜੇਰਾ ਕਰ ਸਕਦੀ ਸੀ? ਬੱਸ ਉਸ ਦਿਨ ਤੋਂ ਮੈਨੂੰ ਉਹਦੀ ਕਦਰ ਹੋ ਗਈ ਸੀ।

ਫੇਰ ਮੈਨੂੰ ਪਤਾ ਲੱਗਾ ਕਿ ਉਹ ਤਾਂ ਕੈਂਸਰ ਦੀ ਮਰੀਜ਼ ਸੀ। ਇਕ ਛਾਤੀ ਵੀ ਕੱਟੀ ਹੋਈ ਸੀ। ਸ਼ੂਗਰ ਦੀ ਬੀਮਾਰੀ ਵੀ ਸੀ। ਦਿਹਾੜੀ 'ਚ ਦੋ ਤਿੰਨ ਟੀਕੇ ਵੀ ਜ਼ਰੂਰ ਲਾਉਂਦੀ ਸੀ। ਚੈੱਕ-ਅੱਪ ਲਈ ਹਸਪਤਾਲ ਜਾਣਾ ਪੈਂਦਾ ਸੀ ਤੇ ਹੁੰਦੀ ਵੀ ਇਕੱਲੀ ਸੀ। ਉਂਞ ਉਹਦੇ ਦੋ ਪੁੱਤਰ ਤੇ ਦੋ ਧੀਆਂ ਵੀ ਸਨ। ਇਕ ਪੁੱਤਰ ਡਾਕਟਰ ਸੀ ਤੇ ਇਕ ਧੀ ਅਮਰੀਕਾ ਰਹਿੰਦੀ ਸੀ। ਛੋਟੀ ਧੀ ਦੇ ਦੋ ਜਵਾਨ ਪੁੱਤਰ ਵੀ ਸਨ। ਉਹਦੇ ਪਤੀ ਦੀ ਮੌਤ ਹੋ ਚੁੱਕੀ ਸੀ। ਉਹ ਇਕੱਲੀ ਰਹਿੰਦੀ ਸੀ।

ਸਾਡੀ ਸੜਕ 'ਤੇ ਹੀ ਰਹਿੰਦੀ ਸੀ। ਆਉਂਦੇ ਜਾਂਦੇ ਨਮਸਤੇ ਹੁੰਦੀ। ਇਕੱਲੇ ਮੇਰੇ ਨਾਲ ਹੀ ਨਹੀਂ, ਸਾਰਿਆਂ ਨਾਲ। ਉਹ ਹਰੇਕ ਨੂੰ ਜ਼ਰੂਰ ਬੁਲਾ ਲੈਂਦੀ ਸੀ। ਬੁੱਢਾ ਹੋਵੇ ਚਾਹੇ ਜਵਾਨ, ਨਮਸਤੇ ਜ਼ਰੂਰ ਕਹਿੰਦੀ। ਉਹਦੀ ਬੋਲ-ਬਾਣੀ ਵੀ ਏਨੀ ਮਿੱਠੀ ਹੁੰਦੀ ਜਿਵੇਂ ਮੂੰਹੋਂ ਫੁੱਲ ਝੜ ਰਹੇ ਹੋਣ। ਗੋਰਿਆਂ ਨਾਲ ਵੀ ਤੇ ਕਾਲਿਆਂ ਨਾਲ ਵੀ ਗੱਲ ਕਰਦੀ। ਸੁੱਖਸਾਂਦ ਪੁੱਛਦੀ। ਉਹਦੀ ਅੰਗਰੇਜ਼ੀ ਵੀ ਸੋਹਣੀ ਅਤੇ ਹਿੰਦੀ ਵੀ ਵਧੀਆ ਸੀ। ਗੁਜਰਾਤੀ ਤਾਂ ਆਪੇ ਵਧੀਆ ਹੋਣੀ ਸੀ।

ਮੈਨੂੰ ਹੈਰਾਨੀ ਇਸ ਗੱਲ ਕਰਕੇ ਵੀ ਹੁੰਦੀ ਸੀ ਕਿ ਉਹਦੀ ਜ਼ੁਬਾਨ 'ਤੇ ਕਦੀ ਵੀ ਦੁੱਖ ਤਕਲੀਫ ਦਾ ਜ਼ਿਕਰ ਨਹੀਂ ਸੀ ਹੁੰਦਾ। ਮੈਂ ਉਹਨੂੰ ਇਹ ਕਹਿੰਦਿਆਂ ਕਦੀ ਨਹੀਂ ਸੀ ਸੁਣਿਆ ਕਿ ਮੈਨੂੰ ਆਹ ਬੀਮਾਰੀ ਹੈ। ਮੈਂ ਦੁਖੀ ਹਾਂ। ਇਕੱਲੀ ਹਾਂ। ਕੀ ਕਰਾਂ? ਮੇਰਾ ਕੀ ਬਣੂਗਾ? ਹਾਲੀ ਤਾਂ ਤੁਰ ਫਿਰ ਰਹੀ ਆਂ, ਫੇਰ ਇਕ ਦੋ ਸਾਲ ਬਾਅਦ ਕੀ ਹੋਵੇਗਾ?

...ਹਾਂ, ਇਕ ਵਾਰ ਜਦ ਮੈਂ ਸਵੇਰੇ ਸੈਰ ਤੋਂ ਬਾਅਦ ਘਰ ਵਾਪਸ ਆ ਰਿਹਾ ਸੀ ਤਾਂ ਉਹ ਆਪਣੇ ਘਰ ਮੋਹਰੇ, ਸੜਕ 'ਤੇ ਖੜ੍ਹੀ ਸੀ। ਮੈਨੂੰ ਦੇਖਦਿਆਂ ਹੀ, ਆਪਣੀ ਆਦਤ ਅਨੁਸਾਰ ਦੋਵੇਂ ਹੱਥ ਜੋੜ ਕੇ ਨਮਸਤੇ ਬੁਲਾਈ।

ਮੈਂ ਨਮਸਤੇ ਦਾ ਉੱਤਰ ਦਿੰਦਿਆਂ ਪੁੱਛਿਆ, "ਸੁੱਖ ਤਾਂ ਹੈ? ਇਸ ਵੇਲੇ ਸਵੇਰੇ ਬਾਹਰ ਖੜ੍ਹੇ ਹੋ?"

"ਭਾਈ ਸਾਹਿਬ, ਕੋਈ ਤਕਲੀਫ ਨਹੀਂ। ਸਭ ਕੁਝ ਠੀਕ ਠਾਕ ਹੈ", ਉਹਨੇ ਹਿੰਦੀ 'ਚ ਕਿਹਾ, "ਅੱਜ ਗਰਮੀ ਬਹੁਤ ਸੀ। ਚੰਗੀ ਤਰ੍ਹਾਂ ਨੀਂਦ ਨਹੀਂ ਆਈ। ਮੈਂ ਸੋਚਿਆ: ਚਲੋ ਨੀਂਦ ਨਹੀਂ ਆਈ, ਨਾ ਸਹੀ। ਬਾਹਰ ਨਿਕਲ ਕੇ ਹਵਾ ਲੈਂਦੇ ਹਾਂ...ਤੇ ਮੈਂ ਏਥੇ ਖੜ੍ਹੀ ਹੋ ਗਈ। ਹੁਣ ਤੁਸੀਂ ਮਿਲ ਪਏ, ਦੱਸੋ ਕੀ ਹਾਲ ਹੈ ਤੁਹਾਡਾ?"

ਫੇਰ ਉਹਨੇ ਆਪਣੀ ਆਦਤ ਅਨੁਸਾਰ ਗੱਲਾਂ ਦੀ ਐਸੀ ਲੜੀ ਸ਼ੁਰੂ ਕਰ ਦਿੱਤੀ, ਜਿਹੜੀ

ਮੁੱਕਣ 'ਚ ਹੀ ਨਹੀਂ ਸੀ ਆਉਂਦੀ। ਤੱਤ ਇਹ ਸੀ ਕਿ ਉਹਦੇ ਪਤੀ ਦੀ ਮੌਤ ਤੋਂ ਬਾਅਦ ਉਹਦਾ ਜਵਾਈ ਜਾਂ ਮੁੰਡਾ, ਕੋਈ ਨਾ ਕੋਈ, ਉਹਦੇ ਘਰ ਰਾਤ ਨੂੰ ਜ਼ਰੂਰ ਸੌਂਦਾ ਸੀ ਤਾਂ ਜੁ ਉਹ ਇਕੱਲੀ ਮਹਿਸੂਸ ਨਾ ਕਰੇ।

ਪਰ ਇਕ ਵਾਰ ਉਹਨੇ ਆਪਣੇ ਜਵਾਈ ਤੇ ਪੁੱਤਰ ਦੀਆਂ ਗੱਲਾਂ ਕੁਦਰਤੀ ਸੁਣ ਲਈਆਂ।

ਦੋਵੇਂ ਸੋਚ ਰਹੇ ਸਨ ਕਿ ਇਸ ਬੁੱਢੀ ਨੇ ਪਤਾ ਨਹੀਂ ਕਦੋਂ ਮਰਨਾ ਹੈ। ਇਹ ਤਾਂ ਏਨੀਆਂ ਬੀਮਾਰੀਆਂ ਦੇ ਹੁੰਦਿਆਂ ਹੋਇਆਂ ਵੀ ਘੋੜੀ ਵਰਗੀ ਹੈ। ਕਿਸੇ ਤਰ੍ਹਾਂ ਇਹਨੂੰ ਪਤਿਆ ਕੇ ਨਰਸਿੰਗ-ਹੋਮ 'ਚ ਪਾ ਕੇ ਮਕਾਨ ਵੇਚ ਦੇਈਏ। ਨਹੀਂ ਤਾਂ ਆਪਾਂ ਨੂੰ ਕੁਝ ਨਹੀਂ ਮਿਲਣ ਵਾਲਾ। ਏਸ ਬੁੱਢੀ ਦਾ ਕੀ ਪਤਾ ਕੀ ਕਰ ਦੇਵੇ? ਕਿਹਨੂੰ ਮਕਾਨ ਦੇ ਦੇਵੇ?

ਉਹ ਕਹਿਣ ਲੱਗੀ, "ਬੱਸ ਭਾਈ ਸਾਹਿਬ, ਉਸ ਦਿਨ ਤੋਂ ਮੈਂ ਉਹਨਾਂ ਸਾਰਿਆਂ ਦੀ ਛੁੱਟੀ ਕਰ ਦਿੱਤੀ। ਇਕੱਲੀ ਰਹਿੰਦੀ ਹਾਂ। ਇਹ ਮੇਰੇ ਪਤੀ ਦੀ ਜਾਇਦਾਦ ਹੈ। ਜਦ ਤਕ ਮੈਂ ਹਾਂ, ਮੈਂ ਛੱਡਣ ਨਹੀਂ ਲੱਗੀ। ਮੈਂ ਮਰੂੰਗੀ ਤਾਂ ਇਸ ਘਰ 'ਚ...।"

ਉਹ ਕੁਝ ਦੇਰ ਰੁਕੀ ਤੇ ਫਿਰ ਬੋਲੀ, "ਦੇਖੋ ਨਾ ਭਾਈ ਸਾਹਿਬ, ਅਸੀਂ ਇਹ ਘਰ ਪਿਆਰ ਨਾਲ ਖਰੀਦਿਆ ਸੀ। ਸਾਰੇ ਬੱਚੇ ਇਥੇ ਜੰਮੇ ਤੇ ਜਵਾਨ ਹੋਏ। ਹੁਣ ਉਹ ਨਹੀਂ ਤਾਂ ਇਹਦਾ ਮਤਲਬ ਇਹ ਨਹੀਂ ਕਿ ਉਹਦੀ ਯਾਦ ਵੀ ਨਹੀਂ। ਮੈਨੂੰ ਤਾਂ ਹਾਲੀ ਵੀ ਉਹ ਜੀਂਦਾ ਜਾਪਦੈ। ਘਰ 'ਚ ਤੁਰਿਆ ਫਿਰਦਾ...(ਹੱਸਦੀ ਹੋਈ) ਕਈ ਵਾਰ ਰਾਤ ਨੂੰ ਇੰਝ ਵੀ ਜਾਪਦਾ ਜਿਵੇਂ ਮੇਰੇ ਨਾਲ ਸੁੱਤਾ ਪਿਆ...।"

ਉਹ ਕਿੰਨਾ ਚਿਰ ਖਿੜਖਿੜਾ ਕੇ ਹੱਸਦੀ ਰਹੀ ਤੇ ਮੈਂ ਵੀ ਹੱਸਣ ਲੱਗ ਪਿਆ।

ਉਹਦੇ 'ਚ ਕੋਈ ਨੁਕਸ ਸੀ ਤਾਂ ਇਹੋ ਕਿ ਉਹਦੀ ਗੱਲ ਕਦੀ ਮੁੱਕਦੀ ਨਹੀਂ ਸੀ। ਗੱਲ 'ਚੋਂ ਗੱਲ ਨਿਕਲਦੀ ਹੀ ਰਹਿੰਦੀ ਸੀ। ਕਈ ਵਾਰ ਬੰਦੇ ਉਹਦੇ ਕੋਲੋਂ ਅੱਕ ਵੀ ਜਾਂਦੇ ਸਨ। ਕਈ ਵਾਰ ਤਾਂ ਮੈਂ ਵੀ ਉਹਨੂੰ ਵੇਖ ਕੇ ਰਸਤਾ ਬਦਲ ਲੈਂਦਾ ਸੀ।

ਇਕ ਵਾਰ ਗੱਲਾਂ ਦੇ ਦੌਰਾਨ ਮੈਂ ਪੁੱਛਿਆ, "ਤੁਹਾਡਾ ਦਿਲ ਕਦੀ ਘਬਰਾਉਂਦਾ ਨਹੀਂ?"

ਕਹਿਣ ਲੱਗੀ, "ਘਬਰਾਉਂਦਾ ਤਾਂ ਹੈ, ਪਰ ਕੀ ਕੀਤਾ ਜਾਵੇ? ਨਾ ਅਸੀਂ ਇਕਦਮ ਅਗਾਂਹ ਛਾਲ ਮਾਰ ਸਕਦੇ ਹਾਂ ਤੇ ਨਾ ਪਿੱਛੇ ਪਰਤ ਸਕਦੇ ਹਾਂ। ਕਿਉਂ ਨਹੀਂ ਹਾਲ ਦੀ ਘੜੀ 'ਚ, ਜਿਹੋ ਜਿਹੀ ਵੀ ਹੈ, ਸਬਰ ਨਾਲ ਰਹੀਏ?"

ਮੈਂ ਕਿੰਨਾ ਚਿਰ ਹੈਰਾਨ ਹੋਇਆ ਉਹਦੇ ਮੂੰਹ ਵੱਲ ਦੇਖਦਾ ਰਿਹਾ ਕਿ ਇਸ ਔਰਤ ਨੂੰ ਜ਼ਿੰਦਗੀ ਦਾ ਕਿੰਨਾ ਡੂੰਘਾ ਅਨੁਭਵ ਹੈ।

ਏਨੇ ਨੂੰ ਉਹ ਕਹਿਣ ਲੱਗੀ, "ਭਾਈ ਸਾਹਿਬ, ਸਾਰਾ ਕਸ਼ਟ ਦੁਚਿੱਤੀ 'ਚ ਹੈ। ਦੁਚਿੱਤੀ ਨਹੀਂ ਤਾਂ ਚਿੰਤਾ ਵੀ ਨਹੀਂ। ਜੇਕਰ ਤੁਹਾਡੇ ਸਾਹਮਣੇ ਚੋਣ ਹੈ ਤਾਂ ਕਿਉਂ ਨਹੀਂ ਚੰਗੀ ਚੋਣ ਕਰਦੇ? ਮੈਂ ਜੀਣ ਦਾ ਫੈਸਲਾ ਕੀਤਾ ਹੈ ਤਾਂ ਚੀਕਣ ਦਾ ਕੋਈ ਅਰਥ ਨਹੀਂ। ਮੈਂ ਖ਼ੁਸ਼ ਹਾਂ। ਘਬਰਾਹਟ ਕਾਹਦੀ?...ਦੂਸ ਇਸ ਮੁਲਕ 'ਚ ਤਾਂ ਸਹੂਲਤਾਂ ਵੀ ਬਹੁਤ ਹਨ...।"



ਫੇਰ ਮੈਨੂੰ ਇਹ ਵੀ ਪਤਾ ਲੱਗਾ ਕਿ ਉਹ ਲੋਕਾਂ ਦੇ ਛੋਟੇ ਮੋਟੇ ਕੰਮ ਵੀ ਕਰਦੀ ਰਹਿੰਦੀ ਸੀ। ਅੰਗਰੇਜ਼ੀ ਸੋਹਣੀ ਹੋਣ ਕਰਕੇ ਗਲੀ ਗੁਆਂਢ 'ਚ ਦੋਭਾਸ਼ੀਏ ਦੇ ਤੌਰ 'ਤੇ ਵੀ ਮਸ਼ਹੂਰ ਸੀ। ਡਾਕਟਰ ਦੇ ਜਾਣਾ ਹੋਵੇ, ਕੌਂਸਲ 'ਚ ਕੋਈ ਕੰਮ ਹੋਵੇ ਜਾਂ ਕੋਈ ਚੀਜ਼ ਖਰੀਦਣੀ ਹੋਵੇ ਤਾਂ ਨਾਲ ਵੀ ਚਲੀ ਜਾਂਦੀ ਸੀ।

ਇਕ ਵਾਰ ਮੇਰੀ ਪਤਨੀ ਨੂੰ ਕਿਸੇ ਨੇ ਦੱਸਿਆ ਕਿ ਉਹ ਤਰਨ ਜਾਂਦੀ ਹੈ, ਤੂੰ ਉਹਨੂੰ ਪੁੱਛ ਕੇ ਦੇਖ। ਜੇਕਰ ਤੈਨੂੰ ਨਾਲ ਲੈ ਜਾਇਆ ਕਰੇ, ਸਾਥ ਬਣ ਜਾਊ। ਉਹ ਉਹਦੇ ਘਰ ਗਈ ਤਾਂ ਬੜਾ ਹੈਰਾਨ ਹੋਈ ਕਿ ਉਹਦੇ ਘਰ 'ਚ ਸਭ ਕੁਝ ਸੀ। ਸਾਰੀਆਂ ਸੁਖ ਸਹੂਲਤਾਂ ਸਨ। ਉਹਨੇ ਕਸਰਤ ਕਰਨ ਲਈ ਇਕ ਕਮਰਾ ਵੱਖਰਾ ਰੱਖਿਆ ਹੋਇਆ ਸੀ।

ਫੇਰ ਇਕ ਵਾਰ ਮਿਲੀ ਤਾਂ ਕਹਿਣ ਲੱਗੀ, "ਭਾਈ ਸਾਹਿਬ, ਭੈਣ ਜੀ ਮਿਲੇ ਸਨ। ਉਹ ਤਰਨਾ ਚਾਹੁੰਦੇ ਹਨ। ਮੈਨੂੰ ਤਰਨਾ ਤਾਂ ਆਉਂਦਾ ਹੈ, ਪਰ ਤਰਨ ਜਾਂਦੀ ਨਹੀਂ। ਏਨਾ ਸਮਾਂ ਵੀ ਨਹੀਂ। ਮੈਂ ਤਾਂ ਇਕ ਤਰ੍ਹਾਂ ਹਰ ਵੇਲੇ ਹੀ ਕਸਰਤ ਕਰਦੀ ਰਹਿੰਦੀ ਹਾਂ। ਮੈਂ ਉਹਨਾਂ ਨੂੰ ਕਿਹਾ ਕਿ ਮੈਂ ਉਹਨਾਂ ਨਾਲ, ਇਕ ਕਲੱਬ 'ਚ ਜਾ ਕੇ ਤਰਨਾ ਸਿਖਾ ਸਕਦੀ ਹਾਂ। ਦੂਸਰੇ ਕਲੱਬਾਂ 'ਚ ਤਰਨਾ ਸਿਖਾਉਣ ਦਾ ਪ੍ਰਬੰਧ ਵੀ ਹੁੰਦਾ ਹੈ...ਉਂਝ ਮੈਂ ਇਕ ਕਲੱਬ 'ਚ ਤਿੰਨ ਦਿਨ ਜਾਂਦੀ ਹਾਂ। ਉਥੇ ਕਸਰਤ ਕਰਾਉਂਦੇ ਹਨ। ਹਲਕੀਆਂ ਹਲਕੀਆਂ ਫੁਰਤੀ ਲਈ ਕਈ ਕਸਰਤਾਂ ਹਨ। ਨੱਚਣ ਟੱਪਣ ਵਾਲੀਆਂ ਵੀ ਹਨ। ਕਸਰਤ ਕਰਾਉਣ ਵਾਲੀਆਂ ਦੋ ਤੀਵੀਆਂ ਹਨ...ਹਾਂ, ਤੁਸੀਂ ਵੀ ਆਇਆ ਕਰੋ। ਉਥੇ ਆਦਮੀ ਵੀ ਆਉਂਦੇ ਹਨ ਤੇ ਭੈਣ ਜੀ ਨੂੰ ਵੀ ਨਾਲ ਲੈ ਕੇ ਆਉਣਾ। ਈਲਿੰਗ ਚਰਚ ਦੇ ਕੋਲ ਹੀ ਉਹ ਕਲੱਬ ਹੈ...।"

ਉਹ ਕਹਿੰਦੀ ਕਹਿੰਦੀ ਪਲ ਕੁ ਲਈ ਰੁਕ ਗਈ ਤੇ ਫਿਰ ਬੋਲੀ, "ਉਹਨਾਂ ਕਸਰਤ ਕਰਾਉਣ ਵਾਲੀਆਂ ਦੇ ਆਦਮੀ ਵੀ ਆਉਂਦੇ ਹਨ। ਇਕ ਦਾ ਆਦਮੀ ਤਾਂ ਐਸਾ ਵੈਸਾ ਹੀ ਹੈ ਪਰ ਦੂਸਰੀ ਦਾ ਸੋਹਣਾ ਹੈ...।"

ਉਹ ਕਹਿੰਦੀ ਕਹਿੰਦੀ ਚੁੱਪ ਕਰ ਗਈ ਜਿਵੇਂ ਸੋਚ ਰਹੀ ਹੋਵੇ ਕਿ ਉਹ ਆਪਣੀ ਗੱਲ ਨੂੰ ਕਿਵੇਂ ਕਹੇ।

ਦੇਖਦਿਆਂ ਹੀ ਦੇਖਦਿਆਂ ਉਹਦੀਆਂ ਅੱਖਾਂ 'ਚ ਇਕ ਲਿਸ਼ਕ ਜਿਹੀ ਪੈਦਾ ਹੋਈ, ਬੁੱਲ੍ਹਾਂ 'ਤੇ ਮੁਸਕਾਨ ਦੌੜ ਗਈ ਤੇ ਉਹਦਾ ਸਾਰਾ ਚਿਹਰਾ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ ਅਤੇ ਉਹ ਖਿੜਖਿੜਾ ਕੇ ਹੱਸਣ ਲੱਗ ਪਈ।

ਉਹ ਕਿੰਨਾ ਚਿਰ ਹੱਸਦੀ ਰਹੀ। ਮੈਂ ਹੈਰਾਨੀ 'ਚ ਉਹਦੀ ਵੱਲ ਝਾਕਦਾ ਰਿਹਾ।

ਕਹਿਣ ਲੱਗੀ, "ਦੇਖੋ ਨਾ, ਲੈਣਾ ਦੇਣਾ ਕੁਝ ਨਹੀਂ। ਫਿਰ ਵੀ ਔਰਤ ਚਾਹੇ ਬੁੱਢੀ ਕਿਉਂ ਨਾ ਹੋ ਜਾਵੇ, ਆਦਮੀ ਦੀ ਸੰਗਤ ਤਾਂ ਚਾਹੁੰਦੀ ਹੀ ਹੈ...ਤੁਸੀਂ ਵੀ ਜ਼ਰੂਰ ਕਲੱਬ 'ਚ ਆਇਆ ਕਰੋ ਤੇ ਭੈਣ ਜੀ ਨੂੰ ਵੀ ਜ਼ਰੂਰ ਲੈ ਕੇ ਆਉਣਾ...।"

ਇਹ ਕਹਿੰਦਿਆਂ ਉਹਨੇ ਮੇਰੇ ਵੱਲ ਇੰਝ ਤੱਕਿਆ, ਮੈਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਮੈਂ ਸੱਤਰ ਤੋਂ ਇਕਦਮ ਸਤਾਰਾਂ ਸਾਲ ਦਾ ਬਣ ਗਿਆ ਹੋਵਾਂ। ❑❑

[240 Park Avenue, Southall, Middlesex, England UB1 3AW]

# ਬਿਰਹਾ ਦਾ ਸੁਲਤਾਨ - ਸ਼ਿਵ ਕੁਮਾਰ

## ਪ੍ਰੇਮ ਕੁਮਾਰ

ਇਕ ਵਾਅਦਾ ਮੈਂ ਆਪਣੇ ਨਾਲ ਕੀਤਾ ਸੀ ਕਈ ਸਾਲ ਪਹਿਲਾਂ ਕਿ ਮੈਂ ਸ਼ਿਵ ਕੁਮਾਰ ਬਾਰੇ ਕਦੀ ਕੁਝ ਨਹੀਂ ਲਿਖਾਂਗਾ। ਸ਼ਿਵ ਨਾਲ ਕੀਤਾ ਸਫ਼ਰ ਮੇਰੀ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਹੈ। ਇਸਨੂੰ ਮੈਂ ਕਿਸੇ ਨਾਲ ਸਾਂਝਾ ਨਹੀਂ ਕਰਾਂਗਾ। ਦੋਸਤੀ ਦੇ ਅਹਿਸਾਸ ਨੂੰ ਮੈਂ ਸ਼ਬਦਾਂ ਦੀ ਕੈਦ ਤੋਂ ਮੁਕਤ ਰੱਖਾਂਗਾ।

ਇਕ ਵਾਅਦਾ ਮੈਂ ਸ਼ਿਵ ਕੁਮਾਰ ਨਾਲ ਕੀਤਾ ਸੀ। ਜੁਲਾਈ 1970 ਦੀ ਸ਼ਾਮ ਸੀ।ਪਟਿਆਲਾ। ਅਮਰ ਆਸ਼ਰਮ। ਮੇਰਾ ਵਿਆਹ ਹੋ ਰਿਹਾ ਸੀ।ਸ਼ਾਮ ਨੂੰ ਸ਼ਿਵ ਕੁਮਾਰ ਆਇਆ। ਮੈਨੂੰ ਮੁਬਾਰਕ ਦਿੱਤੀ। ਕਿਹਾ, ਅਮਰੀਕਾ ਜਾਣ ਤੋਂ ਪਹਿਲਾਂ ਆਪਣੀ ਪਤਨੀ ਨੂੰ ਲੈ ਕੇ ਚੰਡੀਗੜ੍ਹ ਆਵੀਂ। ਮੈਂ ਹਾਂ ਕੀਤੀ। ਠੀਕ ਉਸੇ ਤਰ੍ਹਾਂ ਜਿਵੇਂ ਉਸ ਦੀ ਹਰ ਗੱਲ ਵਿਚ ਹਮੇਸ਼ਾ ਹਾਂ ਕਰਦਾ ਰਿਹਾ ਸਾਂ।

ਕੁਝ ਦੇਰ ਬਾਅਦ ਉਹ ਬਟਾਲੇ ਤੋਂ ਆਏ ਕੁਝ ਦੋਸਤਾਂ ਨਾਲ ਬਾਹਰ ਚਲਾ ਗਿਆ। ਤੜਕਸਾਰ ਮੈਨੂੰ ਜਗਾਇਆ। ਚੰਡੀਗੜ੍ਹ ਆਉਣ ਦੀ ਪੱਕੀ ਕੀਤੀ। ਅਲਸਾਈਆਂ ਅੱਖਾਂ ਨਾਲ ਮੈਂ ਉਸਨੂੰ ਸੜਕ ਵੱਲ ਜਾਂਦੇ ਵੇਖਦਾ ਰਿਹਾ। ਕਿੰਨੇ ਮੀਲ ਅਸੀਂ ਬਟਾਲੇ, ਅੰਮ੍ਰਿਤਸਰ ਤੇ ਚੰਡੀਗੜ੍ਹ ਦੀਆਂ ਸੜਕਾਂ 'ਤੇ ਨਾਲ ਨਾਲ ਤੁਰੇ ਸਾਂ ਪਰ ਉਸ ਦਿਨ ਮੈਂ ਸ਼ਿਵ ਨਾਲ ਦੋ ਕਦਮ ਵੀ ਤੁਰ ਨਾ ਸਕਿਆ।

ਅਸਮਾਨ 'ਤੇ ਇਕ ਅੱਧ ਤਾਰਾ ਟਿਮਟਿਮਾ ਰਿਹਾ ਸੀ। ਨ੍ਹਿਮੀ ਨ੍ਹਿਮੀ ਹਵਾ ਵਿਚ ਦੂਰ ਜਾਂਦੇ ਸ਼ਿਵ ਦਾ ਆਕਾਰ ਉਸਦਾ ਟਰੇਡ ਮਾਰਕ ਰੇਸ਼ਮੀ ਕੁੜਤਾ, ਦੂਧੀਆ ਪਜਾਮਾ ਤੇ ਘੁੰਗਰਾਲੇ ਵਾਲ - ਮੇਰੇ ਜ਼ਿਹਨ ਵਿਚ ਅੱਜ ਵੀ ਸ਼ੀਸ਼ੇ ਵਾਂਗ ਸਾਫ਼ ਹੈ।

ਜੁਲਾਈ ਦੀ ਉਹ ਸ਼ਾਮ ਮੇਰੀ ਜ਼ਿੰਦਗੀ ਦੀ ਇਕ ਤਲਖ ਯਾਦ ਹੈ।

ਜੂਨ ਦੇ ਮਹੀਨੇ ਮੈਨੂੰ ਅਮਰੀਕਾ ਦੀ ਯੂਨੀਵਰਸਿਟੀ ਆਫ ਆਈਡਾਹੋ ਵਿਚ ਅੰਗਰੇਜ਼ੀ ਸਾਹਿਤ ਦੀ ਉੱਚ ਵਿੱਦਿਆ ਲਈ ਦਾਖਲਾ ਮਿਲਿਆ ਸੀ। ਅਗਸਤ ਦੇ ਮਹੀਨੇ ਮੇਰੀ ਪੜ੍ਹਾਈ ਸ਼ੁਰੂ ਹੋਣੀ ਸੀ। ਮਹੀਨਾ ਪਹਿਲਾਂ ਮੈਂ ਵਿਆਹ ਬਾਰੇ ਸੋਚ ਵੀ ਨਹੀਂ ਸਕਦਾ ਸੀ ਤੇ ਹੁਣ 6 ਜੁਲਾਈ ਨੂੰ ਮੇਰੀ ਸ਼ਾਦੀ ਹੋ ਰਹੀ ਸੀ। ਮੈਂ ਜਾਣਦਾ ਸੀ ਕਿ ਮੇਰੀ ਪਤਨੀ ਮੇਰੇ ਨਾਲ ਅਮਰੀਕਾ ਨਹੀਂ ਜਾ ਸਕਦੀ। ਮੈਂ ਇਹ ਨਹੀਂ ਜਾਣਦਾ ਸੀ ਕਿ ਮੈਂ ਅਮਰੀਕਾ ਕਿਵੇਂ ਜਾ ਸਕਾਂਗਾ। ਮੇਰੀ ਆਰਥਿਕ ਹਾਲਤ ਇਸ ਤਰ੍ਹਾਂ ਦੀ ਸੀ ਕਿ ਮੇਰੇ ਲਈ ਦਿੱਲੀ ਜਾਣਾ ਵੀ ਸਮੱਸਿਆ ਸੀ।ਅਮਰੀਕਾ ਤਾਂ ਬਹੁਤ ਦੂਰ ਸੀ।

ਜੁਲਾਈ ਦੇ ਉਨ੍ਹਾਂ ਤਪਦੇ ਦਿਨਾਂ ਵਿਚ ਮੈਂ ਸਿਰ 'ਤੇ ਸੋਚਾਂ ਦਾ ਪਹਾੜ ਚੁੱਕੀ ਵਾਵਰੋਲੇ ਵਾਂਗ ਫਿਰ ਰਿਹਾ ਸਾਂ। ਮੈਂ ਜਿਸ ਮੋੜ 'ਤੇ ਆ ਪਹੁੰਚਿਆ ਸਾਂ ਉਸ ਬਾਰੇ ਮੈਂ ਸੋਚਿਆ ਨਹੀਂ ਸੀ। ਮੈਂ ਸ਼ਤਰੰਜ ਦਾ ਮੁਹਰਾ ਬਣ ਗਿਆ ਸਾਂ। ਕੋਈ ਹੱਥ ਮੈਨੂੰ ਇਕ ਘਰ ਤੋਂ ਦੂਜੇ ਘਰ, ਇਕ ਚਾਲ ਤੋਂ ਦੂਜੀ ਚਾਲ 'ਤੇ ਚੱਲ ਰਿਹਾ ਸੀ। ਆਪਣੇ ਤਮਾਸ਼ੇ ਦਾ ਮੈਂ ਆਪ ਹੀ ਦਰਸ਼ਕ ਬਣ ਗਿਆ ਸਾਂ। ਉਸ ਸ਼ਾਮ ਮੈਂ ਸ਼ਿਵ ਨਾਲ ਦਿਲ ਦੀ ਗੱਲ ਸਾਂਝੀ ਨਹੀਂ ਕਰ ਸਕਿਆ। ਉਹ ਮੇਰੇ ਬਾਰੇ ਕਿੰਨਾ ਕੁਝ ਜਾਣਦਾ ਸੀ ਪਰ ਉਸ ਸ਼ਾਮ ਨਾ ਉਸ ਕੁਝ ਪੁੱਛਿਆ ਨਾ ਮੈਂ ਦੱਸਿਆ। ਮੈਂ ਅਕਸਰ ਸੋਚਦਾ ਹਾਂ ਉਸ ਸ਼ਾਮ ਸ਼ਿਵ ਮੇਰੇ ਬਾਰੇ ਕੀ ਸੋਚਦਾ ਰਿਹਾ ਹੋਵੇਗਾ।

ਤਿੰਨ ਹਫਤੇ ਬਾਅਦ ਮੈਂ ਅਮਰੀਕਾ ਚਲਾ ਗਿਆ। ਮੇਰੀ ਜ਼ਿੰਦਗੀ ਇਕ ਨਵੇਂ ਮੋੜ 'ਤੇ ਆ ਪਹੁੰਚੀ ਸੀ।



ਅਮਰੀਕਾ ਦੇ ਜਿਸ ਛੋਟੇ ਜਿਹੇ ਸ਼ਹਿਰ ਵਿਚ ਮੈਂ ਆਇਆ ਸਾਂ ਉੱਥੇ ਸਿਰਫ ਦਸ ਬਾਰਾਂ ਹਿੰਦੁਸਤਾਨੀ ਸਨ। ਨਾ ਕੋਈ ਆਪਣੀ ਜ਼ਬਾਨ ਵਿਚ ਗੱਲ ਕਰਨ ਵਾਲਾ ਨ ਕੋਈ ਸੁਣਨ ਵਾਲਾ। ਮੈਂ ਦਿਨ ਰਾਤ ਕਿਤਾਬਾਂ ਵਿਚ ਗੁਆਚਿਆ ਰਹਿੰਦਾ। ਅਮਰੀਕਾ ਆਉਣ ਤੋਂ ਪਹਿਲਾਂ ਮੈਂ ਅੰਗਰੇਜ਼ੀ ਦੀ ਐੱਮ.ਏ. ਕੀਤੀ ਸੀ ਤੇ ਇਕ ਸਾਲ ਕਾਲਜ ਵਿਚ ਪੜ੍ਹਾਇਆ ਵੀ ਸੀ ਪਰ ਅਮਰੀਕਾ ਵਿਚ ਪੜ੍ਹਾਈ ਦਾ ਪੱਧਰ ਬਹੁਤ ਉੱਚਾ ਸੀ। ਮੈਨੂੰ ਲਗਦਾ ਜਿਵੇਂ ਅਮਰੀਕਨ ਵਿਦਿਆਰਥੀਆਂ ਦੇ ਮੁਕਾਬਲੇ ਮੇਰੀ ਅੰਗਰੇਜ਼ੀ ਸਾਹਿਤ ਦੀ ਜਾਣਕਾਰੀ ਏਥੋਂ ਦੇ ਹਾਈ ਸਕੂਲ ਦੇ ਕਿਸੇ ਵਿਦਿਆਰਥੀ ਨਾਲੋਂ ਵੀ ਘੱਟ ਸੀ। ਮੈਂ ਕਲਾਸ ਵਿਚ ਸਹਿਮਿਆ ਬੈਠਾ ਰਹਿੰਦਾ। ਡਰਦਾ ਕਿ ਜੇ ਕੁਝ ਕਿਹਾ ਤਾਂ ਸ਼ਾਇਦ ਪ੍ਰੋਫੈਸਰ ਤੇ ਮੇਰੇ ਜਮਾਤੀ ਮੇਰੀ ਸੋਚ ਦਾ ਮਜ਼ਾਕ ਉਡਾਉਣਗੇ। ਯੂਨੀਵਰਸਿਟੀ ਨੇ ਮੈਨੂੰ ਸਕਾਲਰਸ਼ਿਪ ਦਿੱਤਾ ਸੀ ਜਿਸਦੇ ਬਦਲੇ ਮੈਨੂੰ ਦੋ ਕਲਾਸਾਂ ਪੜ੍ਹਾਉਣੀਆਂ ਪੈਂਦੀਆਂ ਸਨ। ਪਰ ਇੱਥੇ ਤਾਂ ਪੜ੍ਹਾਈ ਦਾ ਮਾਹੌਲ ਹੀ ਵੱਖਰਾ ਸੀ। ਵਿਦਿਆਰਥੀ-ਅਧਿਆਪਕ ਦਾ ਰਿਸ਼ਤਾ ਹੀ ਅਜੀਬ ਸੀ। ਮੈਂ ਕਲਾਸ ਰੂਮ ਵਿਚ ਜਾਂਦਾ ਤਾਂ ਕੋਈ ਅਖ਼ਬਾਰ ਪੜ੍ਹ ਰਿਹਾ ਹੁੰਦਾ, ਕੋਈ ਇਕ ਦੂਜੇ ਨਾਲ ਗੱਲਾਂ ਕਰਨ ਵਿਚ ਰੁੱਝਿਆ ਹੁੰਦਾ। ਕੋਈ ਕੁੜੀ ਆਪਣੇ ਵਾਲਾਂ ਨੂੰ ਕੰਘੀ ਕਰ ਰਹੀ ਹੁੰਦੀ, ਕੋਈ ਆਪਣੀ ਲਿਪਸਟਿਕ ਸੁਆਰਦੀ ਰਹਿੰਦੀ।

ਮੈਨੂੰ ਇਹ ਅਹਿਸਾਸ ਸਤਾਉਂਦਾ ਰਹਿੰਦਾ ਕਿ ਸ਼ਾਇਦ ਮੇਰਾ ਸ਼ਬਦ ਉਚਾਰਣ ਮੇਰੇ ਵਿਦਿਆਰਥੀਆਂ ਲਈ ਮੁਸ਼ਕਿਲ ਪੇਸ਼ ਕਰ ਰਿਹਾ ਹੋਵੇ। ਅਮਰੀਕਨ ਸਾਹਿਤ ਸਮਝਣ ਤੇ ਪੜ੍ਹਾਉਣ ਲਈ ਅਮਰੀਕਨ ਸੱਭਿਆਚਾਰ ਦੀ ਪੂਰੀ ਜਾਣਕਾਰੀ ਜ਼ਰੂਰੀ ਸੀ। ਇਸ ਕਮੀ ਨੂੰ ਪੂਰਾ ਕਰਨ ਲਈ ਵਕਤ ਦੀ ਲੋੜ ਸੀ। ਮੇਰੇ ਕੋਲ ਵਕਤ ਨਹੀਂ ਸੀ।

ਆਰਥਿਕ ਸਮੱਸਿਆਵਾਂ ਨੇ ਮੇਰਾ ਪਿੱਛਾ ਨਹੀਂ ਛੱਡਿਆ ਸੀ। ਨੌਂ ਮਹੀਨੇ ਜਾਨ ਤੋੜ ਕੇ ਪੜ੍ਹਨਾ ਪੜ੍ਹਾਉਣਾ ਤੇ ਤਿੰਨ ਮਹੀਨੇ ਹੋਟਲਾਂ ਜਾਂ ਕਾਰਖਾਨਿਆਂ ਵਿਚ ਕੰਮ ਕਰਨਾ। ਇਕ ਇਕ ਡਾਲਰ ਬਚਾ ਕੇ ਪਿੱਛੇ ਛੱਡ ਆਏ ਕਰਜ਼ੇ ਉਤਾਰਨ ਦੀ ਕੋਸ਼ਿਸ਼ ਕਰਨੀ। ਅਮਰੀਕਾ ਵਿਚ ਪਹਿਲੇ ਦੋ ਸਾਲਾਂ ਵਿਚ ਮੈਂ ਲਗਪਗ ਟੁੱਟ ਗਿਆ ਸਾਂ। ਹੌਸਲਾ ਕਾਇਮ ਰੱਖਣ ਲਈ ਮੈਂ ਭਵਿੱਖ ਬਾਰੇ ਸੋਚਣ ਲੱਗਦਾ। ਮੈਂ ਆਪਣੇ ਅਤੀਤ ਵਿਚ ਮੁੜਨਾ ਨਹੀਂ ਚਾਹੁੰਦਾ ਸਾਂ। ਮੇਰੇ ਤੇ ਮੇਰੇ ਅਤੀਤ ਵਿਚਲੇ ਸਮੁੰਦਰਾਂ ਦੀ ਦੂਰੀ ਵਧ ਰਹੀ ਸੀ। ਦੋਸਤਾਂ ਦੇ ਖ਼ਤ ਆਉਂਦੇ ਮੈਂ ਦੋ ਚਾਰ ਸਤਰਾਂ ਲਿਖ ਭੇਜਦਾ। ਫਿਰ ਉਹ ਸਤਰਾਂ ਵੀ ਚੁੱਪ ਦੇ ਸਮੁੰਦਰ ਵਿਚ ਡੁੱਬ ਗਈਆਂ। ਨਾ ਮੈਂ ਸਮਝਾ ਸਕਦਾ ਕਿ ਮੈਂ ਕਿਹੜੇ ਬੀਆਬਾਨ ਵਿਚੋਂ ਲੰਘ ਰਿਹਾ ਹਾਂ। ਨਾ ਉਹ ਸਮਝ ਸਕਦੇ ਕਿ ਮੈਂ ਉਨ੍ਹਾਂ ਵੱਲੋਂ ਮੂੰਹ ਨਹੀਂ ਮੋੜਿਆ ਸੀ। ਮੇਰੇ ਸੰਘਰਸ਼ ਨੇ ਮੈਨੂੰ ਆਪਣੇ ਆਪ ਤੋਂ ਬੇਗਾਨਾ ਕਰ ਦਿੱਤਾ ਸੀ।

1973 ਮਹੀਨਾ ਯਾਦ ਨਹੀਂ ਬਟਾਲੇ ਤੋਂ ਸੁਰਿੰਦਰ ਕਾਹਲੋਂ ਦਾ ਖ਼ਤ ਆਇਆ। ਲਿਖਿਆ, ਸ਼ਿਵ ਭਾਅ ਜੀ ਬੀਮਾਰ ਹੈ। ਹਸਪਤਾਲ ਵਿਚ ਹੈ। ਮੈਂ ਯੂਨੀਵਰਸਿਟੀ ਦੇ ਬੁੱਕਸਟੋਰ ਗਿਆ।ਇਕ ਕਾਰਡ ਖਰੀਦਿਆ। ਬਾਹਰ ਨਰਗਸੀ ਫੁੱਲਾਂ ਦੀ ਤਸਵੀਰ ਬਣੀ ਸੀ। ਸ਼ਿਵ ਨੂੰ ਨਰਗਸ ਦੇ ਫੁੱਲਾਂ ਨਾਲ ਮੋਹ ਸੀ। ਉਸ ਨੂੰ ਵਰਡਜ਼ਵਰਥ ਦੀ ਕਵਿਤਾ "ਡੈਫੋਡਿਲਜ਼" ਚੰਗੀ ਲਗਦੀ ਸੀ। ਲਿਖਿਆ, ਤੁਹਾਡੀ ਤੰਦਰੁਸਤੀ ਲਈ ਦੁਆ ਕਰਦਾ ਹਾਂ। ਇਸਤੋਂ ਵੱਧ ਲਿਖਣ ਲਈ ਜਿਵੇਂ ਮੇਰੀ ਕਲਮ ਕੋਲੋਂ ਸਿਆਹੀ ਮੁੱਕ ਗਈ ਹੋਵੇ। ਚੰਡੀਗੜ੍ਹ ਦਾ ਸਿਰਨਾਵਾਂ ਲਿਖ ਕੇ ਭੇਜ ਦਿੱਤਾ।ਮੇਰੇ ਸ਼ਬਦ ਸ਼ਿਵ ਤਕ ਨਹੀਂ ਪਹੁੰਚੇ। ਉਹ ਚੰਡੀਗੜ੍ਹ ਨੂੰ ਅਲਵਿਦਾ ਕਹਿ ਆਇਆ ਸੀ, ਇਸ ਦਾ ਪਤਾ ਮੈਨੂੰ ਕਈ ਸਾਲ ਬਾਅਦ ਲੱਗਾ।

ਤੇ ਫਿਰ ਜੂਨ ਦੇ ਮਹੀਨੇ ਦਾ ਉਹ ਦਿਨ... ਅੱਜ ਵੀ ਯਾਦ ਹੈ। ਮੈਂ ਵਾਸ਼ਿੰਗਟਨ ਸਟੇਟ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿਚ ਆਪਣੇ ਦਫਤਰ ਵਿਚ ਬੈਠਾ ਇਕ ਖੋਜ ਪੱਤਰ ਲਈ ਨੋਟ ਲਿਖ ਰਿਹਾ ਸਾਂ। ਮੇਰੇ ਨਾਲ ਦਫਤਰ ਸਾਂਝਾ ਕਰਨ ਵਾਲੇ ਅਮਰੀਕਨ ਵਿਦਿਆਰਥੀ ਨੇ ਨੀਲੇ

ਰੰਗ ਦਾ ਏਅਰਮੇਲ ਲਿਫਾਫਾ ਮੇਰੇ ਅੱਗੇ ਮੇਜ਼ 'ਤੇ ਰੱਖ ਦਿੱਤਾ। ਸੁਰਿੰਦਰ ਦਾ ਖ਼ਤ ਸੀ। ਮੇਰੀ ਲੰਮੀ ਚੁੱਪ ਦਾ ਗ਼ਿਲਾ ਸੀ। ਆਖ਼ਰੀ ਸਤਰ 'ਤੇ ਮੇਰੀ ਨਜ਼ਰ ਟਿਕ ਗਈ। 'ਸ਼ਿਵ ਭਾਅ ਜੀ ਹੁਣ ਨਹੀਂ ਰਹੇ'। ਕਮਰੇ ਵਿਚ ਦੁੱਧ ਚਿੱਟੀ ਰੋਸ਼ਨੀ ਸੀ ਪਰ ਮੇਰੀਆਂ ਅੱਖਾਂ ਅੱਗੇ ਹਨੇਰਾ ਸੀ। ਮੇਰੇ ਕਾਲਜੇ ਵਿਚੋਂ ਨਿਕਲੀ ਚੀਕ ਮੇਰੇ ਗਲੇ ਵਿਚ ਅਟਕ ਗਈ ਸੀ। ਮੈਨੂੰ ਲੱਗਿਆ ਜਿਵੇਂ ਮੇਰੇ ਦਿਮਾਗ਼ ਦੀ ਕੋਈ ਨਾੜੀ ਫਟ ਗਈ ਹੋਵੇ। ਮੇਜ਼ 'ਤੇ ਕੁਹਣੀਆਂ ਟਿਕਾ ਕੇ ਮੈਂ ਆਪਣਾ ਸਿਰ ਫੜ ਲਿਆ। ਮੇਰੇ ਸਾਥੀ ਵਿਦਿਆਰਥੀ ਨੇ ਪੁੱਛਿਆ, ਸਭ ਠੀਕ ਹੈ? ਮੈਂ ਹਾਂ ਵਿਚ ਸਿਰ ਹਿਲਾਇਆ। ਸ਼ਾਇਦ ਮੇਰੀ ਆਵਾਜ਼ ਵਿਚਲੇ ਝੂਠ ਨੂੰ ਉਸਨੇ ਪਹਿਚਾਣ ਲਿਆ ਹੋਵੇ। ਉਸਦੇ ਕੁਝ ਕਹਿਣ ਤੋਂ ਪਹਿਲਾਂ ਮੈਂ ਤੇਜ਼ੀ ਨਾਲ ਕਮਰੇ ਵਿਚੋਂ ਬਾਹਰ ਨਿਕਲ ਆਇਆ।

ਸ਼ਿਵ ਕੁਮਾਰ ਵਰ੍ਹਿਆਂ ਤੋਂ ਮੌਤ ਨੂੰ ਖ਼ਤ ਲਿਖ ਰਿਹਾ ਸੀ। ਉਸ ਕੋਲ ਮੌਤ ਦਾ ਸਿਰਨਾਵਾਂ ਸੀ। ਉਸਦਾ ਖ਼ਤ ਟਿਕਾਣੇ ਪਹੁੰਚ ਗਿਆ ਸੀ।

ਮੈਂ ਲਾਇਬਰੇਰੀ ਦੀ ਉੱਚੀ ਇਮਾਰਤ ਵੱਲ ਤੁਰਿਆ ਜਾ ਰਿਹਾ ਸਾਂ। ਮੇਰਾ ਜੀਅ ਕਰਦਾ ਸੀ ਕਿ ਮੈਂ ਇਕ ਧਾਅ ਮਾਰਾਂ ਤੇ ਮੇਰੀ ਆਵਾਜ਼ ਪਹਾੜੀਆਂ ਤੋਂ ਦੂਰ, ਸਮੁੰਦਰਾਂ ਤੋਂ ਦੂਰ, ਉਸ ਦੇਸ ਪਹੁੰਚ ਜਾਵੇ ਜਿੱਥੇ ਸ਼ਿਵ ਕੁਮਾਰ ਰਹਿੰਦਾ ਸੀ। ਉਸ ਨੇ ਲਿਖਿਆ ਸੀ, *ਨਾ ਕਰੋ **ਸ਼ਿਵ ਦੀ ਉਦਾਸੀ ਦਾ ਇਲਾਜ, ਰੋਣ ਦੀ ਮਰਜ਼ੀ ਹੈ ਅੱਜ ਬਈਮਾਨ ਦੀ***। ਮੈਂ ਚਾਹੁੰਦਾ ਸੀ ਮੇਰੀਆਂ ਅੱਖਾਂ ਵਿਚ ਹੜ੍ਹ ਆ ਜਾਵੇ ਤੇ ਮੇਰੀ ਚੁੱਪ ਉਸ ਵਿਚ ਡੁੱਬ ਜਾਵੇ। ਮੇਰੇ ਅਤੀਤ ਦੀ ਟਾਹਣੀ ਤੋਂ ਇਕ ਪੱਤਾ ਝੜ ਗਿਆ ਸੀ। ਜਿਸਮ ਦਾ ਇਕ ਅੰਗ ਟੁੱਟ ਗਿਆ ਸੀ। ਇਸ ਟੁੱਟੇ ਅੰਗ ਨੂੰ ਮੈਂ ਨਾ ਕਿਸੇ ਨੂੰ ਵਿਖਾ ਸਕਦਾ ਸੀ ਤੇ ਨਾ ਹੀ ਆਪਣੀ ਪੀੜ ਕਿਸੇ ਨਾਲ ਸਾਂਝੀ ਕਰ ਸਕਦਾ ਸੀ।

ਮੈਂ ਵਕਤ ਦੀਆਂ ਕਬਰਾਂ ਪੁੱਟ ਰਿਹਾ ਹਾਂ। ਵਰ੍ਹਿਆਂ ਦੇ ਮਲਬੇ ਹੇਠ ਦੱਬੀਆਂ ਫਟੀਆਂ ਪੁਰਾਣੀਆਂ ਤਸਵੀਰਾਂ ਦੇ ਟੁਕੜੇ ਜੋੜ ਰਿਹਾ ਹਾਂ। ਕੁਝ ਟੋਟਿਆਂ ਨੂੰ ਸਮੇਂ ਦੀਆਂ ਹਨੇਰੀਆਂ ਉਡਾ ਲੈ ਗਈਆਂ ਹਨ। ਇਨ੍ਹਾਂ ਅਧੂਰੀਆਂ ਤਸਵੀਰਾਂ ਵਿਚ ਕਈ ਚਿਹਰੇ ਧੁੰਦਲੇ ਪੈ ਗਏ ਹਨ। ਪਛਾਨਣ ਵਿਚ ਮੁਸ਼ਕਿਲ ਹੋ ਰਹੀ ਹੈ। ਸ਼ਿਵ ਕੁਮਾਰ ਬਾਰੇ ਲਿਖਣ ਲਈ ਮੈਨੂੰ ਆਪਣੀ ਜ਼ਿੰਦਗੀ ਦੀ ਕਿਤਾਬ ਦੇ ਵਰਕੇ ਫਰੋਲਣੇ ਪੈਣਗੇ।

ਅਪਰੈਲ 1958 ਜ਼ਿੰਦਗੀ ਦਾ ਪਹਿਲਾ ਦਹਾਕਾ ਪੂਰਾ ਕੀਤਾ ਹੀ ਸੀ ਕਿ ਮੈਂ ਆਪਣੇ ਪਰਿਵਾਰ ਨਾਲੋਂ ਟੁੱਟ ਗਿਆ ਸਾਂ। ਮੇਰੇ ਪਿਤਾ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਸੀ। ਪੰਜਾਬ ਵਿਚ ਆਪਣੀ ਜੱਦੀ ਪੁਸ਼ਤੀ ਜ਼ਮੀਨ ਵੇਚ ਕੇ ਉੱਤਰ ਪ੍ਰਦੇਸ਼ ਜੰਗਲ ਦਾ ਟੋਟਾ ਖਰੀਦ ਲਿਆ ਸੀ। ਉਸ ਸਮੇਂ ਦੇ ਬਹੁਤ ਸਾਰੇ ਪੰਜਾਬੀਆਂ ਵਾਂਗ ਉਹ ਇਸ ਬੇਰਹਿਮ ਜੰਗਲ ਵਿਚ ਇਕ ਨਵਾਂ ਪੰਜਾਬ ਪੈਦਾ ਕਰਨ ਦੇ ਸੁਪਨੇ ਲੈ ਰਿਹਾ ਸੀ। ਜੋ ਸੰਘਰਸ਼ ਇਸ ਸੁਪਨੇ ਨੂੰ ਪੂਰਾ ਕਰਨ ਲਈ ਉਸਨੂੰ ਕਰਨਾ ਪਵੇਗਾ ਇਸਦਾ ਕੋਈ ਤਜਰਬਾ ਨਹੀਂ ਸੀ। ਸਿਰਫ ਇਕ ਜ਼ਿਦ ਸੀ, ਇਕ ਸੈਨਿਕ ਦਾ ਮਰ ਮਿਟਣ ਦਾ ਪਰ ਪਿੱਛੇ ਨਾ ਹਟਣ ਦਾ ਜਨੂੰਨ। ਇਸ ਜੰਨੂਨ ਨੇ ਉਸਦੇ ਪਰਿਵਾਰ ਨੂੰ ਕਈ ਵਾਰੀ ਰੋਟੀ ਤੋਂ ਵੀ ਮੁਹਤਾਜ ਕਰ ਦਿੱਤਾ ਸੀ।

ਇਸ ਇਲਾਕੇ ਵਿਚ ਪੜ੍ਹਾਈ ਦੇ ਚੰਗੇ ਸਾਧਨ ਨਹੀਂ ਸਨ। ਪੰਜਾਬ ਛੱਡਣ ਤੋਂ ਪਹਿਲਾਂ ਮੇਰੀ ਮਾਂ ਮੇਰੀ ਉਂਗਲ ਫੜ ਕੇ ਮੈਨੂੰ ਮੇਰੀ ਮਾਸੀ ਦੇ ਪਿੰਡ ਛੱਡ ਗਈ। ਇਹ ਪਿੰਡ ਬਟਾਲੇ ਤੋਂ ਛੇ ਸੱਤ ਮੀਲ ਦੂਰ ਸੀ।

ਇਸ "ਨਵੇਂ" ਪਿੰਡ ਆ ਕੇ ਮੈਂ ਓਦਰ ਗਿਆ ਸਾਂ। ਬਚਪਨ ਦੇ ਸਾਥੀ ਪਿੱਛੇ ਰਹਿ ਗਏ ਸਨ। ਮੇਰਾ ਬਾਲ ਮਨ ਮੇਰੇ ਮਾਹੌਲ ਵਿਚ ਆਈਆਂ ਤਬਦੀਲੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਕਈ ਵਾਰੀ ਇਹ ਕੋਸ਼ਿਸ਼ ਨਾਕਾਮ ਹੋ ਜਾਂਦੀ ਪਰ ਮੈਂ ਇਸਦੀ ਪੀੜ ਕਿਸੇ ਨਾਲ ਸਾਂਝੀ ਨਾ ਕਰ ਸਕਦਾ। ਮੇਰੇ ਇਕਲਾਪੇ ਨੇ ਆਖ਼ਰ ਇਕ ਦੋਸਤ ਬਣਾ ਲਿਆ। ਇਸ ਦੋਸਤ ਨੇ ਮੈਨੂੰ ਇਕ



ਨਵਾਂ ਰਸਤਾ ਵਿਖਾਇਆ। ਮੈਂ ਹਰ ਘੜੀ ਇਸ ਦੋਸਤ ਨਾਲ ਬਿਤਾਉਣ ਦੀ ਕੋਸ਼ਿਸ਼ ਕਰਦਾ। ਮੇਰਾ ਇਹ ਦੋਸਤ ਸੀ ਕਿਤਾਬਾਂ। ਜਿੱਥੇ ਵੀ ਕੋਈ ਕਿਤਾਬ, ਰਸਾਲਾ, ਅਖਬਾਰ ਮਿਲਦੇ, ਪੜ੍ਹਨ ਬੈਠ ਜਾਂਦਾ।

ਮੇਰੀ ਉਮਰ ਤੋਂ ਵੱਡੇ ਕਿਸੇ ਮੁੰਡੇ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਇੱਥੇ ਪਰਾਈਵੇਟ ਹਾਈ ਸਕੂਲ ਵਿਚ ਇਕ ਮਾਸਟਰ ਆਇਆ ਸੀ। ਕੁਝ ਵੱਖਰੀ ਕਿਸਮ ਦਾ ਆਦਮੀ। ਮਸਤ ਜੇਹਾ, ਕਮਲੀਆਂ ਜੇਹੀਆਂ ਗੱਲਾਂ ਕਰਦਾ। ਵਿਦਿਆਰਥੀਆਂ ਨੂੰ ਆਪਣੀਆਂ ਕਵਿਤਾਵਾਂ ਸੁਣਾਉਂਦਾ ਰਹਿੰਦਾ ... ***ਭੱਠੀ ਵਾਲੀਏ ਚੰਬੇ ਦੀਏ ਡਾਲੀਏ, ਤੈਨੂੰ ਦਿਆਂ ਹੰਝੂਆਂ ਦਾ ਭਾੜਾ, ਨੀ ਪੀੜਾਂ ਦਾ ਪਰਾਗਾ ਭੁੰਨ ਦੇ।***

ਹਾਈ ਸਕੂਲ ਵਿਚ ਪੜ੍ਹਦਿਆਂ ਮੈਂ ਇਨ੍ਹਾਂ ਸਤਰਾਂ ਦੇ ਲਿਖਣ ਵਾਲੇ ਨੂੰ ਜਾਣ ਲਿਆ ਸੀ। ਮੈਂ ਉਸਦੀਆਂ ਰਸਾਲਿਆਂ ਵਿਚ ਛਪਦੀਆਂ ਕਵਿਤਾਵਾਂ ਦੀ ਬੇਸਬਰੀ ਨਾਲ ਉਡੀਕ ਕਰਦਾ। ਉਸਦੀ ਪੀੜ ਮੈਨੂੰ ਆਪਣੀ ਪੀੜ ਲਗਦੀ। ਉਹ ਮੇਰੀ ਉਦਾਸੀ ਨੂੰ ਜਾਣਦਾ ਸੀ, ਮੇਰੇ ਗ਼ਮ ਨੂੰ ਸਮਝਦਾ ਸੀ। ਮੇਰੇ ਬਾਰੇ ਲਿਖਦਾ ਸੀ। ਮੈਂ ਆਪਣੀ ਕਲਪਨਾ ਵਿਚ ਉਸ ਦਾ ਚਿਹਰਾ ਉਲੀਕ ਲਿਆ। ਉਸ ਚਿਹਰੇ ਦੀ ਤਲਾਸ਼ ਕਰਨ ਲੱਗਾ।

ਇਕ ਦਿਨ ਅੰਮ੍ਰਿਤਸਰ ਦੇ ਇਕ ਸਿਨੇਮਾ ਹਾਲ ਦੇ ਬਾਹਰ ਇਕ ਆਦਮੀ ਵੱਲ ਮੇਰਾ ਧਿਆਨ ਖਿੱਚਿਆ ਗਿਆ। ਚਿੱਟੇ ਕੁਰਤੇ ਪਜਾਮੇ 'ਤੇ ਉਸ ਨੇ ਅੰਗਰੇਜ਼ੀ ਸੂਟ ਦਾ ਕੋਟ ਪਹਿਨ ਰੱਖਿਆ ਸੀ। ਉਂਗਲੀਆਂ ਵਿਚ ਸੁਲਗਦੀ ਸਿਗਰਟ। ਉਸਦੇ ਪਹਿਰਾਵੇ ਵਿਚਲਾ ਵੱਖਰਾਪਨ ਉਸਦੀ ਪਹਿਚਾਣ ਸੀ। ਉਸਦਾ ਚਿਹਰਾ ਇਕ ਕਿਤਾਬ ਵਰਗਾ ਸੀ ਜਿਸਨੂੰ ਬਾਰ ਬਾਰ ਪੜ੍ਹਨ ਲਈ ਮਨ ਕਰਦਾ ਸੀ।

ਕਈ ਮਹੀਨੇ ਬਾਅਦ ਸਵੇਰੇ ਸਵੇਰੇ ਅੰਮ੍ਰਿਤਸਰ ਤੋਂ ਬਟਾਲੇ ਜਾਂਦੀ ਬੱਸ ਦੀ ਮੂਹਰਲੀ ਸੀਟ 'ਤੇ ਬੈਠੇ ਇਕ ਆਦਮੀ 'ਤੇ ਨਜ਼ਰ ਪਈ। ਕਿਸੇ ਡੂੰਘੀ ਸੋਚ ਵਿਚ ਡੁੱਬਿਆ ਹੋਇਆ ਆਦਮੀ। ਨੀਂਦ ਤੋਂ ਜਾਗਣ ਦੀ ਕੋਸ਼ਿਸ਼ ਕਰ ਰਿਹਾ ਚਿਹਰਾ। ਆਲੇ ਦੁਆਲੇ ਤੋਂ ਬੇਖ਼ਬਰ। ਖੱਬਾ ਹੱਥ ਖਿੜਕੀ ਤੋਂ ਬਾਹਰ। ਧੁਖਦੀ ਸਿਗਰਟ ਦਾ ਧੂੰਆਂ ਹਵਾ ਵਿਚ ਲੀਕਾਂ ਪਾ ਰਿਹਾ ਸੀ। ਇਸ ਆਦਮੀ ਦਾ ਚਿਹਰਾ ਜਾਣਿਆ ਪਛਾਣਿਆ ਲੱਗਿਆ। ਮੇਰੇ ਮਨ ਨੇ ਕਿਹਾ ਇਹ ਆਦਮੀ ਸ਼ਿਵ ਕੁਮਾਰ ਸੀ।

ਇਕ ਦਿਨ...ਜਲੰਧਰ ਰੇਡੀਉ ਤੋਂ ਇਕ ਆਵਾਜ਼। ਕੋਈ ਗਾ ਰਿਹਾ ਸੀ, *ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ* । ਦਰਦ ਦੀ ਇਕ ਲਹਿਰ ਰੇਡੀਉ ਵਿਚੋਂ ਨਿਕਲ ਆਈ ਸੀ। ਨਦੀ ਵਾਂਗ ਵਗ ਤੁਰੀ ਸੀ। ਮੈਂ ਇਸ ਨਦੀ ਵਿਚ ਵਹਿ ਰਿਹਾ ਸਾਂ। ਅਨਾਊਂਸਰ ਨੇ ਕਿਹਾ, ਇਹ ਸਨ ਸ਼ਿਵ ਕੁਮਾਰ ਬਟਾਲਵੀ। ਉਸ ਦਿਨ ਮੈਂ ਇਕ ਆਵਾਜ਼ ਨੂੰ ਇਕ ਚਿਹਰੇ ਨਾਲ ਜੋੜ ਦਿੱਤਾ।

ਹਾਈ ਸਕੂਲ ਵਿਚ ਪੜ੍ਹਦਿਆਂ ਮੈਂ ਤੁਕਬੰਦੀ ਸ਼ੁਰੂ ਕਰ ਦਿੱਤੀ ਸੀ। ਮੈਂ ਆਪਣੀਆਂ ਕਵਿਤਾਵਾਂ ਅਖ਼ਬਾਰਾਂ ਵਿਚ ਛਪਣ ਲਈ ਭੇਜਦਾ। ਛਪ ਜਾਂਦੀਆਂ ਤਾਂ ਕਿਸੇ ਨਾਲ ਜ਼ਿਕਰ ਨਾ ਕਰਦਾ। ਇਸ ਭੇਦ ਨੂੰ ਮਹਿਫੂਜ਼ ਰੱਖਣ ਲਈ ਮੈਂ ਇਕ ਨਵਾਂ ਨਾਂ ਚੁਣ ਲਿਆ ਸੀ। ਫਿਰ ਇਕ ਬਜ਼ੁਰਗ ਸਾਹਿਤਕਾਰ-ਸਿਆਸਤਦਾਨ ਨਾਲ ਮੇਲ ਹੋਇਆ। ਉਸਨੇ ਮੇਰੀਆਂ ਕਵਿਤਾਵਾਂ ਪੜ੍ਹੀਆਂ। ਹੌਸਲਾ ਅਫ਼ਜ਼ਾਈ ਮਿਲੀ। ਮੇਰੀਆਂ ਕਵਿਤਾਵਾਂ ਰਸਾਲਿਆਂ ਵਿਚ ਛਪਣ ਲੱਗੀਆਂ।

ਮੈਂ ਬੇਅਰਿੰਗ ਕਾਲਿਜ ਬਟਾਲਾ ਵਿਚ ਦਾਖ਼ਲਾ ਲੈ ਲਿਆ ਸੀ। ਸ਼ਿਵ ਕੁਮਾਰ ਦਾ ਜ਼ਿਕਰ ਅਕਸਰ ਹੁੰਦਾ ਰਹਿੰਦਾ। ਕਿਸੇ ਜ਼ਮਾਨੇ ਵਿਚ ਉਹ ਵੀ ਇਸ ਕਾਲਿਜ ਦਾ ਵਿਦਿਆਰਥੀ ਸੀ। ਮੈਂ ਸਾਇੰਸ ਦੇ ਮਜ਼ਮੂਨ ਲਏ ਸਨ ਪਰ ਮੇਰਾ ਮਨ ਸਾਹਿਤ ਵਿਚ ਡੁੱਬਿਆ ਰਹਿੰਦਾ। ਆਰਥਿਕ ਮੁਸ਼ਕਲਾਂ ਵੀ ਸਨ। ਦੋ ਸਾਲ ਪੂਰੇ ਕਰਨ ਤੋਂ ਪਹਿਲਾਂ ਹੀ ਮੈਨੂੰ ਕਾਲਿਜ ਛੱਡਣਾ ਪਿਆ। ਮੇਰੀ

ਬੇਕਾਰੀ ਨੇ ਮੈਨੂੰ ਬੇਘਰ ਹੋਣ ਲਈ ਮਜਬੂਰ ਕਰ ਦਿੱਤਾ। ਅਨੇਕਾਂ ਪਾਪੜ ਵੇਲੇ। ਟਿਊਸ਼ਨਾਂ ਪੜ੍ਹਾਈਆਂ। ਅਠਾਰਾਂ ਸਾਲ ਦੀ ਉਮਰ ਤੋਂ ਪਹਿਲਾਂ ਹੀ ਕਿਸੇ ਤਰ੍ਹਾਂ ਇਕ ਪਰਾਈਵੇਟ ਸਕੂਲ ਵਿਚ ਨੌਕਰੀ ਮਿਲ ਗਈ। ਦੋਸਤਾਂ ਦੀ ਮਿਹਰਬਾਨੀ ਨਾਲ ਦਿਨ ਨਿਕਲਦੇ ਗਏ।

1965 ਦੋਸਤਾਂ ਨੇ ਅੰਮ੍ਰਿਤਸਰ ਵਿਚ ਕੁਈਨਜ਼ ਰੋਡ 'ਤੇ ਇਕ ਹੋਟਲ ਵਿਚ ਕਮਰਾ ਕਿਰਾਏ 'ਤੇ ਲੈ ਦਿੱਤਾ। ਮੈਂ ਦਿਨ ਭਰ ਕਦੀ ਆਰਟ ਗੈਲਰੀ ਕਦੀ ਲਾਇਬਰੇਰੀ ਵਿਚ ਬੈਠਾ ਰਹਿੰਦਾ। ਸ਼ਾਮ ਨੂੰ ਇਕ ਦੋ ਟਿਊਸ਼ਨਾਂ ਪੜ੍ਹਾ ਛਡਦਾ। ਜਦ ਕਦੀ ਦੋਸਤਾਂ ਨੂੰ ਕਮਰੇ ਦੀ ਜ਼ਰੂਰਤ ਪੈਂਦੀ ਉਹ ਮੈਨੂੰ ਪੈਸੇ ਦੇ ਕੇ ਬਾਹਰ ਭੇਜ ਦੇਂਦੇ। ਮੈਂ ਉੱਪਰ ਥਲੀ ਦੋ ਤਿੰਨ ਫਿਲਮਾਂ ਵੇਖ ਲੈਂਦਾ। ਫਿਰ ਰੇਲਵੇ ਸਟੇਸ਼ਨ ਦੇ ਵੇਟਿੰਗ ਰੂਮ ਵਿਚ ਬੈਠਾ ਸਵੇਰ ਹੋਣ ਦੀ ਇੰਤਜ਼ਾਰ ਕਰਦਾ।ਮੇਰੀ ਪਹਿਲੀ ਕਿਤਾਬ "ਮਿੱਟੀ ਦੇ ਮਾਨਸ" ਛਪ ਗਈ ਸੀ।

ਕਈ ਵਾਰੀ ਪੁਤਲੀਘਰ ਅਮਰ ਚਿੱਤਰਕਾਰ ਦੀ ਦੁਕਾਨ 'ਤੇ ਚਲਾ ਜਾਂਦਾ। ਅਮਰ ਨੇ ਮੇਰੀ ਕਿਤਾਬ ਦਾ ਕਵਰ ਬਣਾਇਆ ਸੀ। ਉਹ ਬੜੇ ਧਿਆਨ ਨਾਲ ਰਿਕਸ਼ਿਆਂ 'ਤੇ ਵੇਲ ਬੂਟੇ ਪੇਂਟ ਕਰਦਾ ਰਹਿੰਦਾ। ਮੈਂ ਬੜੇ ਧਿਆਨ ਨਾਲ ਉਸਨੂੰ ਵੇਖਦਾ ਰਹਿੰਦਾ। ਉਹ ਆਪਣੀ ਕਿਸੇ ਨਜ਼ਮ ਦੇ ਸ਼ਿਅਰ ਗੁਣਗੁਣਾਉਂਦਾ ਰਹਿੰਦਾ। ਮੈਨੂੰ ਉਸਦੇ ਪਾਨ ਦੇ ਰਸ ਨਾਲ ਰੰਗੇ ਦੰਦਾਂ ਚੋਂ ਹਾਸੇ ਦੀ ਛਣਕਾਰ ਸੰਗੀਤ ਵਾਂਗ ਲਗਦੀ। ਇਕ ਦਿਨ ਅਮਰ ਨੇ ਕਿਹਾ, 'ਸ਼ਿਵ ਕੁਮਾਰ ਬਟਾਲਵੀ ਤੇਰੇ ਨੇੜੇ ਹੀ ਗਰੈਂਡ ਹੋਟਲ ਵਿਚ ਰਹਿ ਰਿਹਾ ਏ...ਉਸਨੂੰ ਮਿਲਿਆ ਏਂ?'

ਉਸ ਸ਼ਾਮ ਤੁਰਦਾ ਤੁਰਦਾ ਮੈਂ ਗਰੈਂਡ ਹੋਟਲ ਪਹੁੰਚ ਗਿਆ। ਰਸਤੇ ਵਿਚ ਸੋਚ ਰਿਹਾ ਸੀ, ਕੀ ਕਹਾਂਗਾ ਸ਼ਿਵ ਨੂੰ? ਬੇਸ਼ੱਕ ਉਸਦੀ ਲਿਖੀ ਹਰ ਸਤਰ ਨੂੰ ਮੈਂ ਵਾਰ ਵਾਰ ਪੜ੍ਹਿਆ ਹੈ ਪਰ ਉਸ ਨਾਲ ਕੀ ਗੱਲ ਕਰਾਂਗਾ। ਅਜੀਬ ਜੇਹੀ ਘਬਰਾਹਟ ਸੀ, ਉਤਸੁਕਤਾ ਸੀ। ਜਿਵੇਂ ਕੋਈ ਮੁਟਿਆਰ ਆਪਣੇ ਹੋਣ ਵਾਲੇ ਮੰਗੇਤਰ ਨੂੰ ਪਹਿਲੀ ਵਾਰ ਮਿਲਣ ਜਾ ਰਹੀ ਹੋਵੇ।

ਗਰੈਂਡ ਹੋਟਲ ਦੇ ਕਮਰਾ ਨੰਬਰ ਪੰਜ 'ਤੇ ਜਦ ਮੈਂ ਦਸਤਕ ਦਿੱਤੀ ਤਾਂ ਇਕ ਫੈਸ਼ਨੇਬਲ ਪੈਂਟ ਬੁਸ਼ਰਟ ਪਾਈ ਆਦਮੀ ਨੇ ਦਰਵਾਜ਼ਾ ਖੋਲ੍ਹਿਆ। ਸਵਾਲੀਆ ਨਜ਼ਰਾਂ ਨਾਲ ਮੇਰੇ ਵੱਲ ਤੱਕਿਆ। ਇਹ ਆਦਮੀ ਸ਼ਿਵ ਕੁਮਾਰ ਨਹੀਂ ਹੋ ਸਕਦਾ, ਮੇਰੇ ਦਿਲ ਨੇ ਆਖਿਆ। ਮੈਂ ਘਬਰਾ ਗਿਆ। ਆਵਾਜ਼ ਲੜਖੜਾ ਗਈ, 'ਜੀ...ਜੀ ਮੈਂ ਸ਼ਿਵ ਕੁਮਾਰ ਬਟਾਲਵੀ ਨੂੰ ਮਿਲਣਾ ਹੈ'। ਜਵਾਬ ਦੇਣ ਤੋਂ ਪਹਿਲਾਂ ਉਹ ਆਦਮੀ ਵਾਪਸ ਕੁਰਸੀ 'ਤੇ ਜਾ ਬੈਠਾ। ਇਕ ਅੱਧਖੜ ਉਮਰ ਦਾ ਆਦਮੀ ਸ਼ਰਾਬ ਦੇ ਦੋ ਪੈਗ ਬਣਾ ਰਿਹਾ ਸੀ। ਕਿਹਾ, 'ਸ਼ਿਵ ਬਾਹਰ ਗਿਆ ਏ...ਪਤਾ ਨਹੀਂ ਕਦੋਂ ਵਾਪਸ ਆਏਗਾ'। ਉਸਨੇ ਗਲਾਸ ਮੂੰਹ ਨਾਲ ਲਾਇਆ, ਸਿਗਰਟ ਦਾ ਇਕ ਲੰਮਾ ਕਸ਼ ਖਿੱਚਿਆ ਤੇ ਧੂੰਏਂ ਦੇ ਛੱਲੇ ਬਣਾਉਣ ਵਿਚ ਰੁੱਝ ਗਿਆ। ਮੈਂ ਪਉੜੀਆਂ ਉੱਤਰ ਕੇ ਬਾਹਰ ਆ ਗਿਆ।

ਗਰੈਂਡ ਹੋਟਲ ਦੇ ਸਾਹਮਣੇ ਵਾਲੀ ਸੜਕ ਮੇਰੀ ਜਾਣੀ ਪਛਾਣੀ ਸੀ। ਇਸ ਸੜਕ 'ਤੇ ਮੈਂ ਦਿਨ ਵਿਚ ਕਿੰਨੇ ਚੱਕਰ ਕੱਟਦਾ ਰਹਿੰਦਾ ਸੀ। ਸੜਕ 'ਤੇ ਖਲੋਤਾ ਮੈਂ ਰੇਲਵੇ ਸਟੇਸ਼ਨ ਵੱਲੋਂ ਆ ਰਹੇ ਲੋਕਾਂ ਦੇ ਚਿਹਰੇ ਪੜ੍ਹਦਾ ਰਿਹਾ। ਅੱਧੇ ਕੁ ਘੰਟੇ ਬਾਅਦ ਇਕ ਰਿਕਸ਼ਾ ਹੋਟਲ ਦੇ ਸਾਹਮਣੇ ਰੁਕਿਆ। ਹਲਕੇ ਪੀਲੇ ਰੇਸ਼ਮੀ ਕੁੜਤੇ ਤੇ ਚਿੱਟੇ ਪਜਾਮੇ ਵਾਲਾ ਇਕ ਆਦਮੀ ਉੱਤਰਿਆ। ਇਕ ਹੱਥ ਵਿਚ ਕਾਗਜ਼ਾਂ ਦਾ ਥੱਬਾ, ਦੂਜੇ ਹੱਥ ਦੀਆਂ ਉਂਗਲੀਆਂ ਵਿਚ ਲਟਕਦੀ ਸਿਗਰਟ। ਸ਼ਾਮ ਦਾ ਹਨੇਰਾ ਚਾਰੇ ਪਾਸੇ ਫੈਲ ਰਿਹਾ ਸੀ ਪਰ ਮੈਨੂੰ ਇਹ ਚਿਹਰਾ ਪਛਾਨਣ ਵਿਚ ਕੋਈ ਮੁਸ਼ਕਲ ਨਹੀਂ ਆਈ। ਮੈਂ ਇਸ ਚਿਹਰੇ ਨੂੰ ਸਾਲਾਂ ਤੋਂ ਜਾਣਦਾ ਸੀ।

ਬਿਨਾ ਸੋਚੇ ਮੈਂ ਅਗਾਂਹ ਵਧਿਆ। ਬਾਂਸ ਦੀ ਟੁੱਟੀ ਪੋਰੀ 'ਚੋਂ ਨਿਕਲੀ ਆਵਾਜ਼ ਵਿਚ ਕਿਹਾ, 'ਬਟਾਲਵੀ ਸਾਹਿਬ!' ਇਕ ਪਲ ਲਈ ਉਹ ਚਿਹਰਾ ਘੁੰਮਿਆਂ। ਮੇਰੇ ਸ਼ਬਦਾਂ ਨੂੰ ਹੁੰਗਾਰਾ ਮਿਲ ਗਿਆ ਸੀ। 'ਮੇਰਾ ਨਾਂ ਗੁਲਸ਼ਨ ਰਾਹੀ ਹੈ, ਤੁਹਾਨੂੰ ਮਿਲਣ ਗਿਆ ਸੀ ਤੁਹਾਡੇ ਕਮਰੇ ਵਿਚ



ਪਰ ਤੁਸੀਂ ਬਾਹਰ ਗਏ ਸੀ'। ਉਸਦੇ ਚਿਹਰੇ 'ਤੇ ਹਲਕੀ ਜੇਹੀ ਮੁਸਕਾਨ ਫੈਲ ਗਈ। ਜਿਵੇਂ ਮੈਂ ਉਸਨੂੰ ਉਸਦੇ ਕਮਰੇ ਵਿਚ ਨਾ ਹੋਣ ਦੀ ਖ਼ਬਰ ਦੇ ਕੇ ਕੋਈ ਮਾਅਰਕੇ ਦੀ ਗੱਲ ਕੀਤੀ ਹੋਵੇ।

ਸ਼ਿਵ ਨੇ ਕਿਹਾ, 'ਮੈਂ ਗੁਰਸ਼ਰਨ ਸਿੰਘ ਦਾ ਨਾਟਕ ਦੇਖਣ ਜਾ ਰਿਹਾ ਹਾਂ, ਤੂੰ ਚੱਲੇਂਗਾ ਮੇਰੇ ਨਾਲ?' ਮੈਂ ਹਾਂ ਵਿਚ ਸਿਰ ਹਿਲਾਇਆ। ਮੇਰੀ ਜ਼ੁਬਾਨ ਖੁਸ਼ਕ ਹੋ ਗਈ ਸੀ। ਉਸ ਕਿਹਾ, 'ਮੈਂ ਇਹ ਕਾਗਜ਼ ਰੱਖ ਆਵਾਂ, ਤੂੰ ਏਥੇ ਠਹਿਰ'।

ਕਈ ਸਾਲਾਂ ਬਾਅਦ ਸਮਝ ਆਈ ਕਿ ਸ਼ਿਵ ਨੂੰ ਹਮੇਸ਼ਾ ਕਿਸੇ ਦੇ ਸਾਥ ਦੀ ਲੋੜ ਰਹੀ ਹੈ। ਉਸਨੇ ਇਕਲਾਪੇ ਦਾ ਲੰਮਾ ਸਫਰ ਕੀਤਾ ਸੀ। ਹੁਣ ਉਸ ਨੂੰ ਮਨੁੱਖੀ ਸਾਥ ਦੀ ਲੋੜ ਸੀ। ਉਸਨੇ ਮੇਰਾ ਸਾਥ ਕਬੂਲਿਆ ਇਸ ਲਈ ਮੈਂ ਉਸਦਾ ਅਹਿਸਾਨਮੰਦ ਸਾਂ।

ਸਿੰਚਾਈ ਵਿਭਾਗ ਜਿੱਥੇ ਗੁਰਸ਼ਰਨ ਸਿੰਘ ਦਾ ਨਾਟਕ ਖੇਡਿਆ ਜਾਣਾ ਸੀ, ਜ਼ਿਆਦਾ ਦੂਰ ਨਹੀਂ ਸੀ। ਸ਼ਿਵ ਨੇ ਦੱਸਿਆ ਕਿ ਉਸ ਦਾ ਕਾਵਿ-ਨਾਟਕ "ਲੂਣਾ" ਛਪ ਰਿਹਾ ਸੀ। ਅਸੀਂ ਸੜਕ ਦੀ ਭੀੜ ਤੋਂ ਬੇਪਰਵਾਹ ਤੁਰੇ ਜਾ ਰਹੇ ਸਾਂ। ਉਹ "ਲੂਣਾ" ਦੀਆਂ ਸਤਰਾਂ ਸੁਣਾਉਣ ਲੱਗ ਪਿਆ, ***ਮੈਂ ਅੱਗ ਤੁਰੀ ਪਰਦੇਸ ਨੀ ਮਾਏ, ਮੈਂ ਅੱਗ ਤੁਰੀ ਪਰਦੇਸ... ਲਾ ਤਲੀਆਂ 'ਤੇ ਬਲਦੀ ਮਹਿੰਦੀ, ਪਾ ਕੇ ਅੱਗ ਦਾ ਵੇਸ।*** ਲੂਣਾ ਉਸਦੀ ਔਰਤ ਬਾਰੇ ਸੋਚ ਵਿਚ ਮੀਲ ਪੱਥਰ ਬਣ ਗਿਆ ਸੀ। ਉਹ ਲੂਣਾ ਦੁਆਰਾ ਮਰਦ ਜਾਤ ਨੂੰ ਵੰਗਾਰਨਾ ਚਾਹੁੰਦਾ ਸੀ। ਮੈਂ ਪੂਰਨ ਦੇ ਅੰਤਰਦਵੰਦ ਬਾਰੇ ਸੋਚ ਰਿਹਾ ਸਾਂ।

ਅਚਾਨਕ ਸ਼ਿਵ ਨੇ ਆਖਿਆ, 'ਅੱਛਾ ਫੇਰ ਤੇਰਾ ਅਸਲੀ ਨਾਂ ਕੀ ਹੈ?' ਮੈਂ ਕਿਹਾ, 'ਪ੍ਰੇਮ ਕੁਮਾਰ'। ਉਹ ਹਲਕਾ ਜਿਹਾ ਹੱਸਿਆ, 'ਤੇਰਾ ਅਸਲੀ ਨਾਂ ਏਨਾ ਸੁਹਣਾ ਹੈ ਤੈਨੂੰ ਕਿਸੇ ਤਖੱਲਸ ਦੀ ਕੀ ਲੋੜ ਹੈ?' ਮੈਂ ਕਹਿਣਾ ਚਾਹੁੰਦਾ ਸੀ, ਪਰ ਮੇਰੀ ਪਹਿਚਾਣ ਗੁਲਸ਼ਨ ਰਾਹੀ ਦੇ ਨਾਂ 'ਤੇ ਹੈ...ਮੇਰੀ ਪਹਿਲੀ ਕਿਤਾਬ "ਮਿੱਟੀ ਦੇ ਮਾਨਸ" ਏਸੇ ਨਾਂ ਹੇਠਾਂ ਛਪੀ ਹੈ। ਪਰ ਕਹਿ ਨਹੀਂ ਸਕਿਆ। ਕਹਿਣ ਦੀ ਲੋੜ ਹੀ ਨਹੀਂ ਸਮਝੀ। ਮੇਰੇ ਲਈ ਏਨਾ ਹੀ ਕਾਫੀ ਸੀ ਕਿ ਸ਼ਿਵ ਕੁਮਾਰ ਨੂੰ ਮੇਰਾ ਪ੍ਰੇਮ ਕੁਮਾਰ ਹੋਣਾ ਚੰਗਾ ਲੱਗਿਆ ਹੈ। ਉਸ ਦਿਨ ਮੈਂ ਗੁਲਸ਼ਨ ਰਾਹੀ ਦਾ ਮੁਖੌਟਾ ਲਾਹ ਕੇ ਹਮੇਸ਼ਾ ਲਈ ਵਗਾਹ ਮਾਰਿਆ। ਮੈਂ ਫਿਰ ਪ੍ਰੇਮ ਕੁਮਾਰ ਬਣ ਗਿਆ।

ਉਸ ਸ਼ਾਮ ਅਸੀਂ ਕਈ ਸਾਲਾਂ ਦਾ ਸਫਰ ਤੈਅ ਕਰ ਲਿਆ।

ਅੰਮ੍ਰਿਤਸਰ ਰਹਿੰਦਿਆਂ ਤਿੰਨ ਚਾਰ ਵਾਰੀ ਸ਼ਿਵ ਕੁਮਾਰ ਨੂੰ ਮਿਲਣ ਦਾ ਮੌਕਾ ਮਿਲਿਆ। ਅਸੀਂ ਲਾਰੰਸ ਰੋਡ 'ਤੇ ਤੁਰ ਪੈਂਦੇ। ਕਦੀ ਸਿੰਧੀ ਕਾਫੀ ਹਾਊਸ ਵਿਚ ਬੈਠ ਜਾਂਦੇ, ਕਦੀ ਬੀਅਰ ਬਾਰ। ਸ਼ਿਵ ਆਪਣੇ ਬਾਰੇ ਗੱਲਾਂ ਕਰਦਾ, ਮੈਂ ਸੁਣਦਾ ਰਹਿੰਦਾ। ਉਸ ਦੀਆਂ ਗੱਲਾਂ ਵਿਚ ਪ੍ਰੀਤ ਨਗਰ, ਫਰੀਦਕੋਟ, ਡਲਹੌਜ਼ੀ, ਚੰਬਾ ਤੇ ਕਈ ਥਾਵਾਂ ਦਾ ਜ਼ਿਕਰ ਹੁੰਦਾ। ਕਈ ਵਾਰੀ ਉਸਦੀਆਂ ਗੱਲਾਂ ਵਿਚ ਕੁਝ ਨੁਕਤੇ ਇਕ ਦੂਜੇ ਨਾਲ ਮੇਲ ਨਾ ਖਾਂਦੇ। ਪਰ ਮੈਨੂੰ ਇਸਦਾ ਕੋਈ ਫਰਕ ਨਾ ਪੈਂਦਾ। ਮੈਨੂੰ ਉਸਦੇ ਮੂੰਹੋਂ ਕੁਝ ਵੀ ਸੁਣਨਾ ਚੰਗਾ ਲੱਗਦਾ। ਇਕ ਅੱਧੀ ਵਾਰੀ ਮੈਂ ਉਸਨੂੰ ਆਪਣੇ ਪਰਿਵਾਰ ਬਾਰੇ ਦੱਸਿਆ ਪਰ ਉਸਨੇ ਮੇਰੇ ਬਾਰੇ ਨਾ ਕੁਝ ਵਧੇਰੇ ਪੁੱਛਿਆ ਨਾ ਮੈਂ ਦੱਸਣ ਦੀ ਲੋੜ ਸਮਝੀ।

ਸ਼ਿਵ ਕੁਮਾਰ ਕਦੋਂ ਅੰਮ੍ਰਿਤਸਰ ਛੱਡਕੇ ਚਲਾ ਗਿਆ ਤੇ ਕਿੱਥੇ ਗਿਆ, ਯਾਦ ਨਹੀਂ। ਅਗਲੇ ਕੁਝ ਮਹੀਨੇ ਮੈਂ ਤੇ ਮੇਰਾ ਇਕ ਦੋਸਤ ਯੂ ਪੀ, ਬਿਹਾਰ, ਬੰਗਾਲ ਤੇ ਆਸਾਮ ਦੀ ਖਾਕ ਛਾਣਦੇ ਰਹੇ। ਅਸੀਂ ਸ਼ਿਲਾਂਗ ਜਾ ਕੇ ਕਿਸੇ ਟੀ ਇਸਟੇਟ ਵਿਚ ਨੌਕਰੀ ਕਰਨੀ ਚਾਹੁੰਦੇ ਸਾਂ। ਖਾਸ ਕਰਕੇ ਜਿਸਦੇ ਮੈਨੇਜਰ ਦੀ ਸੁਹਣੀ ਸੁਨੱਖੀ ਧੀ ਹੋਵੇ। ਅਸੀਂ ਫਿਲਮੀ ਫੈਂਟਸੀ ਨੂੰ ਹਕੀਕਤ ਵਿਚ ਬਦਲਣ ਲਈ ਤਿਆਰ ਸਾਂ। ਪਰ ਸ਼ਿਲਾਂਗ ਪਹੁੰਚਣ ਤੋਂ ਪਹਿਲਾਂ ਹੀ ਭਾਰਤ ਪਾਕਿਸਤਾਨ ਦੀ ਲੜਾਈ ਸ਼ੁਰੂ ਹੋ ਗਈ। ਸਾਡੇ ਪੈਸੇ ਖ਼ਤਮ ਹੋ ਗਏ ਤੇ ਸਾਡੇ ਇਰਾਦਿਆਂ ਵਿਚ ਤਰੇੜਾਂ ਪੈ ਗਈਆਂ। ਕਿਸੇ ਤਰ੍ਹਾਂ ਧੱਕੇ ਧੋੜੇ ਖਾਂਦੇ ਅੰਮ੍ਰਿਤਸਰ ਪਹੁੰਚੇ। ਹੋਟਲ ਦਾ ਕਮਰਾ ਖੁੱਸ ਗਿਆ ਸੀ। ਮੈਂ ਫਿਰ

ਬੇਦਰ ਹੋ ਗਿਆ।

ਖਾਨਾਬਦੋਸ਼ੀ ਦੀ ਇਸ ਹਾਲਤ ਵਿਚ ਵੀ ਮੈਂ ਕਿਸੇ ਤਰ੍ਹਾਂ ਪਰਾਈਵੇਟ ਇਮਤਿਹਾਨ ਦੇ ਕੇ ਬੀ. ਏ. ਪਾਸ ਕਰ ਲਈ ਸੀ। ਮੈਂ ਅੰਗਰੇਜ਼ੀ ਦੀ ਐੱਮ. ਏ. ਕਰਨੀ ਚਾਹੁੰਦਾ ਸੀ ਪਰ ਕਾਲਿਜ ਦੀ ਪੜ੍ਹਾਈ ਦੇ ਖਰਚ ਬਾਰੇ ਸੋਚ ਕੇ ਦਿਲ ਡੁੱਬਣ ਲਗਦਾ ਸੀ। ਫਿਰ ਪਤਾ ਲੱਗਾ ਕਿ ਬੇਅਰਿੰਗ ਕਾਲਿਜ ਬਟਾਲਾ ਵਿਚ ਅੰਗਰੇਜ਼ੀ ਦੀ ਐੱਮ. ਏ. ਸ਼ੁਰੂ ਹੋ ਰਹੀ ਹੈ। ਹਿੰਮਤ ਕਰਕੇ ਅਰਜ਼ੀ ਦੇ ਦਿੱਤੀ। ਇੰਟਰਵਿਊ ਵਿਚ ਮੇਰੇ ਲੇਖਕ ਹੋਣ ਨੇ ਸਾਥ ਦਿੱਤਾ ਤੇ ਮੈਨੂੰ ਦਾਖਲਾ ਮਿਲ ਗਿਆ।

ਕੁਦਰਤ ਨੇ ਮੈਨੂੰ ਵਾਪਸ ਬਟਾਲੇ ਭੇਜ ਦਿੱਤਾ...ਸ਼ਿਵ ਕੁਮਾਰ ਦੇ ਸ਼ਹਿਰ...ਲੋਹੇ ਦੇ ਸ਼ਹਿਰ।

ਬੇਅਰਿੰਗ ਕਾਲਿਜ ਵਿਚ ਦਾਖਲਾ ਮਿਲ ਗਿਆ ਪਰ ਰਹਿਣ ਦੀ ਸਮੱਸਿਆ ਹੱਲ ਨਾ ਹੋਈ। ਇਕ ਦੋਸਤ ਨੇ ਰਹਿਣ ਦਾ ਪ੍ਰਬੰਧ ਤਾਂ ਕਰ ਦਿੱਤਾ ਪਰ ਹਰ ਰੋਜ਼ ਅੱਠ ਮੀਲ ਸਾਈਕਲ ਚਲਾ ਕੇ ਆਉਣਾ ਤੇ ਅੱਠ ਮੀਲ ਤਪਦੀਆਂ ਸੜਕਾਂ 'ਤੇ ਵਾਪਸ ਜਾਣਾ ਮੇਰੇ ਵੱਸ ਦਾ ਰੋਗ ਨਹੀਂ ਸੀ। ਇਕ ਦਿਨ ਮੇਰੇ ਇਕ ਜਮਾਤੀ ਨੇ ਜ਼ਿਕਰ ਕੀਤਾ ਕਿ ਸ਼ਿਵ ਕੁਮਾਰ ਨੇ ਸਟੇਟ ਬੈਂਕ ਆਫ ਇੰਡੀਆ ਵਿਚ ਨੌਕਰੀ ਕਰ ਲਈ ਹੈ ਤੇ ਉਹ ਕਾਲਿਜ ਦੇ ਨਜ਼ਦੀਕ ਇਕ ਕੋਠੀ ਕਿਰਾਏ 'ਤੇ ਲੈ ਕੇ ਰਹਿ ਰਿਹਾ ਹੈ। ਮੈਨੂੰ ਹਨੇਰੇ ਵਿਚ ਰੋਸ਼ਨੀ ਦੀ ਕਿਰਨ ਦਿਖਾਈ ਦਿੱਤੀ। ਪਰ ਮੈਂ ਝਿਜਕਦਾ ਰਿਹਾ। ਹਨੇਰੇ ਦਾ ਆਦੀ ਹੋ ਗਿਆ ਸਾਂ।

ਕਾਲਿਜ ਵਿਚ ਕਾਂਟੈਸਟ ਹੋਇਆ। ਇਕ ਪ੍ਰੋਫੈਸਰ ਦੇ ਕਹਿਣ 'ਤੇ ਮੈਂ ਆਪਣੀ ਨਜ਼ਮ ਪੜ੍ਹੀ, ***ਇੰਝ ਨਿਕਲਿਆ ਤੇਰੇ ਸ਼ਹਿਰ 'ਚੋਂ ਮੇਰੇ ਦਮਾਂ ਦਾ ਕਾਫ਼ਲਾ।*** ਮੈਨੂੰ ਪਹਿਲਾ ਇਨਾਮ ਮਿਲਿਆ। ਸ਼ਿਵ ਕੁਮਾਰ ਨੂੰ ਜੱਜ ਦੇ ਤੌਰ 'ਤੇ ਬੁਲਾਇਆ ਗਿਆ ਸੀ...ਆਖ਼ਰ ਉਸਦਾ ਵੀ ਬੇਅਰਿੰਗ ਕਾਲਿਜ ਨਾਲ ਸੰਬੰਧ ਸੀ। ਫੰਕਸ਼ਨ ਦੇ ਬਾਅਦ ਸ਼ਿਵ ਮਿਲਿਆ, ਗਲ ਲਾਇਆ, ਕਿਹਾ ਤੇਰੀ ਨਜ਼ਮ ਚੰਗੀ ਲੱਗੀ...ਲਿਖਦਾ ਰਹੀਂ।

ਇਕ ਦਿਨ ਕਾਲਿਜ ਦੇ ਬਾਅਦ ਮੈਂ ਸ਼ਿਵ ਕੁਮਾਰ ਦੀ ਕੋਠੀ ਗਿਆ। ਉਸਦਾ ਘਰ ਹੋਣਾ ਦੁਰਲੱਭ ਸੀ। ਮੇਰੀ ਖੁਸ਼ਕਿਸਮਤੀ ਸੀ ਕਿ ਉਹ ਮਿਲ ਗਿਆ। ਨਿੱਕੀ ਜੇਹੀ ਕਿਆਰੀ ਵਿਚ ਲੱਗੇ ਫੁੱਲਾਂ ਨੂੰ ਪਾਣੀ ਦੇ ਰਿਹਾ ਸੀ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਗੱਲ ਕਿਵੇਂ ਸ਼ੁਰੂ ਕਰਾਂ। ਉਸਨੇ ਮੇਰੇ ਚਿਹਰੇ ਨੂੰ ਪੜ੍ਹ ਲਿਆ ਤੇ ਕਿਹਾ, 'ਤੂੰ ਏਨਾ ਉਦਾਸ ਕਿਉਂ ਹੈਂ?' ਮੈਂ ਕਿਹਾ, 'ਮੇਰੇ ਕੋਲ ਰਹਿਣ ਦੀ ਥਾਂ ਨਹੀਂ'। ਉਸ ਨੇ ਝੱਟ ਕਿਹਾ, 'ਤੂੰ ਏਥੇ ਕਿਉਂ ਨਹੀਂ ਆ ਜਾਂਦਾ...ਇਕ ਪਾਸੇ ਭਲਵਾਨ (ਬੇਅਰਿੰਗ ਕਾਲਿਜ ਦਾ ਇਕ ਹੋਰ ਵਿਦਿਆਰਥੀ ਜੋ ਰੈਸਲਿੰਗ ਟੀਮ ਦਾ ਮੈਂਬਰ ਸੀ) ਰਹਿੰਦਾ ਹੈ, ਦੂਜੇ ਪਾਸੇ ਤੂੰ ਰਹਿ ਲਵੀਂ '।

ਮੈਨੂੰ ਸ਼ਿਵ ਦੇ ਸਹਾਰੇ ਦੀ ਲੋੜ ਸੀ। ਕੀ ਉਸ ਨੂੰ ਵੀ ਮੇਰੀ ਲੋੜ ਸੀ? ਉਸਦੀ ਕੋਠੀ ਸ਼ਹਿਰ ਤੋਂ ਬਾਹਰ ਇਕ ਨਿਵੇਕਲੇ ਥਾਂ 'ਤੇ ਸੀ। ਕਈ ਵਾਰ ਉਹ ਰਾਤ ਨੂੰ ਘਰ ਨਹੀਂ ਆਉਂਦਾ ਸੀ। ਕੋਠੀ ਵਿਚ ਕਿਸੇ ਨਾ ਕਿਸੇ ਦਾ ਹੋਣਾ ਜ਼ਰੂਰੀ ਸੀ। ਮੈਂ ਸ਼ਿਵ ਦਾ ਸ਼ੁਕਰਗੁਜ਼ਾਰ ਸਾਂ। ਉਸਨੇ ਮੇਰੀ ਸਮੱਸਿਆ ਹੱਲ ਕਰ ਦਿੱਤੀ ਸੀ। ਇਸਤੋਂ ਵੱਧ ਉਸਨੇ ਮੇਰੇ ਲਈ ਯਾਦਾਂ ਦਾ ਖ਼ਜ਼ਾਨਾ ਖੋਲ੍ਹ ਦਿੱਤਾ ਸੀ। ਮੈਂ ਧੰਨਵਾਨ ਬਣ ਗਿਆ ਸਾਂ।

ਅਗਲੇ ਦਿਨ ਮੈਂ ਆਪਣੀਆਂ ਕਿਤਾਬਾਂ ਤੇ ਚਾਰ ਕੱਪੜੇ ਚੁੱਕ ਕੇ ਸ਼ਿਵ ਕੁਮਾਰ ਦੇ ਘਰ ਰਹਿਣ ਲਈ ਆ ਗਿਆ।

ਸ਼ਿਵ ਨੇ ਕਿਰਾਏ ਦੇ ਇਸ ਘਰ ਦੇ ਹਰ ਕੋਨੇ 'ਤੇ ਆਪਣੀ ਛਾਪ ਲਾ ਦਿੱਤੀ ਸੀ। ਇਸ ਵਿਚਲੀ ਹਰ ਸ਼ੈਅ ਉਸ ਦੀ ਕਲਾਤਮਕ ਰੂਹ ਤੇ ਸਿਰਜਣਾ ਦੇ ਰੰਗ ਵਿਚ ਰੰਗੀ ਸੀ। ਇਕ ਸੌਣ ਦਾ ਕਮਰਾ ਸੀ ਜਿਸ ਵਿਚ ਦੋ ਪਲੰਘ ਸਨ। ਇਕ 'ਤੇ ਸ਼ਿਵ ਸੌਂਦਾ ਸੀ, ਦੂਜਾ ਕਿਸੇ ਆਏ ਗਏ ਲਈ



ਰੱਖਿਆ ਸੀ। ਨਾਲ ਹੀ ਇਕ ਛੋਟਾ ਜੇਹਾ ਗ਼ੁਸਲਖਾਨਾ ਸੀ। ਇਕ ਪਾਸੇ ਸਟੋਰ ਨੁਮਾ ਕਮਰਾ ਸੀ ਜਿਸ ਵਿਚ ਭਲਵਾਨ ਰਹਿੰਦਾ ਸੀ। ਇਕ ਛੋਟੀ ਜੇਹੀ ਰਸੋਈ ਸੀ ਜਿਸ ਵਿਚ ਖਾਣਾ ਪਕਾਉਣ ਦਾ ਸਮਾਨ ਸੀ ਪਰ ਸ਼ਿਵ ਨੇ ਇਸ ਨੂੰ ਚਾਹ ਕਾਫੀ ਬਣਾਉਣ ਤੋਂ ਜ਼ਿਆਦਾ ਕਦੀ ਵਰਤਿਆ ਨਹੀਂ ਸੀ। ਹਾਲ ਕਮਰੇ ਦੇ ਦੋ ਹਿੱਸੇ ਕੀਤੇ ਸਨ। ਇਕ ਹਿੱਸੇ ਵਿਚ ਡਾਈਨਿੰਗ ਟੇਬਲ ਸੀ, ਇਕ ਛੋਟਾ ਜੇਹਾ ਫਰਿਜ ਸੀ, ਜੋ ਸ਼ਾਇਦ ਕਿਸੇ ਜ਼ਮਾਨੇ ਕੰਮ ਕਰਦਾ ਹੋਵੇ। ਦੂਜੇ ਹਿੱਸੇ ਵਿਚ ਇਕ ਤਖ਼ਤਪੋਸ਼ ਤੇ ਕਿਤਾਬਾਂ ਦੀਆਂ ਅਲਮਾਰੀਆਂ ਸਨ। ਮੇਰੇ ਲਈ ਹਾਲ ਦਾ ਇਹ ਹਿੱਸਾ ਪੜ੍ਹਨ ਲਿਖਣ ਤੇ ਸੌਣ ਦਾ ਕੰਮ ਦੇਂਦਾ ਸੀ। ਬਾਹਰ ਇਕ ਬਰਾਂਡਾ ਸੀ ਜਿਸ ਵਿਚ ਬੈਠਕੇ ਸਿਆਲ ਦੀ ਧੁੱਪ ਸੇਕਣ ਦਾ ਆਪਣਾ ਹੀ ਮਜ਼ਾ ਸੀ।

ਦੂਜੇ ਦਿਨ ਮੈਂ ਬਾਜ਼ਾਰ ਤੋਂ ਸਬਜ਼ੀਆਂ ਖਰੀਦ ਕੇ ਲੈ ਆਇਆ। ਆਲੂ ਮਟਰ ਦੀ ਸਬਜ਼ੀ ਬਣਾਈ, ਰੋਟੀਆਂ ਸੇਕੀਆਂ ਤੇ ਸਲਾਦ ਕੱਟਿਆ। ਖਾਣੇ ਦੀ ਮੇਜ਼ 'ਤੇ ਬੈਠੇ ਤਾਂ ਸ਼ਿਵ ਹੈਰਾਨ ਹੋ ਗਿਆ। ਪੁੱਛਿਆ, 'ਏਨਾ ਵਧੀਆ ਖਾਣਾ ਬਣਾਉਣਾ ਤੂੰ ਕਿੱਥੋਂ ਸਿਖਿਆ?' ਮੈਂ ਆਪਣੇ ਬੀਤੇ ਦਿਨਾਂ ਦੇ ਕਿੱਸੇ ਛੋਹ ਲਏ, ਉਹ ਬੜੇ ਧਿਆਨ ਨਾਲ ਸੁਣਦਾ ਰਿਹਾ। ਕਿਹਾ, 'ਸੁਆਦ ਆ ਗਿਆ ਯਾਰ'। ਦੂਜੇ ਦਿਨ ਸ਼ਾਮ ਨੂੰ ਉਹ ਮੈਨੂੰ ਬਾਜ਼ਾਰ ਲੈ ਗਿਆ। ਬਾਣੀਏ ਦੀ ਦੁਕਾਨ 'ਤੇ ਰੁਕਿਆ, ਸਬਜ਼ੀ ਵਾਲੇ ਨਾਲ ਜਾਣ ਪਛਾਣ ਕਰਾਈ। ਕਿਹਾ, 'ਇਸਨੂੰ ਜਿਸ ਚੀਜ਼ ਦੀ ਜ਼ਰੂਰਤ ਹੋਵੇ ਦੇ ਦੇਣੀ...ਪੈਸੇ ਮੇਰੇ ਖਾਤੇ ਵਿਚ ਲਿਖ ਲੈਣੇ'।

ਬਟਾਲੇ ਵਿਚ ਕੋਈ ਦੁਕਾਨਦਾਰ ਸ਼ਿਵ ਨੂੰ ਉਧਾਰ ਦੇਣੋਂ ਇਨਕਾਰ ਨਾ ਕਰਦਾ। ਜਦ ਇਕ ਦੋ ਮਹੀਨੇ ਦੁਕਾਨਦਾਰ ਦਾ ਹਿਸਾਬ ਸਾਫ ਨਾ ਹੁੰਦਾ ਤਾਂ ਅਸੀਂ ਨਵੀਂ ਦੁਕਾਨ ਲੱਭ ਲੈਂਦੇ। ਇਹੀ ਸਿਲਸਿਲਾ ਧੋਬੀਆਂ ਤੇ ਦਰਜ਼ੀਆਂ ਨਾਲ ਚੱਲਦਾ ਸੀ।

ਸ਼ਿਵ ਦੀ ਦਰਿਆਦਿਲੀ ਦੇ ਕਿੱਸੇ ਮਸ਼ਹੂਰ ਸਨ। ਉਸ ਨੂੰ ਪੈਸਾ ਕਮਾਉਣ ਵਿਚ ਏਨੀ ਖੁਸ਼ੀ ਨਹੀਂ ਮਿਲਦੀ ਸੀ ਜਿੰਨੀ ਪੈਸਾ ਖਰਚਣ ਵਿਚ। ਕਈ ਵਾਰੀ ਮੁਸ਼ਾਇਰਿਆਂ ਤੋਂ ਜੋ ਪੈਸੇ ਮਿਲਦੇ ਉਹ ਬਟਾਲੇ ਪਹੁੰਚਣ ਤੋਂ ਪਹਿਲਾਂ ਹੀ ਖਰਚ ਹੋ ਜਾਂਦੇ। ਅਗਲੇ ਦਿਨ ਆਖਦਾ, 'ਯਾਰ ਇਕ ਡੱਬੀ ਚਾਰ ਮੀਨਾਰ ਦੀ ਤਾਂ ਲਿਆਵੀਂ ਜ਼ਰਾ ਬਜ਼ਾਰੋਂ '।

ਅੰਮ੍ਰਿਤਸਰ ਮੁਸ਼ਾਇਰਾ...ਸ਼ਾਮ ਦਾ ਹਨੇਰਾ ਸ਼ਹਿਰ ਨੂੰ ਆਪਣੀਆਂ ਬਾਹਾਂ ਵਿਚ ਸਮੇਟ ਰਿਹਾ ਸੀ। ਆਦਤ ਅਨੁਸਾਰ ਸ਼ਿਵ ਪੂਰੇ ਸਰੂਰ ਵਿਚ ਸੀ। ਕਈ ਸ਼ਾਇਰਾਂ ਨੇ ਆਪਣੇ ਕਲਾਮ ਪੇਸ਼ ਕੀਤੇ। ਸਰੋਤਿਆਂ ਵਿਚ ਬੇਚੈਨੀ ਦੇ ਆਸਾਰ ਨਜ਼ਰ ਆ ਰਹੇ ਸਨ। ਆਖ਼ਰ ਸ਼ਿਵ ਦੀ ਵਾਰੀ ਆਈ। ਜਿਵੇਂ ਸਾਰੀਆਂ ਅੱਖਾਂ ਸਟੇਜ 'ਤੇ ਗੱਡੀਆਂ ਗਈਆ ਹੋਣ। ਸ਼ਿਵ ਨੇ ਹਜੂਮ 'ਤੇ ਸਰਸਰੀ ਜੇਹੀ ਨਜ਼ਰ ਮਾਰੀ। ਸਿਰ ਨੂੰ ਹਲਕਾ ਜੇਹਾ ਝਟਕਾ ਦਿੱਤਾ। ਅੱਖਾਂ ਮੀਚੀਆਂ ਤੇ ਸੁਰ ਕੱਢੀ, ***ਇਕ ਕੁੜੀ ਜਿਦਾ ਨਾਮ ਮੁਹੱਬਤ ਗੁੰਮ ਹੈ ਗੁੰਮ ਹੈ ਗੁੰਮ ਹੈ...*** ਹਜ਼ਾਰਾਂ ਕੰਨ ਹਜ਼ਾਰਾਂ ਅੱਖਾਂ ਜਿਵੇਂ ਕੀਲੀਆਂ ਗਈਆਂ। ਸ਼ਿਵ ਨੇ ਖੱਬਾ ਹੱਥ ਕੰਨ ਦੇ ਨੇੜੇ ਲਿਆਂਦਾ, ਸੱਜਾ ਹੱਥ ਹਵਾ ਵਿਚ ਲਹਿਰਾਇਆ। ਸੀਨੇ ਦੀ ਅਥਾਹ ਡੂੰਘਾਈ 'ਚੋਂ ਟੀਸ ਨਿਕਲੀ, ***ਓਸ ਕੁੜੀ ਨੂੰ ਮੇਰੀ ਸੌਂਹ ਹੈ ਓਸ ਕੁੜੀ ਨੂੰ ਆਪਣੀ ਸੌਂਹ ਹੈ...*** ਦਰਦ ਦਾ ਦਰਿਆ ਸਟੇਜ ਤੋਂ ਉਤਰਿਆ, ਹਜੂਮ ਵੱਲ ਵਧਿਆ। ਸ਼ਿਵ ਦੀ ਆਵਾਜ਼ ਦਾ ਜਾਦੂ ਆਪਣਾ ਚਮਤਕਾਰ ਵਿਖਾ ਰਿਹਾ ਸੀ। ਸੁਣਨ ਵਾਲੇ ਉਸ ਹੜ੍ਹ ਵਿਚ ਡੁੱਬ ਜਾਣ ਲਈ ਉਤਾਵਲੇ ਸਨ। ਸ਼ਿਵ ਦੁਖਦੀਆਂ ਆਂਦਰਾਂ ਨੂੰ ਛੋਹਣ ਦਾ ਮਾਹਰ ਸੀ। ਹਾਲ ਗੂੰਜ ਰਿਹਾ ਸੀ, ***ਓਸ ਕੁੜੀ ਨੂੰ ਸਭ ਦੀ ਸੌਂਹ ਹੈ, ਓਸ ਕੁੜੀ ਨੂੰ ਜੱਗ ਦੀ ਸੌਂਹ ਹੈ, ਓਸ ਕੁੜੀ ਨੂੰ ਰੱਬ ਦੀ ਸੌਂਹ ਹੈ।*** ਉਸਦੀ ਆਵਾਜ਼ ਅਸਮਾਨ ਵੱਲ ਉੱਠ ਰਹੀ ਸੀ। ਉਸ ਰਾਤ ਕਿਸ ਨੌਜੁਆਨ ਨੇ ਇਸ਼ਕ ਵਿਚ ਮਰ ਮਿਟਣ ਦੀ ਕਸਮ ਨਹੀਂ ਖਾਈ ਹੋਵੇਗੀ?

ਮੁਸ਼ਾਇਰੇ ਦੇ ਬਾਅਦ ਸ਼ਿਵ ਆਪਣੇ ਕਦਰਦਾਨਾਂ ਦੀ ਟੋਲੀ ਨੂੰ ਲਾਰੰਸ ਰੋਡ ਦੇ ਇਕ

ਮਸ਼ਹੂਰ ਰੈਸਟੋਰੈਂਟ ਵਿਚ ਲੈ ਆਇਆ। ਵਿਸਕੀ ਦੀਆ ਬੋਤਲਾਂ ਖੁਲ੍ਹ ਗਈਆਂ। ਖਾਣੇ ਦੇ ਆਰਡਰ ਦਿੱਤੇ ਗਏ। ਰਾਤ ਡੂੰਘੀ ਹੋ ਗਈ ਸੀ। ਉਸਨੇ ਮੇਰੇ ਮੋਢੇ 'ਤੇ ਹੱਥ ਰੱਖਿਆ, 'ਚੱਲ ਯਾਰ ਅੱਜ ਟੈਕਸੀ 'ਤੇ ਚੱਲਦੇ ਹਾਂ'। ਸਾਰਾ ਰਸਤਾ ਸ਼ਿਵ ਆਪਣੀ ਦੁਨੀਆਂ ਵਿਚ ਗੁਆਚਾ ਰਿਹਾ। ਮੈਂ ਆਪਣੀ ਅਗਲੇ ਦਿਨ ਦੀ ਕਲਾਸ ਬਾਰੇ ਸੋਚਦਾ ਰਿਹਾ। ਬਟਾਲੇ ਪਹੁੰਚ ਕੇ ਸ਼ਿਵ ਨੇ ਜੇਬ ਵਿਚ ਹੱਥ ਪਾਇਆ। ਜਿੰਨੇ ਪੈਸੇ ਬਚੇ ਸਨ ਟੈਕਸੀ ਵਾਲੇ ਨੂੰ ਦੇ ਦਿੱਤੇ। ਸਵੇਰੇ ਉੱਠ ਕੇ ਕਿਹਾ, 'ਯਾਰ ਜ਼ਰਾ ਇਕ ਅਧੀਆ ਫੜ ਲਿਆਈਂ, ਕੰਮ 'ਤੇ ਜਾਣ ਜੋਗੇ ਹੋ ਜਾਈਏ'।

ਪੈਸੇ ਦੀ ਤੰਗੀ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਸੀ। ਸ਼ਿਵ ਇਹ ਚੰਗੀ ਤਰ੍ਹਾਂ ਜਾਣਦਾ ਸੀ। ਮੇਰੀ ਕਾਲਿਜ ਦੀ ਪੜ੍ਹਾਈ ਦਾ ਖਰਚਾ ਦੋਸਤਾਂ ਦੀ ਮਿਹਰਬਾਨੀ ਨਾਲ ਚੱਲ ਰਿਹਾ ਸੀ। ਮੈਂ ਸ਼ਿਵ ਕੋਲੋਂ ਕਿਸੇ ਤਰ੍ਹਾਂ ਦੀ ਮਾਲੀ ਸਹਾਇਤਾ ਦੀ ਆਸ ਨਹੀਂ ਕਰਦਾ ਸੀ। ਪਰ ਉਸ ਦੀ ਕਿਸੇ ਮੰਗ ਨੂੰ, ਜੋ ਅਕਸਰ ਛੋਟੀ ਮੋਟੀ ਹੀ ਹੁੰਦੀ, ਇਨਕਾਰ ਕਰਨ ਬਾਰੇ ਸੋਚ ਵੀ ਨਹੀਂ ਸਕਦਾ ਸੀ।

ਸ਼ਿਵ ਦੇ ਛੋਟੇ ਭੈਣ ਭਰਾ ਕਦੀ ਕਦੀ ਉਸਦੇ ਇਸ ਘਰ ਆਉਂਦੇ। ਉਹ ਉਸਨੂੰ 'ਭਾਅ ਜੀ' ਕਹਿਕੇ ਬੁਲਾਉਂਦੇ। ਮੈਂ ਵੀ ਉਸਨੂੰ 'ਭਾਅ ਜੀ' ਕਹਿਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਉਂਝ ਵੀ ਉਹ ਉਮਰ ਵਿਚ ਮੇਰੇ ਨਾਲੋਂ ਵੱਡਾ ਸੀ। ਕਦੀ ਨਸ਼ੇ ਦੀ ਹਾਲਤ ਵਿਚ ਆਖਦਾ, 'ਤੂੰ ਮੇਰਾ ਛੋਟਾ ਭਰਾ ਹੈਂ '। ਮੇਰਾ ਜੀਅ ਕਰਦਾ ਮੈਂ ਉਸਦੇ ਹਰ ਲਫਜ਼ 'ਤੇ ਵਿਸ਼ਵਾਸ ਕਰਾਂ।

ਕਈ ਵਾਰੀ ਸ਼ਿਵ ਮੈਨੂੰ ਸ਼ਹਿਰ ਵਿਚ ਆਪਣੇ ਪਰਿਵਾਰ ਦੇ ਘਰ ਲੈ ਜਾਂਦਾ। ਮੇਰੇ ਖ਼ਿਆਲ ਵਿਚ ਉਸਦੇ ਭੈਣ ਭਰਾਵਾਂ ਨੂੰ ਉਸਦੀਆਂ ਪ੍ਰਾਪਤੀਆਂ 'ਤੇ ਮਾਣ ਸੀ। ਉਹ ਵੀ ਆਪਣੇ ਛੋਟੇ ਭੈਣ ਭਰਾਵਾਂ ਦਾ ਖ਼ਿਆਲ ਰੱਖਦਾ ਸੀ। ਮਸਲਨ ਆਪਣੇ ਛੋਟੇ ਭਰਾ ਦੀ ਨੌਕਰੀ ਲਈ। ਜਦ ਉਸਦੀ ਛੋਟੀ ਭੈਣ ਅੰਮ੍ਰਿਤਸਰ ਹਸਪਤਾਲ ਵਿਚ ਸੀ ਤਾਂ ਅਸੀਂ ਬਟਾਲੇ ਤੋਂ ਸਿਰਫ ਉਸਨੂੰ ਦੇਖਣ ਲਈ ਜਾਂਦੇ ਸੀ।

ਮੇਰੇ ਲਈ ਸ਼ਿਵ ਦੇ ਆਪਣੇ ਪਰਿਵਾਰ ਨਾਲ ਜੁੜੇ ਇਸ ਰੂਪ ਤੇ ਉਸਦੀ ਸੋਚ 'ਚੋਂ ਉਪਜੇ ਉਸਦੇ ਆਪਣੇ ਸਵੈਚਿੱਤਰ (ਜੋ ਖ਼ਾਸ ਕਰਕੇ "ਮੈਂ ਤੇ ਮੈਂ" ਵਿਚ ਉੱਭਰਿਆ ਹੈ, ਬੇਸ਼ੱਕ ਉਸਨੇ ਇਸਨੂੰ ਸਵੈਚਿੱਤਰ ਮੰਨਣੋਂ ਨਕਾਰਿਆ ਹੈ) ਵਿਚਲੇ ਤਾਲ ਮੇਲ ਨੂੰ ਸਮਝਣਾ ਮੁਸ਼ਕਿਲ ਸੀ। ਮੈਂ ਉਸ ਦੇ ਮਾਨਸਿਕ ਸੰਘਰਸ਼ ਨੂੰ ਸਮਝ ਸਕਦਾ ਸੀ ਪਰ ਉਸ ਸੰਘਰਸ਼ ਦੀ ਬੁਨਿਆਦ ਨੂੰ ਸਮਝਣਾ ਮੇਰੀ ਵਿਤੋਂ ਬਾਹਰ ਸੀ।

ਸ਼ਿਵ ਦੀ ਸੰਗਤ ਕਈ ਵਾਰੀ ਮੇਰੀ ਪੜ੍ਹਾਈ ਵਿਚ ਰੁਕਾਵਟ ਬਣ ਜਾਂਦੀ ਪਰ ਮੈਂ ਇਹ ਸੰਗਤ ਛੱਡਣ ਲਈ ਤਿਆਰ ਨਹੀਂ ਸੀ। ਨਾ ਹੀ ਮੇਰੇ ਕੋਲ ਕੋਈ ਹੋਰ ਸਾਧਨ ਸੀ। ਮੈਨੂੰ ਆਪਣੀ ਹਾਲਤ 'ਤੇ ਤਰਸ ਆਉਂਦਾ, ਨਫ਼ਰਤ ਹੋਣ ਲਗਦੀ।

ਇਕ ਰਾਤ ਅੰਮ੍ਰਿਤਸਰ ਤੋਂ ਦੋ ਨੌਜੁਆਨ ਆਪਣੀ ਕਾਰ ਵਿਚ ਸ਼ਿਵ ਕੁਮਾਰ ਨੂੰ ਮਿਲਣ ਆਏ। ਇਕ ਦੋ ਪੈੱਗ ਲਾਉਣ ਬਾਅਦ ਉਨ੍ਹਾਂ ਦੱਸਿਆ ਕਿ ਉਹ ਬੇਅਰਿੰਗ ਕਾਲਿਜ ਵਿਚ ਪੜ੍ਹਾਉਂਦੀਆਂ ਦੋ ਅਮਰੀਕਨ ਫੁੱਲਬਰਾਈਟ ਟਿਊਟਰ ਔਰਤਾਂ ਨੂੰ ਮਿਲਣਾ ਚਾਹੁੰਦੇ ਸਨ। ਉਹ ਇਨ੍ਹਾਂ ਔਰਤਾਂ ਨੂੰ ਪਹਿਲਾਂ ਕਿਤੇ ਮਿਲ ਚੁੱਕੇ ਸਨ ਤੇ ਆਪਣੀ ਅਮੀਰੀ ਤੋਂ ਪ੍ਰਭਾਵਤ ਕਰ ਚੁੱਕੇ ਸਨ। ਜਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਮੈਂ ਉਸੇ ਕਾਲਿਜ ਵਿਚ ਅੰਗਰੇਜ਼ੀ ਐੱਮ. ਏ. ਦਾ ਵਿਦਿਆਰਥੀ ਹਾਂ ਤਾਂ ਉਹ ਮੇਰੇ ਪਿੱਛੇ ਪੈ ਗਏ ਕਿ ਮੈਂ ਉਨ੍ਹਾਂ ਨੂੰ ਲੇਡੀਜ਼ ਹੋਸਟਲ ਲੈ ਜਾਵਾਂ। ਮੇਰੀ ਨਾਂਹ ਦਾ ਉਨ੍ਹਾਂ 'ਤੇ ਕੋਈ ਅਸਰ ਨਹੀਂ ਪੈ ਰਿਹਾ ਸੀ। ਉਹ ਹੋਰ ਦਬਾਅ ਪਾਉਣ ਲੱਗੇ ਤਾਂ ਸ਼ਿਵ ਨੇ ਵੀ ਉਨ੍ਹਾਂ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਮੇਰੇ ਅੰਦਰ ਗੁੱਸੇ, ਨਫ਼ਰਤ ਤੇ ਲਾਚਾਰੀ ਦੇ ਭਾਂਬੜ ਮੱਚ ਰਹੇ ਸਨ। ਹਾਰ ਕੇ ਮੈਂ ਉਨ੍ਹਾਂ ਨਾਲ ਕਾਰ ਵਿਚ ਬੈਠ ਕੇ ਲੇਡੀਜ਼ ਹੋਸਟਲ ਚੱਲ ਪਿਆ। ਹੋਸਟਲ ਦੇ ਚੌਕੀਦਾਰ ਨੂੰ ਕਿਹਾ ਕਿ ਇਹ ਮੈਡਮ --- ਤੇ ਮੈਡਮ --- ਨੂੰ ਮਿਲਣਾ ਚਾਹੁੰਦੇ ਹਨ। ਚੌਕੀਦਾਰ ਦੇ ਕੁਝ ਕਹਿਣ



ਤੋਂ ਪਹਿਲਾਂ ਹੀ ਮੈਂ ਸ਼ੂਟ ਵੱਟ ਕੇ ਵਾਪਸ ਆ ਗਿਆ। ਸ਼ਿਵ ਨੂੰ ਦੱਸਿਆ ਤਾਂ ਉਹ ਮੇਰੇ ਨਾਲ ਨਰਾਜ਼ ਹੋਇਆ ਕਿ ਮੈਨੂੰ ਇਸਤਰ੍ਹਾਂ ਨਹੀਂ ਕਰਨਾ ਚਾਹੀਦਾ ਸੀ।

ਮੈਨੂੰ ਨਿਸਚਾ ਹੈ ਕਿ ਉਨ੍ਹਾਂ ਅਮੀਰਜ਼ਾਦਿਆਂ ਦੀ ਮੁਰਾਦ ਪੂਰੀ ਨਹੀਂ ਹੋਈ ਹੋਵੇਗੀ। ਪਰ ਦੋ ਗੱਲਾਂ ਮੇਰੇ ਜ਼ਿਹਨ ਵਿਚ ਬੈਠ ਗਈਆਂ। ਬੁਰਜੂਆ ਸਮਾਜ ਵਿਚ ਪੂੰਜੀਪਤੀਆਂ ਦੀ ਹਰ ਮਨੋਬਿਰਤੀ ਨੂੰ ਪੂਰਾ ਕਰਨ ਲਈ ਮੱਧਵਰਗੀ ਇਨਸਾਨ ਹਮੇਸ਼ਾ ਤਿਆਰ ਰਹਿੰਦਾ ਹੈ। ਮੈਂ ਖ਼ੁਦ ਇਸ ਘਿਨਾਉਣੀ ਸੋਚ ਦਾ ਸ਼ਿਕਾਰ ਹੋਇਆ ਹਾਂ, ਇਸ ਲਈ ਕਿਸੇ 'ਤੇ ਉਂਗਲੀ ਨਹੀਂ ਉਠਾ ਰਿਹਾ। ਦੂਜੀ ਗੱਲ ਇਹ ਕਿ ਪੱਛਮੀ ਔਰਤ ਬਾਰੇ ਹਿੰਦੁਸਤਾਨੀ ਮਰਦ ਦੀ ਸੋਚ ਏਨੀ ਸ਼ਰਮਨਾਕ ਹੈ ਕਿ ਕਈ ਵਾਰੀ ਮੈਨੂੰ ਆਪਣੇ ਹਿੰਦੁਸਤਾਨੀ ਹੋਣ 'ਤੇ ਨਫ਼ਰਤ ਹੋਣ ਲਗਦੀ ਹੈ। ਇਹ ਸੋਚ ਕਿ ਹਰ ਪੱਛਮੀ ਔਰਤ ਮਰਦ ਦੀ ਸ਼ਕਲ ਵੇਖਦੇ ਹੀ ਸੈਕਸ ਲਈ ਤਿਆਰ ਹੋ ਜਾਂਦੀ ਹੈ ਭਾਰਤੀ ਮਰਦ ਦੇ ਜ਼ਿਹਨ ਵਿਚ ਘਰ ਕਰ ਗਈ ਹੈ। ਮੈਂ ਜਦ ਵੀ ਭਾਰਤ ਆਉਂਦਾ ਹਾਂ ਤਾਂ ਮੇਰੀ ਇਹ ਧਾਰਨਾ ਹੋਰ ਵੀ ਪੱਕੀ ਹੋ ਜਾਂਦੀ ਹੈ।

ਇਕ ਹੋਰ ਯਾਦ... ਛੁੱਟੀ ਦਾ ਦਿਨ ਸੀ। ਸ਼ਿਵ ਤੇ ਮੈਂ ਅੰਮ੍ਰਿਤਸਰ ਗਏ। ਪੁਰਾਣੇ ਬੱਸ ਅੱਡੇ 'ਚੋਂ ਨਿਕਲ ਕੇ ਬਾਹਰ ਜਾ ਰਹੇ ਸਾਂ ਕਿ ਵੇਖਿਆ ਦੋ ਆਦਮੀ ਠੇਕੇ ਤੋਂ ਸ਼ਰਾਬ ਖਰੀਦ ਰਹੇ ਸਨ। ਇਕ ਆਦਮੀ ਦੀ ਉਮਰ ਚਾਲੀ ਕੁ ਸਾਲ ਦੀ ਹੋਵੇਗੀ। ਕਰੜ ਬਰੜੀ ਦਾੜ੍ਹੀ, ਸਾਦ ਮੁਰਾਦੇ ਕੱਪੜੇ, ਢਿੱਲੀ ਜੇਹੀ ਪੱਗ। ਦੂਜਾ ਆਦਮੀ ਤੀਹ ਬੱਤੀ ਸਾਲਾਂ ਦਾ ਹੋਵੇਗਾ। ਤਿੱਖੀ ਨੋਕਦਾਰ ਸ਼ੋਖ਼ ਰੰਗ ਦੀ ਪੱਗ, ਦਾੜ੍ਹੀ ਨੂੰ ਪਿਆਰ ਨਾਲ ਤਰਾਸ਼ਿਆ ਹੋਇਆ। ਕਰੜ ਬਰੜੀ ਦਾੜ੍ਹੀ ਵਾਲੇ ਆਦਮੀ ਨੇ ਬੜੀ ਗਰਮਜੋਸ਼ੀ ਨਾਲ ਸ਼ਿਵ ਨੂੰ ਜੱਫੀ ਪਾਈ। ਮੈਂ ਅਨੁਮਾਨ ਲਾਇਆ ਕਿ ਉਹ ਸ਼ਿਵ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਸ਼ਿਵ ਨੇ ਪੁੱਛਿਆ, ਸਵੇਰੇ ਸਵੇਰੇ ਦਾਰੂ ਖਰੀਦਣ ਦੀ ਕੀ ਲੋੜ ਪੈ ਗਈ। ਕਰੜ ਬਰੜੀ ਦਾੜ੍ਹੀ ਵਾਲੇ ਨੇ ਕਿਹਾ, ਤੁਹਾਨੂੰ ਪਤਾ ਨਹੀਂ ਸਾਡੇ ਵੱਡੇ ਕੌਮੀ ਲੀਡਰ ਚਲਾਣਾ ਕਰ ਗਏ ਨੇ...ਅਸੀਂ ਉਨ੍ਹਾਂ ਦਾ ਸੋਗ ਮਨਾਉਣ ਜਾ ਰਹੇ ਹਾਂ। ਉਸਨੇ ਸ਼ਿਵ ਨੂੰ ਇਸ ਸੋਗ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਸ਼ਿਵ ਦੇ ਨਾਂਹ ਕਰਨ 'ਤੇ ਉਸ ਸ਼ਿਵ ਦੇ ਕੰਨ ਕੋਲ ਮੂੰਹ ਲਿਆ ਕੇ ਕਿਹਾ, 'ਦੋ ਬੀਬੀਆਂ ਵੀ ਆ ਰਹੀਆਂ ਹਨ...ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਾਂਗੇ'। ਉਸ ਦਾ ਸਾਥੀ ਖਚਰਾ ਜਿਹਾ ਹਾਸਾ ਹੱਸਿਆ। ਸ਼ਿਵ ਨੇ ਦੋ ਕੁ ਪਲ ਸੋਚਿਆ, ਫਿਰ ਅਸੀਂ ਉਨ੍ਹਾਂ ਬੰਦਿਆਂ ਨਾਲ ਤੁਰ ਪਏ।

ਮੇਰੇ ਲਈ ਇਹ ਅਨੁਭਵ ਅਨੋਖਾ ਸੀ। ਇਕ ਅਜੀਬ ਜੇਹੀ ਧੁਖਧੁਖੀ ਲੱਗ ਰਹੀ ਸੀ। ਕਰੜ ਬਰੜੀ ਦਾੜ੍ਹੀ ਵਾਲਾ ਇਧਰ ਉਧਰ ਦੀਆਂ ਫ਼ਜ਼ੂਲ ਜੇਹੀਆਂ ਗੱਲਾਂ ਕਰਦਾ ਰਿਹਾ। ਉਸਦੇ ਸਾਥੀ ਨੇ ਇਕ ਵਾਰੀ ਵੀ ਮੂੰਹ ਨਾ ਖੋਲ੍ਹਿਆ। ਸ਼ਰੀਫ਼ਪੁਰੇ ਦੀਆਂ ਗਲੀਆਂ ਲੰਘਦੇ ਹੋਏ ਅਸੀਂ ਇਕ ਮਕਾਨ ਅੱਗੇ ਰੁਕੇ। ਕਰੜ ਬਰੜੀ ਦਾੜ੍ਹੀ ਵਾਲੇ ਨੇ ਤਾਲਾ ਖੋਲ੍ਹਿਆ। ਮੈਂ ਸਮਝ ਗਿਆ ਕਿ ਘਰ ਕੋਈ ਨਹੀਂ ਸੀ। ਉਸ ਨੇ ਬੈਗ ਵਿਚੋਂ ਦੋ ਬੋਤਲਾਂ ਤੇ ਖਾਣ ਦਾ ਸਮਾਨ ਕੱਢਿਆ। ਉਸ ਦਾ ਸਾਥੀ ਚਾਰ ਗਲਾਸ ਲੈ ਆਇਆ। ਮੈਂ ਸਵੇਰੇ ਸਵੇਰੇ ਪੀਣ ਦਾ ਆਦੀ ਨਹੀਂ ਸਾਂ। ਨਾਂਹ ਵਿਚ ਸਿਰ ਹਿਲਾਇਆ ਤੇ ਆਪਣਾ ਗਲਾਸ ਪਰੇ ਕਰ ਦਿੱਤਾ। ਕਿਸੇ ਨੇ ਮੈਨੂੰ ਆਪਣਾ ਫ਼ੈਸਲਾ ਬਦਲਣ ਲਈ ਮਜਬੂਰ ਨਹੀਂ ਕੀਤਾ। ਤਿੰਨਾਂ ਨੇ ਗਲਾਸ ਚੁੱਕੇ ਤੇ ਇਕੋ ਡੀਕੇ ਅੰਦਰ ਸੁੱਟ ਲਏ। ਪੁੱਠੇ ਹੱਥ ਨਾਲ ਬੁਲ੍ਹਾਂ ਨੂੰ ਪਲੋਸਿਆ। ਗਲਾਸ ਦੁਬਾਰਾ ਭਰਨ ਲਈ ਬੋਤਲ ਨੂੰ ਚੁੱਕਿਆ।

ਅਚਾਨਕ ਸ਼ਿਵ ਖੜ੍ਹਾ ਹੋ ਗਿਆ। ਕਿਹਾ, 'ਚੱਲ ਪ੍ਰੇਮ ਚੱਲੀਏ'।ਕਰੜ ਬਰੜੀ ਦਾੜ੍ਹੀ ਵਾਲੇ ਨੇ ਕਿਹਾ, 'ਬਟਾਲਵੀ ਸਾਹਿਬ, ਬੀਬੀਆਂ ਨੂੰ ਤਾਂ ਆ ਲੈਣ ਦਿਓ'। ਅਸੀਂ ਚੁੱਪਚਾਪ ਬਾਹਰ ਨਿਕਲ ਆਏ। ਉੱਚੇ ਪੁਲ ਨਾਲ ਦੇ ਸਿਨਮੇ ਦੇ ਬਾਹਰ ਮੈਟਨੀ ਸ਼ੋਅ ਦੀਆਂ ਲਾਈਨਾਂ ਲੱਗੀਆਂ ਸਨ। ਟਿਕਟਾਂ ਲੈਕੇ ਅੰਦਰ ਚਲੇ ਗਏ। ਮੇਰਾ ਧਿਆਨ ਫਿਲਮ ਵਿਚ ਨਾ ਲੱਗ ਸਕਿਆ। ਬੀਬੀਆਂ ਨਾਲ ਵਿਚਾਰ ਵਟਾਂਦਰੇ ਦਾ ਇਹ ਸੁਨਹਿਰੀ ਮੌਕਾ ਹੱਥੋਂ ਨਿਕਲ ਜਾਣ 'ਤੇ ਮੈਂ ਸ਼ਿਵ ਨਾਲ ਨਰਾਜ਼ ਹੋਣਾ

ਚਾਹੁੰਦਾ ਸਾਂ ਪਰ ਹੋ ਨਹੀਂ ਸਕਿਆ।

ਸ਼ਿਵ ਨੇ ਆਪਣੀ ਕਵਿਤਾ ਵਿਚ ਔਰਤ ਨਾਲ ਸਦੀਆਂ ਤੋਂ ਹੋ ਰਹੇ ਵਿਤਕਰੇ ਵਿਰੁੱਧ ਆਵਾਜ਼ ਉਠਾਈ ਹੈ। ਉਸਨੇ ਔਰਤ ਨੂੰ ਅਕਸਰ ਮਾਂ ਜਾਂ ਮਹਿਬੂਬਾ ਦੇ ਰੂਪ ਵਿਚ ਵੇਖਿਆ ਤੇ ਪੇਸ਼ ਕੀਤਾ ਹੈ। ਔਰਤ ਨੂੰ ਰਿਸ਼ਤਿਆਂ ਦੀ ਹੱਦ ਤੋਂ ਪਰੇ ਇਕ ਇਨਸਾਨ ਦੇ ਰੂਪ ਵਿਚ ਵੇਖਣਾ ਰੂੜ੍ਹੀਵਾਦੀ ਕੀਮਤਾਂ ਦੀ ਦਲਦਲ ਵਿਚ ਫਸੇ ਭਾਰਤੀ ਲੇਖਕਾਂ ਲਈ ਇਕ ਚੁਣੌਤੀ ਰਹੀ ਹੈ। ਮੈਂ ਇਸ ਵਿਸ਼ੇ 'ਤੇ ਸ਼ਿਵ ਨਾਲ ਗੱਲ ਕਰਨੀ ਚਾਹੁੰਦਾ ਸੀ ਪਰ ਸ਼ਿਵ ਨੂੰ ਅਜਿਹੀ ਬਹਿਸ ਵਿਚ ਜ਼ਿਆਦਾ ਦਿਲਚਸਪੀ ਨਹੀਂ ਸੀ।

ਇਕ ਦਿਨ ਸਵੇਰੇ ਸ਼ਿਵ ਨੇ ਕਿਹਾ, 'ਚੱਲ ਤੈਨੂੰ ਪੁਰਾਣੇ ਦੋਸਤਾਂ ਨਾਲ ਮਿਲਾਵਾਂ। ਰਾਤ ਉੱਥੇ ਹੀ ਰਹਾਂਗੇ। ਇਕ ਅੱਧ ਕੱਪੜਾ ਲੈ ਲੈ'। ਬੱਸ ਲੈਕੇ ਅਸੀਂ ਜਲੰਧਰ ਪਹੁੰਚੇ। ਪਹਿਲਾਂ ਰੇਡੀਉ ਸਟੇਸ਼ਨ 'ਤੇ ਗਏ। ਰਿਕਾਰਡਿੰਗ ਰੂਮ ਵਿਚ ਚਿੱਟੀ ਚਾਦਰ 'ਤੇ ਬੈਠ ਸ਼ਿਵ ਨੇ ਸੁਰ ਕੱਢੀ, ***ਕੀ ਪੁੱਛਦੇ ਓ ਹਾਲ ਫ਼ਕੀਰਾਂ ਦਾ, ਸਾਡਾ ਨਦੀਉਂ ਵਿੱਛੜੇ ਨੀਰਾਂ ਦਾ।*** ਕਮਰੇ ਵਿਚ ਸ਼ਿਵ ਸੀ, ਮੈਂ ਸੀ ਤੇ ਕਿਸੇ ਕਦੀਮੀ ਦਰਦ ਵਿਚ ਲਬਰੇਜ਼ ਲਫ਼ਜ਼ਾਂ ਦਾ ਦਰਿਆ। ਸਟੂਡੀਉ ਤੋਂ ਬਾਹਰ ਆਏ। ਰਿਕਸ਼ਾ ਲੈਕੇ ਨਿਕਲੇ ਸ਼ਿਵ ਦੇ ਦੋਸਤਾਂ ਨੂੰ ਮਿਲਣ। ਥਾਂ ਟਿਕਾਣਾ ਯਾਦ ਨਹੀਂ। ਇਕ ਘਰ ਅੰਦਰ ਗਏ। ਸ਼ਿਵ ਨੇ ਕਿਹਾ, 'ਪ੍ਰੇਮ ਇਹ ਉਰਮਿਲਾ ਹੈ, ਉਰਮਿਲਾ ਆਨੰਦ'। ਉਸਦੀਆਂ ਅੱਖਾਂ ਵਿਚ ਇਕ ਚਮਕ ਸੀ। ਮੈਂ ਇਸ ਚਮਕ ਨੂੰ ਪਹਿਲਾਂ ਉਸਦੀ ਅੱਖ ਵਿਚ ਘੱਟ ਹੀ ਵੇਖਿਆ ਸੀ। ਉਰਮਿਲਾ ਗਿਲਾ ਕਰ ਰਹੀ ਸੀ, 'ਕਿੱਥੇ ਗੁਆਚ ਗਿਐਂ...ਕਿੰਨਾ ਚਿਰ ਹੋ ਗਿਆ ਮਿਲਿਆਂ'। ਸ਼ਿਵ ਸੱਚਮੁੱਚ ਗੁਆਚ ਗਿਆ ਸੀ। ਉਸਦਾ ਜਿਸਮ ਮੌਜੂਦ ਸੀ। ਰੂਹ ਮੀਲਾਂ ਦੂਰ ਕਿਧਰੇ ਭਟਕ ਰਹੀ ਸੀ। ਉਹ ਸਮੁੰਦਰੋਂ ਪਾਰ ਆਪਣੇ ਕਿਸੇ ਗੁਆਚੇ ਗੀਤ ਨੂੰ ਲੱਭ ਰਿਹਾ ਸੀ। ਅਚਾਨਕ ਉਹ ਉੱਠਿਆ, ਕਿਹਾ, 'ਚੱਲ ਪ੍ਰੇਮ ਚੱਲੀਏ'। ਉਰਮਿਲਾ ਵੇਖਦੀ ਰਹਿ ਗਈ। ਬੱਸ ਅੱਡੇ 'ਤੇ ਪਹੁੰਚੇ ਤਾਂ ਕਹਿਣ ਲੱਗਾ, 'ਮੇਰਾ ਗਲਾ ਖੁਸ਼ਕ ਹੋ ਰਿਹਾ ਏ, ਚੱਲ ਇਕ ਇਕ ਬੀਅਰ ਪੀ ਲਈਏ'।

ਸ਼ਿਵ ਭਟਕੀਆਂ ਰੂਹਾਂ ਦਾ ਪੈਗ਼ੰਬਰ ਸੀ। ਉਸਦੇ ਪੈਰਾਂ ਵਿਚ ਜਨਮ ਜਨਮਾਂਤਰਾਂ ਦੀ ਭਟਕਣ ਸੀ। ਭਟਕੀਆਂ ਰੂਹਾਂ ਨਾਲ ਮੇਰਾ ਕਰੀਬੀ ਰਿਸ਼ਤਾ ਰਿਹਾ ਹੈ। ਸ਼ਿਵ ਨਾਲ ਮੇਰਾ ਰਿਸ਼ਤਾ ਦਿਨ- ਬ-ਦਿਨ ਪੱਕਾ ਹੋ ਰਿਹਾ ਸੀ।

ਸ਼ਿਵ ਨੂੰ ਮਿਲਣ ਲੋਕ ਆਉਂਦੇ, ਆਦਮੀ ਔਰਤਾਂ ਮੁੰਡੇ ਕੁੜੀਆਂ। ਉਸਦੇ ਰਸਮੀ ਮੇਲਜੋਲ, ਮੁਲਾਕਾਤਾਂ ਅਕਸਰ ਕਿੱਸੇ ਬਣ ਜਾਂਦੇ। ਕਿੱਸਿਆਂ 'ਤੇ ਇਸ਼ਕ ਦਾ ਰੰਗ ਚੜ੍ਹਾ ਦਿੱਤਾ ਜਾਂਦਾ। ਲੋਕ ਮਹਿਫ਼ਲਾਂ ਵਿਚ ਸੁਆਦ ਨਾਲ ਸੁਣਦੇ ਸੁਣਾਉਂਦੇ। ਬੇਸ਼ੱਕ ਇਨ੍ਹਾਂ ਅਫ਼ਵਾਹਾਂ ਨੂੰ ਹਵਾ ਦੇਣ ਵਿਚ ਸ਼ਿਵ ਦਾ ਹਿੱਸਾ ਵੀ ਸੀ। ਮਸਲਨ "ਲੂਣਾ" ਵਿਚ ਉਸ ਦੇ ਸੰਪਰਕ ਵਿਚ ਆਈਆਂ ਉਨ੍ਹਾਂ ਅਨੇਕ ਕੁੜੀਆਂ ਦੇ ਨਾਂ ਜਿਨ੍ਹਾਂ ਦਾ ਸੰਬੰਧ ਸਿਰਫ ਉਸਦੀ ਕਵਿਤਾ ਦੀ ਕਦਰ ਕਰਨ ਨਾਲ ਹੀ ਸੀ...ਆਮ ਪਾਠਕਾਂ ਵਾਂਗ। ਜਿਨ੍ਹਾਂ ਕੁੜੀਆਂ ਦੇ ਨਾਂ ਉਸ ਨਾਲ ਜੋੜੇ ਜਾਂਦੇ ਸਨ ਸ਼ਿਵ ਨੇ ਕਦੀ ਕਿਸੇ ਬਾਰੇ ਗੱਲ ਨਹੀਂ ਕੀਤੀ ਸੀ। ਉਸਨੂੰ ਕੋਈ ਪਰਵਾਹ ਨਹੀਂ ਸੀ ਕਿ ਲੋਕ ਉਸ ਬਾਰੇ ਕੀ ਸੋਚਦੇ ਸਨ, ਕੀ ਕਹਿੰਦੇ ਸਨ।

ਮੈਂ ਸੋਚਦਾ ਸੀ ਕੀ ਇਸ਼ਕ ਹਰ ਮਰਦ ਲਈ ਇਕ ਮੁਹਿੰਮ ਹੈ? ਜਿੱਤ ਜਾਵੇ ਤਾਂ ਫਤਹਿ ਦਾ ਢੰਡੋਰਾ ਪਿੱਟਦਾ ਹੈ, ਹਾਰ ਜਾਵੇ ਤਾਂ ਕੀਰਨੇ ਪਾਉਂਦਾ ਹੈ।

ਸ਼ਿਵ ਪੰਜਾਬੀ ਕਵਿਤਾ ਦਾ ਦੇਵਦਾਸ ਸੀ। ਉਸ ਲਈ ਕਿਸੇ ਪਾਰੋ ਦਾ ਹੋਣਾ ਲਾਜ਼ਮੀ ਸੀ। ਪਾਰੋ ਉਸਦੀ ਕਵਿਤਾ ਦੀ ਜ਼ਰੂਰਤ ਸੀ। ਪਰ ਕੌਣ ਸੀ ਸ਼ਿਵ ਦੀ ਪਾਰੋ?

ਇਕ ਰਾਤ ਕਿਹਾ, 'ਯਾਰ ਪੈਸੇ ਚਾਹੀਦੇ ਨੇ...ਤੂੰ ਸਵੇਰੇ ਅੰਮ੍ਰਿਤਸਰ ਜਾਹ ਮੇਰੇ ਪਬਲਿਸ਼ਰ ਕੋਲ' ..."ਲੂਣਾ" ਦੇ ਉਸ ਵੱਲ ਪੈਸੇ ਰਹਿੰਦੇ ਹਨ। ਮੈਂ ਇਸ ਪਬਲਿਸ਼ਰ ਨੂੰ ਸ਼ਿਵ ਨਾਲ ਮਿਲ ਚੁੱਕਾ



ਸਾਂ। ਮੈਂ ਉਸਨੂੰ ਆਪਣੀ ਦੂਸਰੀ ਕਿਤਾਬ (ਜੋ ਬਾਅਦ ਵਿਚ "ਤੇਈ ਕਵਿਤਾਵਾਂ" ਦੇ ਨਾਂ ਹੇਠ ਛਪੀ ਸੀ) ਦਾ ਖਰੜਾ ਦਿੱਤਾ ਸੀ। ਮਹੀਨਿਆਂ ਤਕ ਟਾਲ ਮਟੋਲ ਕਰਨ ਮਗਰੋਂ ਉਸਨੇ ਪੋਲੇ ਜੇਹੇ ਕਿਹਾ ਸੀ, 'ਯਾਰ, ਖਰੜਾ ਗੁਆਚ ਗਿਆ ਹੈ ... ਲੱਭਣ ਦੀ ਕੋਸ਼ਿਸ਼ ਕਰਾਂਗਾ'। ਮੈਂ ਉਸਦੀਆਂ ਚੀਕਨੀਆਂ ਚੋਪੜੀਆਂ ਗੱਲਾਂ ਤੋਂ ਪ੍ਰਭਾਵਤ ਨਹੀਂ ਸਾਂ। ਮੈਨੂੰ ਯਕੀਨ ਸੀ ਕਿ ਮੈਂ ਖਾਲੀ ਹੱਥ ਹੀ ਮੁੜਾਂਗਾ। ਪਰ ਸ਼ਿਵ ਦਾ ਕਿਹਾ ਕਿਸਤਰ੍ਹਾਂ ਟਾਲਦਾ? ਮੇਰਾ ਯਕੀਨ ਸਹੀ ਨਿਕਲਿਆ। ਪਬਲਿਸ਼ਰ ਨੇ ਮੇਰੇ ਹੱਥ "ਲੂਣਾ" ਦੀਆਂ ਵੀਹ ਕਿਤਾਬਾਂ ਦੇ ਕੇ ਕਿਹਾ, 'ਬੱਸ ਏਹੀ ਕੁਝ ਦੇ ਸਕਦਾ ਹਾਂ'। ਜਦ ਡੂੰਘੀ ਰਾਤੇ ਵਾਪਸ ਮੁੜਿਆ ਸ਼ਿਵ ਸੌਂ ਚੁੱਕਾ ਸੀ। ਸਵੇਰੇ ਉਸਨੂੰ ਯਾਦ ਹੀ ਨਹੀਂ ਰਿਹਾ ਕਿ ਮੈਂ ਅੰਮ੍ਰਿਤਸਰ ਕਿਸ ਲਈ ਗਿਆ ਸੀ।

ਸ਼ਿਵ ਨੂੰ ਮੇਰੇ ਹੱਥ ਦੀ ਲਿਖਾਈ ਬੜੀ ਚੰਗੀ ਲਗਦੀ ਸੀ। ਕਹਿੰਦਾ ਸੀ, 'ਯਾਰ ਮੇਰੇ ਖ਼ਤ ਤੂੰ ਲਿਖਿਆ ਕਰ'। ਉਸ ਦੇ ਸਿਰ 'ਤੇ ਇੰਗਲੈਂਡ ਜਾਣ ਦਾ ਭੂਤ ਸਵਾਰ ਹੋ ਚੁੱਕਿਆ ਸੀ। ਉਸਦੇ ਕਹਿਣ 'ਤੇ ਕਿੰਨੇ ਖ਼ਤ ਮੈਂ ਉਸਦੇ ਇੰਗਲੈਂਡ ਵਸਦੇ ਕਦਰਦਾਨਾਂ ਨੂੰ ਲਿਖੇ। ਕਿੰਨੇ ਲੋਕਾਂ ਨੇ ਵਾਅਦੇ ਕੀਤੇ ਪਰ ਨਤੀਜਾ ਕੋਈ ਨਾ ਨਿਕਲਿਆ। ਕਈ ਸਾਲਾਂ ਬਾਅਦ ਪਤਾ ਲੱਗਾ ਕਿ ਸ਼ਿਵ ਕੁਮਾਰ ਦੀ ਇਹ ਖ਼ਾਹਿਸ਼ ਆਖ਼ਰ ਪੂਰੀ ਹੋ ਹੀ ਗਈ। ਇਹ ਵੀ ਸੁਣਿਆ ਕਿ ਉਸਦੀ ਇਹ ਖ਼ਾਹਿਸ਼ ਉਸਨੂੰ ਕਿੰਨੀ ਮਹਿੰਗੀ ਪਈ।

ਇਕ ਦਿਨ ਕਾਲਿਜ ਖ਼ਤਮ ਹੋਣ ਤੋਂ ਬਾਅਦ ਮੈਂ ਸਟੇਟ ਬੈਂਕ ਗਿਆ। ਸ਼ਿਵ ਕੁਮਾਰ ਹਮੇਸ਼ਾ ਵਾਂਗ ਕੈਨਟੀਨ ਵਿਚ ਬੈਠਾ ਚਾਹ ਪੀ ਰਿਹਾ ਸੀ। ਸਿਗਰਟ ਖ਼ਤਮ ਹੋਣ ਤੋਂ ਪਹਿਲਾਂ ਉਸ ਦੂਜੀ ਸੁਲਗਾਈ, ਗ਼ੌਰ ਨਾਲ ਮੇਰੇ ਚਿਹਰੇ 'ਤੇ ਨਜ਼ਰ ਟਿਕਾਈ। ਕਿਹਾ, 'ਤੂੰ ਏਨਾ ਉਦਾਸ ਕਿਉਂ ਹੈਂ?' ਉਨ੍ਹਾਂ ਦਿਨਾਂ ਵਿਚ ਮੈਂ ਕੁੜੀਆਂ ਵਾਂਗ ਝੱਟ ਹੀ ਫਿੱਸ ਪੈਂਦਾ ਸੀ। ਮੇਰੀ ਆਵਾਜ਼ ਮੇਰੇ ਗਲ ਵਿਚ ਅਟਕ ਗਈ। ਮੈਂ ਉਸਨੂੰ ਦੱਸ ਨਾ ਸਕਿਆ ਕਿ ਕਿਸੇ ਨੇ ਮੈਨੂੰ ਮੇਰੀ ਖਾਨਾਬਦੋਸ਼ੀ ਦਾ ਅਹਿਸਾਸ ਦਿਵਾਇਆ ਸੀ। ਮੈਂ ਕਾਲਿਜ ਵਿਚ ਕੁੜਤਾ ਪਜਾਮਾ ਇਸ ਲਈ ਪਹਿਨਦਾ ਸੀ ਕਿ ਮੇਰੇ ਕੋਲ ਸੂਟ ਖਰੀਦਣ ਲਈ ਪੈਸੇ ਨਹੀਂ ਸਨ। ਮੈਂ ਆਪਣੀ ਕੋਈ ਵੱਖਰੀ ਪਹਿਚਾਣ ਬਣਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸਾਂ। ਪਰ ਅੱਜ ਕਿਸੇ ਨੇ ਮੇਰੀ ਗ਼ੁਰਬਤ ਦਾ ਮਜ਼ਾਕ ਉਡਾਇਆ ਸੀ। ਮੈਨੂੰ ਆਪਣੇ ਆਪ ਨਾਲ ਨਫਰਤ ਹੋਣ ਲੱਗੀ ਸੀ। ਸਮਝ ਨਹੀਂ ਆ ਰਹੀ ਸੀ ਕਿ ਕੀ ਕਰਾਂ, ਕਿੱਧਰ ਜਾਵਾਂ। ਬੇਧਿਆਨੀ ਵਿਚ ਮੈਂ ਸ਼ਿਵ ਨੂੰ ਮਿਲਣ ਆ ਗਿਆ ਸੀ।

ਬੈਂਕ 'ਚੋਂ ਨਿਕਲ ਕੇ ਅਸੀਂ ਬਾਜ਼ਾਰ ਵੱਲ ਤੁਰ ਪਏ। ਪੁਲ ਪਾਰ ਕਰਕੇ ਇਕ ਫੋਟੋਗਰਾਫੀ ਦੀ ਦੁਕਾਨ ਅੱਗੋਂ ਲੰਘ ਰਹੇ ਸਾਂ। ਫੋਟੋਗਰਾਫਰ ਨੇ ਆਵਾਜ਼ ਦਿੱਤੀ, 'ਬਟਾਲਵੀ ਸਾਹਿਬ, ਕਦੀ ਸਾਨੂੰ ਵੀ ਦਰਸ਼ਨ ਦੇ ਦਿਆ ਕਰੋ'। ਅਸੀਂ ਦੁਕਾਨ ਦੇ ਅੰਦਰ ਚਲੇ ਗਏ। ਸ਼ਿਵ ਨੇ ਕਿਹਾ, 'ਇਹ ਮੇਰਾ ਦੋਸਤ ਪਤਾ ਨਹੀਂ ਏਨਾ ਉਦਾਸ ਕਿਉਂ ਹੈ, ਸਾਡੀ ਇਕ ਤਸਵੀਰ ਖਿੱਚ ਦੇਹ'। ਸ਼ਿਵ ਨੇ ਮੈਨੂੰ ਆਪਣੀਆਂ ਬਾਹਾਂ ਦੀ ਵਲਗਣ ਵਿਚ ਲੈ ਲਿਆ। ਮੇਰੀ ਪੀੜ ਮੱਧਮ ਹੋ ਗਈ। ਇਉਂ ਲੱਗਿਆ ਕੋਈ ਮੇਰੇ ਦਰਦ ਨੂੰ ਪਛਾਣਦਾ ਹੈ। ਮੇਰੇ ਗ਼ਮ ਨੂੰ ਸਮਝਦਾ ਹੈ। ਮੇਰੀ ਪਰਵਾਹ ਕਰਦਾ ਹੈ। ਅਮਰੀਕਾ ਆਉਣ ਵੇਲੇ ਮੈਂ ਇਸ ਤਸਵੀਰ ਨੂੰ ਆਪਣੇ ਨਾਲ ਲੈ ਆਇਆ ਸੀ। ਅੱਜ ਤੀਕ ਮੈਂ ਇਸ ਨੂੰ ਸਾਂਭ ਕੇ ਰੱਖਿਆ ਹੈ।

ਅਕਤੂਬਰ 1966 ਸ਼ਿਵ ਨੇ ਆਪਣੇ ਵਿਆਹ ਦੀ ਗੱਲ ਤੋਰੀ। ਮੈਨੂੰ ਹੈਰਾਨੀ ਹੋਈ। ਕੌਣ ਸੀ ਉਸਦੇ ਜੀਵਨ ਸਾਥ ਦੀ ਚੋਣ? ਇਹ ਸਭ ਕਦੋਂ ਹੋਇਆ? ਕਿਵੇਂ ਹੋਇਆ? ਸ਼ਾਇਦ ਉਸ ਨੇ ਇਹ ਗੱਲ ਮੇਰੇ ਨਾਲ ਸਾਂਝੀ ਕਰਨ ਦੀ ਜ਼ਰੂਰਤ ਨਾ ਸਮਝੀ ਹੋਵੇ। ਖ਼ੈਰ, ਉਸਦੇ ਚਿਹਰੇ 'ਤੇ ਰੌਣਕ ਆ ਗਈ ਸੀ, ਆਵਾਜ਼ ਵਿਚ ਇਕ ਨਵਾਂ ਸਰੂਰ ਭਰ ਗਿਆ ਸੀ। ਕਈ ਵਾਰੀ ਗੱਲਾਂ ਕਰਦਾ ਕਰਦਾ ਉਹ ਉਦਾਸ ਹੋ ਜਾਂਦਾ। ਉਹ ਆਪਣਾ ਵਿਆਹ ਧੂਮ ਧਾਮ ਨਾਲ ਕਰਨਾ ਚਾਹੁੰਦਾ ਸੀ ਪਰ ਉਸ ਕੋਲ

ਵਸੀਲੇ ਨਹੀਂ ਸਨ। ਇਕ ਸਵੇਰੇ ਵਰਾਂਡੇ ਵਿਚ ਬੈਠੇ ਸਾਂ। ਛੁੱਟੀ ਦਾ ਦਿਨ ਸੀ। ਅਚਾਨਕ ਉਸ ਕਿਹਾ, 'ਯਾਰ ਬੜੀ ਡਿਪਰੈਸ਼ਨ ਹੋ ਰਹੀ ਏ '। ਮੈਂ ਉਸਦੀ ਡਿਪਰੈਸ਼ਨ ਦੀ ਵਜ੍ਹਾ ਜਾਣਦਾ ਸਾਂ। ਕੁਝ ਕਹਿਣ ਦੀ ਲੋੜ ਨਹੀਂ ਸੀ। ਇਕ ਸਿਆਸਤਦਾਨ ਉਸਦਾ ਕਦਰਦਾਨ ਸੀ। ਉਸ ਦਿਨ ਸ਼ਹਿਰ ਦੇ ਕਾਰਖਾਨੇਦਾਰਾਂ ਨੇ ਉਸ ਨਾਲ ਮੀਟਿੰਗ ਰੱਖੀ ਸੀ ਰੇਲਵੇ ਰੋਡ ਦੇ ਇਕ ਕਾਰਖਾਨੇ ਵਿਚ। ਸ਼ਿਵ ਚਾਹੁੰਦਾ ਸੀ ਕਿ ਮੈਂ ਉਸ ਮੰਤਰੀ ਜੀ ਨੂੰ ਉਸਦਾ ਸੁਨੇਹਾ ਦੇਣ ਜਾਵਾਂ। ਉਸਨੂੰ ਯਕੀਨ ਸੀ ਕਿ ਮੰਤਰੀ ਜੀ ਉਸਦੀ ਸਮੱਸਿਆ ਹੱਲ ਕਰ ਦੇਣਗੇ। ਮੈਨੂੰ ਸਿਆਸਤਦਾਨਾਂ ਤੇ ਲੀਡਰਾਂ ਨੂੰ ਮਿਲਣ ਦਾ ਕੋਈ ਸ਼ੌਕ ਨਹੀਂ ਸੀ। ਪਰ ਸ਼ਿਵ ਦੀ ਖ਼ਾਹਿਸ਼ ਮੇਰੇ ਲਈ ਹੁਕਮ ਸੀ। ਮੈਂ ਸਾਈਕਲ ਚੁੱਕਿਆ, ਮੰਤਰੀ ਜੀ ਨੂੰ ਸੁਨੇਹਾ ਦਿੱਤਾ। ਮੰਤਰੀ ਜੀ ਨੇ ਕਿਹਾ ਉਹ ਜਾਣ ਤੋਂ ਪਹਿਲਾਂ ਸ਼ਿਵ ਨੂੰ ਮਿਲਣ ਆਉਣਗੇ।

ਮੰਤਰੀ ਜੀ ਸ਼ਿਵ ਕੁਮਾਰ ਨੂੰ ਮਿਲਣ ਨਹੀਂ ਆਏ। ਮੇਰੀ ਸਿਆਸਤਦਾਨਾਂ ਬਾਰੇ ਸੋਚ ਸਹੀ ਸੀ।

ਸ਼ਿਵ ਆਪਣੇ ਦੋਸਤਾਂ ਨੂੰ ਚਿੱਠੀਆਂ ਲਿਖਣ ਲੱਗਾ। ਅਸਲ ਵਿਚ ਸ਼ਬਦ ਉਸ ਦੇ ਸਨ, ਕਲਮ ਮੇਰੀ ਸੀ। ਉਸਨੂੰ ਮਾਲੀ ਸਹਾਇਤਾ ਦੀ ਲੋੜ ਸੀ। ਮੈਨੂੰ ਯਾਦ ਨਹੀਂ ਇਕ ਵੀ ਖ਼ਤ ਦਾ ਜਵਾਬ ਆਇਆ ਹੋਵੇ। ਸ਼ਿਵ ਦੀ ਡਿਪਰੈਸ਼ਨ ਵਧ ਰਹੀ ਸੀ। ਇਕ ਦਿਨ ਕਿਹਾ, 'ਤੂੰ ਪਠਾਨਕੋਟ ਜਾ ਕੇ ਗੱਲ ਕਰਕੇ ਆ'। ਪਠਾਨਕੋਟ ਉਸਦੀ ਹੋਣ ਵਾਲੀ ਪਤਨੀ ਦਾ ਪਰਿਵਾਰ ਸ਼ਾਦੀ ਕਰਨ ਲਈ ਆਇਆ ਸੀ। ਉਹ ਚਾਹੁੰਦਾ ਸੀ ਕਿ ਉਸਦੀ ਬਰਾਤ ਦੀ ਖਾਤਰਦਾਰੀ ਵਿਚ ਕੋਈ ਕਸਰ ਨਾ ਛੱਡੀ ਜਾਵੇ। ਬਰਾਤ ਵਿਚ ਵੱਡੇ ਵੱਡੇ ਲੋਕ ਸ਼ਾਮਲ ਹੋਣਗੇ। ਉਹ ਉਨ੍ਹਾਂ 'ਤੇ ਆਪਣੇ ਰੁਤਬੇ ਦੀ ਮੋਹਰ ਲਾਉਣੀ ਚਾਹੁੰਦਾ ਸੀ। ਮੈਨੂੰ ਇਸ ਮੱਧਵਰਗੀ ਬਿਰਤੀ 'ਤੇ ਘਿਰਣਾ ਹੋਣ ਲੱਗੀ। ਪਰ ਇਕ ਵਾਰੀ ਫਿਰ ਮੈਂ ਆਪਣੇ ਆਦਰਸ਼ਾਂ ਅੱਗੇ ਸਿਰ ਝੁਕਾ ਦਿੱਤਾ।

ਮੇਰੇ ਲਈ ਇਸ ਤਰ੍ਹਾਂ ਦਾ ਰੋਲ ਨਿਭਾਉਣਾ ਮੁਸ਼ਕਿਲ ਸੀ। ਮੈਂ ਆਪਣੇ ਆਪ ਨੂੰ ਦੁਨੀਆਦਾਰੀ ਦੇ ਫਰਜ਼ ਨਿਭਾਉਣ ਦੇ ਕਾਬਲ ਨਹੀਂ ਸਮਝਦਾ ਸੀ।ਅਗਲੇ ਦਿਨ ਪਠਾਨਕੋਟ ਦੀ ਬੱਸ ਵਿਚ ਬੈਠਾ ਮੈਂ ਸ਼ਿਵ ਕੁਮਾਰ ਦੀ ਚੋਣ ਦੀ ਕਲਪਨਾ ਕਰਦਾ ਰਿਹਾ। ਉਸਦੇ ਸਹੁਰੇ ਪਰਿਵਾਰ ਨਾਲ ਉਸਦੀ ਸਮੱਸਿਆ ਸਾਂਝੀ ਕੀਤੀ। ਉਸਦੀ ਹੋਣ ਵਾਲੀ ਪਤਨੀ ਦੀ ਇਕ ਝਲਕ ਵੇਖੀ। ਮੇਰਾ ਇਹ ਵਿਸ਼ਵਾਸ ਰਿਹਾ ਹੈ ਕਿ ਸ਼ਿਵ ਕੁਮਾਰ ਨੇ ਜ਼ਿੰਦਗੀ ਵਿਚ ਜੇ ਕੋਈ ਕੰਮ ਠੀਕ ਕੀਤਾ ਸੀ ਤਾਂ ਉਹ ਬਿਨਾਂ ਸ਼ੱਕ ਆਪਣੇ ਜੀਵਨ ਸਾਥੀ ਦੀ ਚੋਣ ਸੀ। ਅਰੁਨਾ ਭਾਬੀ ਮੋਮ ਦੀ ਡਲੀ ਸੀ ਜੋ ਕਿਸੇ ਵੀ ਸੱਚੇ ਵਿਚ ਖ਼ੁਸ਼ੀ ਨਾਲ ਢਲਣ ਲਈ ਤਿਆਰ ਸੀ। ਸ਼ਿਵ ਕੁਮਾਰ ਨੂੰ ਏਹੋ ਜੇਹੇ ਜੀਵਨ ਸਾਥੀ ਦੀ ਹੀ ਲੋੜ ਸੀ।

ਸ਼ਿਵ ਕੁਮਾਰ ਦੇ ਵਿਆਹ ਬਾਰੇ ਮੇਰੀ ਯਾਦ ਧੁੰਦਲੀ ਪੈ ਗਈ ਹੈ। ਬੱਸ ਯਾਦ ਹੈ ਪਠਾਨਕੋਟ ਦੇ ਰੈਸਟ ਹਾਊਸ ਵਿਚ ਇਕ ਸਰਦ ਸ਼ਾਮ...ਯਾਦ ਨਹੀਂ ਕੌਣ ਇਸ ਜਸ਼ਨ ਵਿਚ ਸ਼ਾਮਲ ਸੀ ਤੇ ਕੌਣ ਨਹੀਂ...ਯਾਦ ਨੇ ਕੈਨਟੋਨਮੈਂਟ ਤੋਂ ਮਿਲਟਰੀ ਵਾਲਿਆਂ ਦੀਆਂ ਜੀਪਾਂ...ਰੱਮ ਦੀਆਂ ਪੇਟੀਆਂ...ਯਾਦ ਹੈ ਨਸ਼ੇ ਦਾ ਵਗਦਾ ਦਰਿਆ...ਉਸ ਦਰਿਆ ਵਿਚ ਬਾਕੀ ਲੋਕਾਂ ਵਾਂਗ ਮੈਂ ਵੀ ਡੁੱਬ ਗਿਆ ਸਾਂ।

ਅਰੁਨਾ ਭਾਬੀ ਦੇ ਆਉਣ ਨਾਲ ਸ਼ਿਵ ਦੀ ਜ਼ਿੰਦਗੀ ਵਿਚ ਖੇੜਾ ਆ ਗਿਆ ਸੀ। ਸ਼ਿਵ ਨੂੰ ਆਪਣੇ ਗੀਤਾਂ ਦੀ ਲਾਜਵੰਤੀ ਮਿਲ ਗਈ ਸੀ ਜਿਸਨੂੰ ਵੇਖਿਆਂ ਲਗਦਾ ਸੀ ਕਿ ਕਿਸੇ ਬਿਰਹਾ ਨੇ ਉਸਨੂੰ ਛੋਹਿਆ ਨਹੀਂ ਸੀ। ਮਾਸੂਮੀਅਤ ਦੀ ਜੀਂਦੀ ਜਾਗਦੀ ਤਸਵੀਰ। ਗੱਲ ਕਰਦੀ ਤਾਂ ਮੱਧਮ ਦੀਵਿਆਂ ਦੀ ਲੋਅ ਤੇਜ਼ ਹੋ ਜਾਂਦੀ। ਮੁਸਕਰਾਂਦੀ ਤਾਂ ਕਨੇਰਾਂ 'ਤੇ ਫੁੱਲ ਖਿੜ ਜਾਂਦੇ।

ਕੁਝ ਦਿਨ ਮੈਂ ਸ਼ਿਵ ਕੁਮਾਰ ਦੇ ਇਸ ਨਵੇਂ ਪਰਿਵਾਰ ਦਾ ਹਿੱਸਾ ਬਣਨ ਦੀ ਕੋਸ਼ਿਸ਼ ਕੀਤੀ। ਪਰ ਮੇਰੀ ਪੜ੍ਹਾਈ ਦਾ ਕਾਫ਼ੀ ਨੁਕਸਾਨ ਹੋ ਚੁੱਕਾ ਸੀ। ਮੈਨੂੰ ਆਉਣ ਵਾਲੇ ਦਿਨਾਂ ਦਾ ਫ਼ਿਕਰ ਲੱਗ ਗਿਆ। ਸ਼ਿਵ ਨੂੰ ਕਿਹਾ, 'ਮੇਰਾ ਇਕ ਜਮਾਤੀ ਇਕੱਲਾ ਰਹਿੰਦਾ ਹੈ। ਮੈਂ ਕੁਝ ਦਿਨਾਂ ਲਈ ਉਸ ਨਾਲ ਰਹਿ ਕੇ ਆਪਣੀ ਕਮੀ ਪੂਰੀ ਕਰਨੀ ਚਾਹੁੰਦਾ ਹਾਂ'। ਸ਼ਿਵ ਨੇ ਕਿਹਾ, 'ਠੀਕ ਹੈ ਜਦੋਂ



ਤੇਰਾ ਜੀਅ ਕਰੇ ਆ ਜਾਇਆ ਕਰ...ਇਹ ਘਰ ਤੇਰਾ ਵੀ ਹੈ'। ਮੈਂ ਆਪਣੀਆਂ ਕਿਤਾਬਾਂ ਤੇ ਚਾਰ ਕੱਪੜੇ ਕੱਛੇ ਮਾਰੇ ਤੇ ਬਿਨਾਂ ਕੁਝ ਕਹੇ ਬਾਹਰ ਨਿਕਲ ਆਇਆ।

ਇਕ ਵਾਰੀ ਫਿਰ ਮੈਂ ਬੇਘਰ ਹੋ ਗਿਆ ਸੀ। ਖਾਨਾਬਦੋਸ਼ੀ ਦਾ ਸਿਲਸਿਲਾ ਫਿਰ ਸ਼ੁਰੂ ਹੋ ਗਿਆ। ਕੜਕ ਸਰਦੀਆਂ ਵਿਚ ਗਰਮ ਕੱਪੜੇ ਨਹੀਂ ਸਨ। ਇਕ ਦੋਸਤ ਕੋਲੋਂ ਦੋ ਦਿਨ ਲਈ ਸਵੈਟਰ ਉਧਾਰਾ ਲਿਆ...ਮਹੀਨਾ ਭਰ ਵਾਪਸ ਨਹੀਂ ਕੀਤਾ। ਅੰਮ੍ਰਿਤਸਰ ਤੋਂ ਬਟਾਲੇ ਪੜ੍ਹਨ ਆਏ ਇਕ ਜਮਾਤੀ ਨਾਲ ਢਾਬੇ 'ਤੇ ਰੋਟੀ ਖਾਂਦਾ ਸੀ, ਪੈਸੇ ਉਹ ਦੇਂਦਾ ਸੀ। ਇਕ ਵਾਰੀ ਉਹ ਘਰ ਗਿਆ ਤਿੰਨ ਦਿਨ ਵਾਪਸ ਨਹੀਂ ਆਇਆ ਤਾਂ ਦੋ ਦਿਨ ਫ਼ਾਕੇ ਕੱਟਣੇ ਪਏ। ਗਰੀਬਾਂ ਰੱਖੇ ਰੋਜ਼ੇ ਦਿਨ ਵੱਡੇ ਆਏ। ਇਕ ਅਮਰੀਕਨ ਪ੍ਰੋਫੈਸਰ ਨੂੰ ਮੇਰੀ ਹਾਲਤ ਦਾ ਪਤਾ ਲੱਗਾ ਤਾਂ ਉਸਨੇ ਮੇਰੇ ਕਹੇ ਬ਼ਗੈਰ ਫੀਸਾਂ ਤੇ ਦਾਖ਼ਲੇ ਦੇ ਪੈਸੇ ਜਮ੍ਹਾਂ ਕਰਵਾ ਦਿੱਤੇ। ਦਿਨ ਕਾਲਿਜ ਵਿਚ ਨਿਕਲ ਜਾਂਦਾ, ਰਾਤ ਅੱਜ ਏਥੇ ਕੱਲ ਓਥੇ।

ਇਨ੍ਹਾਂ ਦਿਨਾਂ ਵਿਚ ਮੈਂ ਸ਼ਿਵ ਕੁਮਾਰ ਨੂੰ ਮਿਲਣ ਨਹੀਂ ਗਿਆ। ਮੈਂ ਨਹੀਂ ਚਾਹੁੰਦਾ ਸੀ ਕਿ ਉਸਨੂੰ ਮੇਰੀ ਮੁਫਲਸੀ 'ਤੇ ਤਰਸ ਆਵੇ ਤੇ ਉਹ ਮੈਨੂੰ ਮੁੜ ਘਰ ਲੈ ਜਾਵੇ। ਮੈਂ ਅਕਸਰ ਸੋਚਦਾ ਕੀ ਉਹ ਮੇਰੇ ਬਾਰੇ ਸੋਚਦਾ ਹੋਵੇਗਾ? ਸ਼ਾਇਦ ਨਹੀਂ। ਸ਼ਾਇਦ ਮੇਰੀ ਸੋਚ ਗ਼ਲਤ ਸੀ। ਸ਼ਿਵ ਨੂੰ ਆਪਣੇ ਬਾਰੇ ਕੁਝ ਕਹਿਣ ਦੀ ਲੋੜ ਕਦੀ ਮਹਿਸੂਸ ਨਹੀਂ ਕੀਤੀ ਸੀ। ਦਰਦ ਦੇ ਰਿਸ਼ਤੇ ਦੀ ਕੋਈ ਜ਼ੁਬਾਨ ਨਹੀਂ ਹੁੰਦੀ। ਦੋਸਤੀ ਦਾ ਕਦੀ ਇਮਤਿਹਾਨ ਲੈਣਾ ਨਹੀਂ ਚਾਹੀਦਾ।

ਮੈਂ ਐੱਮ. ਏ. ਦਾ ਪਹਿਲਾ ਸਾਲ ਪਾਸ ਕਰ ਲਿਆ ਸੀ। ਮੇਰੇ ਅਮਰੀਕਨ ਪ੍ਰੋਫੈਸਰ ਨੇ ਮੈਨੂੰ ਹੋਸਟਲ ਵਿਚ ਕਮਰਾ ਲੈ ਦਿੱਤਾ। ਪਾਰਟ ਟਾਈਮ ਕੰਮ ਲੈ ਦਿੱਤਾ। ਇਕ ਕਲਾਸ ਪੜ੍ਹਾਉਣ ਦੇ ਬਦਲੇ ਜੇਬ ਖਰਚ ਦੇ ਪੈਸੇ ਮਿਲ ਜਾਂਦੇ। ਹੁਣ ਫ਼ਾਕੇ ਕੱਟਣ ਦੀ ਨੌਬਤ ਨਹੀਂ ਆਵੇਗੀ। ਜ਼ਿੰਦਗੀ 'ਤੇ ਕੋਈ ਗ਼ਿਲਾ ਸ਼ਿਕਵਾ ਨਹੀਂ ਸੀ। ਹੋਸਟਲ ਸ਼ਿਵ ਕੁਮਾਰ ਦੇ ਘਰ ਤੋਂ ਪੰਜ ਕੁ ਮਿੰਟ ਦੂਰ ਸੀ। ਕਈ ਵਾਰੀ ਉਹ ਅਚਾਨਕ ਆ ਜਾਂਦਾ। ਅਸੀਂ ਕਾਦੀਆਂ ਵਾਲੀ ਸੜਕ 'ਤੇ ਨਿਕਲ ਤੁਰਦੇ। ਉਹ ਆਪਣੀ ਕੋਈ ਨਵੀਂ ਨਜ਼ਮ ਸੁਣਾਉਂਦਾ, ਮੈਂ ਸੁਣਦਾ। ਮੈਂ ਕੀ ਲਿਖਿਆ ਹੈ, ਨਾ ਉਸ ਕਦੀ ਪੁੱਛਿਆ ਨਾ ਮੈਂ ਦੱਸਿਆ।

ਅੰਮ੍ਰਿਤਸਰ ਪ੍ਰੋਗਰੈਸਿਵ ਰਾਈਟਰਜ਼ ਜਾਂ ਇਸੇ ਤਰ੍ਹਾਂ ਦਾ ਕੋਈ ਫੰਕਸ਼ਨ ਸੀ, ਪੱਕਾ ਯਾਦ ਨਹੀਂ। ਬੰਬਈ ਤੋਂ ਸਾਹਿਰ ਲੁਧਿਆਨਵੀ ਤੇ ਕਈ ਹੋਰ ਸ਼ਾਇਰ ਆਏ ਸਨ। ਸ਼ਾਮ ਨੂੰ ਕਵੀ ਦਰਬਾਰ ਸੀ। ਸ਼ਿਵ ਹਿੱਸਾ ਲੈ ਰਿਹਾ ਸੀ। ਸਾਡਾ ਸਾਂਝਾ ਦੋਸਤ ਮੋਹਨ ਕਾਹਲੋਂ ਮੈਨੂੰ ਆਪਣੇ ਨਾਲ ਲੈ ਗਿਆ। ਨਵਤੇਜ ਸਿੰਘ ਪ੍ਰੀਤਲੜੀ ਸਟੇਜ ਦਾ ਪ੍ਰਬੰਧ ਕਰ ਰਿਹਾ ਸੀ। ਮੋਹਨ ਕਾਹਲੋਂ ਨੇ ਕਿਹਾ, 'ਇਹ ਪ੍ਰੇਮ ਹੈ, ਸ਼ਿਵ ਦਾ ਦੋਸਤ, ਲਿਖਦਾ ਵੀ ਹੈ'। ਨਵਤੇਜ ਨੇ ਮੈਨੂੰ ਸਟੇਜ 'ਤੇ ਸ਼ਾਇਰਾਂ ਦੀ ਪਿਛਲੀ ਕਤਾਰ ਵਿਚ ਬੈਠ ਜਾਣ ਦਾ ਮਾਣ ਦਿੱਤਾ। ਸ਼ਿਵ ਕੁਮਾਰ ਦੀ ਵਾਰੀ ਆਈ। ਉਹ ਗੋਡਿਆਂ ਭਾਰ ਮਾਈਕ ਅੱਗੇ ਬੈਠ ਗਿਆ। ਨਜ਼ਮ ਸ਼ੁਰੂ ਕੀਤੀ, *ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ।* ਹਾਲ ਵਿਚ ਸਰੋਤਿਆਂ ਦੀਆਂ ਆਪਸ ਵਿਚ ਗੱਲਾਂ ਕਰਨ ਦੀਆਂ ਅਵਾਜ਼ਾਂ ਜਾਰੀ ਰਹੀਆਂ। ਸ਼ਿਵ ਖਿਝ ਗਿਆ। ਚੁੱਪ ਕਰ ਗਿਆ। ਫਿਰ ਨਵੀਂ ਨਜ਼ਮ ਸ਼ੁਰੂ ਕੀਤੀ। ਸਰੋਤਿਆਂ ਨੇ ਤਾੜੀਆਂ ਮਾਰੀਆਂ। ਪਹਿਲੀ ਵਾਰੀ ਮੈਨੂੰ ਲੱਗਿਆ ਸ਼ਿਵ ਦਾ ਜਾਦੂ ਮੱਧਮ ਹੋ ਰਿਹਾ ਸੀ। ਫਿਰ ਸੋਚਿਆ ਕਿ ਇਹ ਸ਼ਾਇਦ ਸਰੋਤਿਆਂ ਦਾ ਕਸੂਰ ਸੀ, ਸ਼ਿਵ ਦੇ ਜਾਦੂ ਵਿਚ ਕੋਈ ਕਮੀ ਨਹੀਂ ਸੀ। ਮੁਸ਼ਾਇਰੇ ਦੇ ਬਾਅਦ ਸ਼ਿਵ ਮੈਨੂੰ ਸ਼ਹਿਰ ਦੇ ਇਕ ਜੱਜ ਦੀ ਕੋਠੀ ਲੈ ਗਿਆ। ਇਹ ਜੱਜ ਸਾਹਿਤ ਤੇ ਸੰਗੀਤ ਕਲਾ ਦਾ ਪ੍ਰੇਮੀ ਸੀ ਤੇ ਸ਼ਹਿਰ ਵਿਚ ਆਈਆਂ ਨਾਮਵਰ ਹਸਤੀਆਂ ਦੀ ਆਪਣੇ ਘਰ ਖਾਤਰਦਾਰੀ ਕਰਨ ਲਈ ਮਸ਼ਹੂਰ ਸੀ। ਸਾਹਿਤਕਾਰਾਂ ਤੇ ਕਲਾਕਾਰਾਂ ਦੇ ਇਸ ਇਕੱਠ ਵਿਚ ਮੈਂ ਪੂਰੀ ਤਰ੍ਹਾਂ ਅਣਗੌਲਿਆ ਰਿਹਾ। ਆਪਣੇ ਆਪ ਨੂੰ ਬਹੁਤ ਛੋਟਾ ਮਹਿਸੂਸ ਕਰਨ ਲੱਗਾ। ਪਹਿਲੀ ਵਾਰ ਮੈਨੂੰ ਸ਼ਿਵ ਦੇ ਸਾਥ ਵਿਚ ਖ਼ੁਸ਼ੀ ਮਹਿਸੂਸ ਨਹੀਂ ਹੋਈ।

ਸ਼ਿਵ ਕੁਮਾਰ ਨੂੰ "ਲੂਣਾ" 'ਤੇ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ। ਦਿੱਲੀ ਤੋਂ

ਵਾਪਸ ਆਕੇ ਉਹ ਮੈਨੂੰ ਹੋਸਟਲ ਵਿਚ ਮਿਲਣ ਆਇਆ। ਮੇਰੇ ਨਾਲ ਹੋਸਟਲ ਵਿਚ ਰੋਟੀ ਖਾਧੀ ਤੇ ਫਿਰ ਅਸੀਂ ਬਾਜ਼ਾਰ ਵੱਲ ਤੁਰ ਪਏ। ਦੱਸਿਆ ਕਿ ਉਹ ਇਕ ਲੰਮੀ ਕਵਿਤਾ ਲਿਖਣੀ ਚਾਹੁੰਦਾ ਹੈ। ਇਕ ਨਵੀਂ ਕਿਸਮ ਦੀ ਚੀਜ਼। ਕੁਝ ਸਤਰਾਂ ਸੁਣਾਈਆਂ, ***ਮੇਰੇ ਜ਼ਿਹਨ ਦੇ ਮੋੜਾਂ 'ਤੇ ਦਿਨ ਭਰ ਖ਼ਾਕ ਉੱਡੀ ਹੈ, ਮੈਂ ਸੁਣਿਐ ਕਿਸੇ ਜੰਗਲ ਚ ਮੇਰੀ ਉਮਰ ਉੱਗੀ ਹੈ।*** ਮੇਰੇ ਦਿਲ ਵਿਚ ਖ਼ੁਸ਼ੀ ਦੀਆਂ ਲਹਿਰਾਂ ਠਾਠਾਂ ਮਾਰ ਰਹੀਆਂ ਸਨ। ਮੇਰੇ ਦੋਸਤ ਨੂੰ ਸਰਕਾਰੀ ਮਾਨਤਾ ਮਿਲੀ ਸੀ ਤੇ ਉਹ ਇਸ ਵੇਲੇ ਮੈਨੂੰ ਮਿਲਣ ਆਇਆ ਸੀ।

ਸ਼ਿਵ ਕੁਮਾਰ ਬਾਪ ਬਣ ਗਿਆ। ਹੋਰ ਖੁਸ਼ੀ ਹੋਈ। ਫਿਰ ਸੋਚਿਆ, ਸ਼ਿਵ ਮਸਤ ਮਲੰਗ ਇਨਸਾਨ ਹੈ...ਪਰਿਵਾਰਕ ਬੰਧਨਾ ਤੇ ਸਮਾਜਕ ਰਸਮਾਂ ਦੇ ਦਾਇਰੇ ਤੋਂ ਨਿਰਲੇਪ। ਕਿਸਤਰ੍ਹਾਂ ਚੱਲੇਗੀ ਗ੍ਰਹਿਸਤ ਦੀ ਗੱਡੀ? ਸ਼ਿਵ ਆਪਣੇ ਬੇਟੇ ਨੂੰ ਲਾਡ ਨਾਲ ਵਿਸਕੀ ਆਖਦਾ। ਮੈਂ ਵਿਸਕੀ ਦੇ ਭਵਿੱਖ ਬਾਰੇ ਸੋਚਣ ਲਗਦਾ। ਫਿਰ ਉਸਦੇ ਘਰ ਇਕ ਬੇਟੀ ਨੇ ਜਨਮ ਲਿਆ। ਸੁਣਿਆਂ ਸ਼ਿਵ ਨੂੰ ਆਪਣੇ ਬੱਚਿਆਂ ਨਾਲ ਬੜਾ ਮੋਹ ਸੀ। ਉਨ੍ਹਾਂ ਦਾ ਬਹੁਤ ਖ਼ਿਆਲ ਰਖਦਾ ਸੀ। ਉਸਨੇ ਆਪਣੇ ਬਾਰੇ ਕਦੀ ਫ਼ਿਕਰ ਨਹੀਂ ਕੀਤਾ ਸੀ। ਹੁਣ ਉਹ ਆਪਣੇ ਬੱਚਿਆਂ ਦੀਆਂ ਲੋੜਾਂ ਬਾਰੇ ਫ਼ਿਕਰਮੰਦ ਸੀ। ਸੁਣਕੇ ਚੰਗਾ ਹੀ ਲੱਗਿਆ।

ਅਗਲੀ ਵਾਰੀ ਜਦ ਸ਼ਿਵ ਕੁਮਾਰ ਮੈਨੂੰ ਹੋਸਟਲ ਵਿਚ ਮਿਲਣ ਆਇਆ ਤਾਂ ਉਸਦੇ ਹੱਥ ਵਿਚ ਇਕ ਕਿਤਾਬ ਸੀ। ਕਿਹਾ, 'ਦਿੱਲੀ ਵਿਚ ਮੈਨੂੰ ਚੈਕੋਸਲੋਵਾਕੀਆ ਦੀ ਇਕ ਨਾਵਲਕਾਰ ਮਿਲੀ ਸੀ...ਨਾਂ ਸੀ ਗਰੋਜ਼ਦਾਨਾ ਉਲੂਇਚ। ਇਹ ਉਸਦਾ ਪਹਿਲਾ ਨਾਵਲ ਹੈ ਅੰਗਰੇਜ਼ੀ ਅਨੁਵਾਦ, "ਐਨ ਐਕਸਕਰਸ਼ਨ ਇੰਟੂ ਹੈਵਨ"। ਫਿਰ ਆਖਿਆ, 'ਜੇ ਤੂੰ ਇਸਦਾ ਪੰਜਾਬੀ ਵਿਚ ਅਨੁਵਾਦ ਕਰਨਾ ਚਾਹੇਂ ਤਾਂ ਮੈਂ ਭਾਪਾ ਪ੍ਰੀਤਮ ਸਿੰਘ ਨੂੰ ਕਹਿਕੇ ਛਪਵਾ ਦਿਆਂਗਾ, ਤੈਨੂੰ ਕੁਝ ਪੈਸੇ ਵੀ ਮਿਲ ਜਾਣਗੇ'। ਮੈਂ ਕਿਹਾ, 'ਇਮਤਿਹਾਨਾਂ ਦੇ ਬਾਅਦ ਮੈਂ ਜ਼ਰੂਰ ਇਸਦਾ ਅਨੁਵਾਦ ਕਰ ਦਿਆਂਗਾ'।

ਐੱਮ. ਏ. ਦੇ ਇਮਤਿਹਾਨ ਦੇਣ ਤੋਂ ਬਾਅਦ ਮੈਂ ਵਿਹਲਾ ਹੋ ਗਿਆ ਸੀ। ਦੋ ਮਹੀਨੇ ਦਿਨ ਰਾਤ ਕਰਕੇ ਮੈਂ ਉਸਦਾ ਪੰਜਾਬੀ ਵਿਚ ਅਨੁਵਾਦ ਕੀਤਾ, "ਇਕ ਸਵਰਗੀ ਝੂਟਾ"। ਇਕ ਦਿਨ ਮੈਂ ਖਰੜਾ ਸ਼ਿਵ ਨੂੰ ਦੇ ਆਇਆ।

ਸ਼ਿਵ ਕੁਮਾਰ ਬਟਾਲਾ ਛੱਡ ਕੇ ਚੰਡੀਗੜ੍ਹ ਚਲਾ ਗਿਆ। ਸਟੇਟ ਬੈਂਕ ਦੀ ਨੌਕਰੀ ਚਲਦੀ ਰਹੀ।

ਮੈਨੂੰ ਬੇਅਰਿੰਗ ਕਾਲਿਜ ਬਟਾਲਾ ਵਿਚ ਅੰਗਰੇਜ਼ੀ ਦੇ ਲੈਕਚਰਾਰ ਦੀ ਨੌਕਰੀ ਮਿਲ ਗਈ। ਇਕ ਦਿਨ ਡਾਕ ਵਿਚ ਇਕ ਪਾਰਸਲ ਆਇਆ। ਕਿਤਾਬ ਸੀ, "ਇਕ ਸਵਰਗੀ ਝੂਟਾ"। ਅਨੁਵਾਦਕ ਸ਼ਿਵ ਕੁਮਾਰ। ਸੰਖੇਪ ਜੇਹੀ ਭੂਮਿਕਾ ਵਿਚ ਅਨੁਵਾਦਕ ਨੇ ਪ੍ਰੇਮ ਕੁਮਾਰ ਦੇ ਸਹਿਯੋਗ ਦਾ ਧੰਨਵਾਦ ਕੀਤਾ ਸੀ। ਮੈਨੂੰ ਝਟਕਾ ਜੇਹਾ ਲੱਗਿਆ। ਇਹ ਕੀ ਹੋਇਆ? ਮਨ ਨੂੰ ਸਮਝਾਇਆ, ਸ਼ਿਵ ਮੇਰੇ ਨਾਲ ਇਸ ਤਰ੍ਹਾਂ ਨਹੀਂ ਕਰ ਸਕਦਾ। ਉਹ ਮੇਰਾ ਦੋਸਤ ਹੈ। ਇਹ ਜ਼ਰੂਰ ਪਬਲਿਸ਼ਰ ਦਾ ਫੈਸਲਾ ਹੋਵੇਗਾ। ਇਕ ਸਥਾਪਤ ਲੇਖਕ ਦੇ ਨਾਂ ਹੇਠਾਂ ਛਪੀ ਕਿਤਾਬ ਦੇ ਵਿਕਣ ਦੇ ਚਾਂਸ ਜ਼ਿਆਦਾ ਸਨ। ਮੇਰੇ ਵਰਗੇ ਅਨਜਾਣ ਅਨੁਵਾਦਕ ਨੂੰ ਕੌਣ ਪੁੱਛਦਾ? ਅਗਲੀ ਵਾਰ ਜਦ ਚੰਡੀਗੜ੍ਹ ਗਿਆ ਤਾਂ ਕਿਤਾਬ ਦੀ ਗੱਲ ਮੇਰੇ ਜ਼ਿਹਨ ਵਿਚੋਂ ਨਿਕਲ ਚੁੱਕੀ ਸੀ।

ਮੇਰਾ ਚੰਡੀਗੜ੍ਹ ਜਾਣਾ ਵਧ ਗਿਆ ਸੀ। ਮੇਰੀ ਹੋਣ ਵਾਲੀ ਪਤਨੀ ਪੰਜਾਬ ਯੂਨੀਵਰਸਿਟੀ ਸਮਰ ਇੰਸਟੀਚਿਊਟ ਵਿਚ ਕਲਾਸਾਂ ਲੈ ਰਹੀ ਸੀ ਤੇ ਗਰਲਜ਼ ਹੋਸਟਲ ਵਿਚ ਰਹਿੰਦੀ ਸੀ। ਮੈਂ ਉਸ ਨੂੰ ਮਿਲਣ ਯੂਨੀਵਰਸਿਟੀ ਜਾਂਦਾ ਪਰ ਠਹਿਰਦਾ ਸ਼ਿਵ ਕੁਮਾਰ ਦੇ ਘਰ ਹੀ। ਜਦ ਸ਼ਿਵ ਨੂੰ ਸਾਡੇ ਮੇਲਜੋਲ ਬਾਰੇ ਪਤਾ ਲੱਗਾ ਤਾਂ ਉਹ ਬੜਾ ਖੁਸ਼ ਹੋਇਆ। ਸੁਆਦ ਲੈਕੇ ਪੁੱਛਦਾ, 'ਅੱਛਾ ਅੱਜ ਫੇਰ ਕਿੱਥੇ ਗਏ, ਕੀ ਕੀਤਾ?'

ਇਕ ਦਿਨ ਕਿਹਾ, 'ਚੱਲ ਤੈਨੂੰ ਗਾਰਗੀ ਨਾਲ ਮਿਲਾਵਾਂ'। ਅਸੀਂ ਯੂਮੀਵਰਸਿਟੀ ਦੇ ਓਪਨ



ਏਅਰ ਥੀਏਟਰ ਗਏ ਤਾਂ ਗਾਰਗੀ ਕਿਸੇ ਨਾਟਕ ਦੀ ਰੀਹਰਸਲ ਕਰਵਾ ਰਿਹਾ ਸੀ। ਕਹਿਣ ਲੱਗਾ, 'ਸ਼ਾਮ ਨੂੰ ਮਿਲਦੇ ਹਾਂ, (ਸੰਤ ਸਿੰਘ) ਸੇਖੋਂ ਵੀ ਆਇਆ ਹੈ'। ਸ਼ਾਮ ਨੂੰ ਅਸੀਂ ਸਤਾਰਾਂ ਸੈਕਟਰ ਦੀ ਕਿਸੇ ਬਾਰ ਵਿਚ ਮਿਲੇ। ਸ਼ਿਵ ਨੇ ਦੋਹਾਂ ਨਾਲ ਮੇਰੀ ਪਛਾਣ ਕਰਵਾਈ। ਸਾਡੇ ਸਾਂਝੇ ਸਫ਼ਰ ਦੀ ਗੱਲ ਕੀਤੀ। ਰਸਮੀ ਜੇਹੀ ਹੈਲੋ ਹੈਲੋ ਤੋਂ ਬਾਅਦ ਦੋਵੇਂ ਸਾਹਿਤਕਾਰ ਮੇਰੇ ਬਾਰੇ ਬੇਧਿਆਨ ਹੋ ਗਏ। ਕਦੀ ਕਦੀ ਗਾਰਗੀ ਸ਼ਿਵ ਨੂੰ ਹਲੂਣਦਾ, ਅੱਛਾ ਆਪਣੇ ਪ੍ਰੋਫੈਸਰ ਨੂੰ ਪੁੱਛ। ਮੈਂ ਸੋਚਦਾ ਰਿਹਾ, ਕੀ ਇਹ ਮੇਰੇ ਨਾਲ ਮਜ਼ਾਕ ਕਰ ਰਿਹਾ ਹੈ? ਇਕ ਦੋਸਤ ਦੀ ਗੱਲ ਯਾਦ ਆ ਗਈ, ਪੰਜਾਬੀ ਲੇਖਕਾਂ ਕੋਲ ਗੱਲ ਕਰਨ ਲਈ ਦੋ ਹੀ ਵਿਸ਼ੇ ਹੁੰਦੇ ਹਨ ਸ਼ਰਾਬ ਤੇ ਔਰਤ। ਕਿਉਂਕਿ ਸ਼ਰਾਬ ਇੱਥੇ ਪਹਿਲਾਂ ਹੀ ਮੌਜੂਦ ਸੀ ਇਸ ਲਈ ਗੱਲਬਾਤ ਦਾ ਸਿਰਫ ਇਕ ਹੀ ਵਿਸ਼ਾ ਰਹਿ ਗਿਆ ਸੀ। ਬਾਰ ਦੀ ਮੱਧਮ ਰੋਸ਼ਨੀ ਵਿਚ ਮੇਰਾ ਦਮ ਘੁਟਣ ਲੱਗਾ। ਗਾਰਗੀ ਤੇ ਸੇਖੋਂ ਮੇਰੇ ਲਈ ਬਜ਼ੁਰਗ ਸਾਹਿਤਕਾਰ ਸਨ। ਮੈਂ ਇਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਦੀ ਕਦਰ ਕਰਦਾ ਸਾਂ। ਮੈਨੂੰ ਇਸ ਮੁਲਾਕਾਤ ਦੀ ਕੋਈ ਖ਼ੁਸ਼ੀ ਨਾ ਹੋਈ।

ਚੰਡੀਗੜ੍ਹ ਤੋਂ ਤੁਰਨ ਵੇਲੇ ਸ਼ਿਵ ਕੁਮਾਰ ਨੇ ਮੈਨੂੰ "ਮੈਂ ਤੇ ਮੈਂ" ਦੀ ਇਕ ਕਾਪੀ ਦਿੱਤੀ। ਲਿਖਿਆ, 'ਆਪਣੇ ਪ੍ਰੇਮ ਨੂੰ ਪਿਆਰ ਨਾਲ'। ਬੱਸ ਅੱਡੇ 'ਤੇ ਪਹੁੰਚ ਕੇ ਮੈਂ ਕਿਤਾਬ ਨੂੰ ਬਟਾਲੇ ਜਾਣ ਵਾਲੀ ਬੱਸ ਦੀ ਇਕ ਖਾਲੀ ਸੀਟ 'ਤੇ ਰੱਖ ਦਿੱਤਾ ਤੇ ਟਿਕਟ ਲੈਣ ਲਈ ਹੇਠਾਂ ਉੱਤਰ ਅਇਆ। ਟਿਕਟ ਲੈ ਕੇ ਬੱਸ ਅੰਦਰ ਗਿਆ ਤਾਂ ਕਿਤਾਬ ਗ਼ਾਇਬ। ਮੈਨੂੰ ਲੱਗਿਆ ਕੋਈ ਮੇਰੇ ਜਿਸਮ ਨਾਲੋਂ ਇਕ ਅੰਗ ਤੋੜ ਕੇ ਲੈ ਗਿਆ ਸੀ।

ਮਈ 1970 ਅਮਰੀਕਾ ਤੋਂ ਤਾਰ ਆਈ ਕਿ ਯੂਨੀਵਰਸਿਟੀ ਆਫ ਆਈਡਾਹੋ ਨੇ ਮੈਨੂੰ ਦਾਖ਼ਲਾ ਦੇ ਦਿੱਤਾ ਸੀ। ਮੇਰੀ ਹੋਣ ਵਾਲੀ ਪਤਨੀ ਨੇ ਕਿਹਾ, 'ਲੋਕ ਸਮਝਦੇ ਨੇ ਕਿ ਅਮਰੀਕਾ ਗਿਆ ਆਦਮੀ ਮੁੜਦਾ ਨਹੀਂ'। ਉਸਦਾ ਖ਼ਿਆਲ ਸੀ ਕਿ ਜੇ ਮੈਂ ਦੋ ਚਾਰ ਸਾਲ ਬਾਅਦ ਮੁੜ ਵੀ ਆਇਆ ਤਾਂ ਉਸ ਦੇ ਘਰ ਵਾਲੇ ਮੇਰੀ ਉਡੀਕ ਨਹੀਂ ਕਰਨਗੇ। ਸਾਨੂੰ ਆਪਣੀ ਸ਼ਾਦੀ ਬਾਰੇ ਸੋਚਣਾ ਪਵੇਗਾ। ਮੈਨੂੰ ਇਹ ਸਭ ਕੁਝ ਸੋਚਣ ਦੀ ਫੁਰਸਤ ਨਹੀਂ ਸੀ। ਮੈਂ ਅਮਰੀਕਾ ਦੇ ਸੁਪਨੇ ਲੈ ਰਿਹਾ ਸਾਂ। ਹਾਂ ਕਰ ਦਿੱਤੀ। ਉਸਨੇ ਕਿਹਾ, ਉਸਦੇ ਘਰ ਵਾਲੇ ਕੋਈ ਫੈਸਲਾ ਕਰਨ ਤੋਂ ਪਹਿਲਾਂ ਮੈਨੂੰ ਮਿਲਣਾ ਚਾਹੁਣਗੇ। ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਸੀ। ਮੈਂ ਬਚਪਨ ਤੋਂ ਹੀ ਆਪਣੇ ਪਰਿਵਾਰ ਨਾਲੋਂ ਵੱਖ ਰਿਹਾ ਸਾਂ। ਜ਼ਿੰਦਗੀ ਦੇ ਸਾਰੇ ਫ਼ੈਸਲੇ ਆਪ ਹੀ ਕੀਤੇ ਸਨ। ਮੇਰਾ ਰਸਤਾ ਸਾਫ਼ ਸੀ।

ਜੂਨ ਦੀ ਇਕ ਸਿਖਰ ਦੁਪਹਿਰੇ ਮੇਰੀ ਹੋਣ ਵਾਲੀ ਪਤਨੀ ਦਾ ਵੱਡਾ ਭਰਾ ਮੈਨੂੰ ਮਿਲਣ ਆਇਆ। ਚੰਡੀਗੜ੍ਹ ਸ਼ਿਵ ਕੁਮਾਰ ਦੇ ਘਰ। ਉਹ ਸ਼ਾਂਤ ਸੁਭਾਅ ਤੇ ਸਲੀਕੇ ਵਾਲਾ ਇਨਸਾਨ ਸੀ। ਆਪਣੇ ਪੈਰਾਂ 'ਤੇ ਖੜ੍ਹਾ ਹੋਇਆ, ਮਿਹਨਤ ਦੀ ਕਦਰ ਕਰਨ ਵਾਲਾ। ਮੇਰੇ ਵਾਂਗ ਘੱਟ ਬੋਲਣ ਵਾਲਾ। ਸ਼ਿਵ ਨੇ ਮੇਰੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਦਿੱਤੇ। ਮੇਰੀ ਹਿੰਮਤ ਦੀ ਦਾਦ ਦਿੱਤੀ। ਮੇਰੇ ਉਜਲੇ ਭਵਿੱਖ ਦੀ ਗੱਲ ਕੀਤੀ। ਇਸ ਸੰਖੇਪ ਜਿਹੀ ਮਿਲਣੀ ਨੇ ਸਾਡੇ ਰਿਸ਼ਤੇ ਤੇ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ।

6 ਜੁਲਾਈ ਦੀ ਕੜਕਦੀ ਧੁੱਪ ਵਿਚ ਮੇਰੇ ਵਿਆਹ ਦੀ ਰਸਮ ਸ਼ੁਰੂ ਹੋਈ। ਅਗਲੀ ਸਵੇਰ ਮੈਂ ਸ਼ਿਵ ਕੁਮਾਰ ਨਾਲ ਵਾਅਦਾ ਕੀਤਾ ਕਿ ਅਮਰੀਕਾ ਜਾਣ ਤੋਂ ਪਹਿਲਾਂ ਉਸਨੂੰ ਮਿਲਣ ਚੰਡੀਗੜ੍ਹ ਆਵਾਂਗਾ। ਜੁਲਾਈ ਦੇ ਅੰਤ ਵਿਚ ਮੇਰੇ ਸੁਪਨਿਆਂ ਦੀ ਪੈੜ ਮੈਨੂੰ ਸਮੁੰਦਰੋਂ ਪਾਰ ਲੈ ਗਈ।

ਮੇਰੇ ਅਮਰੀਕਾ ਜਾਣ ਤੋਂ ਤਿੰਨ ਸਾਲ ਬਾਅਦ ਸ਼ਿਵ ਕੁਮਾਰ ਦਾ ਜੋਬਨ ਰੁੱਤੇ ਮਰਨ ਦਾ ਸੁਪਨਾ ਪੂਰਾ ਹੋ ਗਿਆ।

ਅੱਜ ਜਦ ਮੈਂ ਸ਼ਿਵ ਨਾਲ ਕੀਤੇ ਸਫ਼ਰ ਬਾਰੇ ਲਿਖ ਰਿਹਾ ਹਾਂ ਤਾਂ ਕਹਿਣਾ ਚਾਹੁੰਦਾ ਹਾਂ ... 'ਮੁਆਫ਼ ਕਰੀਂ, ਮੇਰੇ ਦੋਸਤ, ਤੇਰੇ ਨਾਲ ਕੀਤਾ ਵਾਅਦਾ ਮੈਂ ਨਿਭਾ ਨਹੀਂ ਸਕਿਆ। ਆਪਣੇ ਨਾਲ ਕੀਤਾ ਵਾਅਦਾ ਵੀ ਨਹੀਂ ਨਿਭਾਇਆ। ਮੈਂ ਤੇਰਾ ਹੀ ਗੁਨਾਹਗਾਰ ਨਹੀਂ, ਆਪਣਾ ਵੀ ਗੁਨਾਹਗਾਰ ਹਾਂ।❑❑

**[4609, 194th Ave. SE, Issaquah, WA 98027, U.S.A.]**

# ਨਾਵਲਕਾਰ ਗਿਆਨੀ ਕੇਸਰ ਸਿੰਘ

## ਰਘਬੀਰ ਸਿੰਘ

ਛਿਆਨਵੇਂ ਵਰ੍ਹਿਆਂ ਦੀ ਭਰਪੂਰ ਉਮਰ ਭੋਗਕੇ ਕੈਨੇਡਾ ਦੇ ਐਡਮੰਟਨ ਸ਼ਹਿਰ ਵਿਚ ਪਿੱਛੇ ਜਿਹੇ ਸਦੀਵੀ ਵਿਛੋੜਾ ਦੇ ਗਏ ਗਿਆਨੀ ਕੇਸਰ ਸਿੰਘ ਦਾ ਸਮਕਾਲੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਿਵੇਕਲਾ ਸਥਾਨ ਹੈ। ਇਹ ਨਿਵੇਕਲਾਪਨ ਗਿਆਨੀ ਕੇਸਰ ਸਿੰਘ ਨੂੰ ਸਹਿਜ ਰੂਪ ਵਿਚ ਵੀ ਮਿਲਿਆ ਅਤੇ ਉਸ ਵੱਲੋਂ ਕੀਤੇ ਗਏ ਉਚੇਚੇ ਯਤਨਾਂ ਦੁਆਰਾ ਵੀ। ਸਹਿਜ ਰੂਪ ਵਿਚ ਇਉਂ ਕਿ ਕੇਸਰ ਸਿੰਘ ਦੇ ਜੀਵਨ-ਸਮਾਚਾਰ ਹੀ ਅਜਿਹੇ ਸਨ ਕਿ ਉਹਨਾਂ ਸਦਕਾ ਉਹ ਆਪਣੇ ਆਪ ਹੀ ਅਸਾਧਾਰਨ ਅਤੇ ਨਿਵੇਕਲੀ ਪਛਾਣ ਦਾ ਮਾਲਕ ਬਣ ਜਾਂਦਾ ਸੀ। ਉਚੇਚ ਵਾਲੀ ਗੱਲ ਇਸ ਤਰ੍ਹਾਂ ਕਿ ਗਿਆਨੀ ਕੇਸਰ ਸਿੰਘ ਨੇ ਆਪਣੇ ਨਿਵੇਕਲੇ ਜੀਵਨ-ਅਨੁਭਵ ਨੂੰ ਸੁਚੇਤ ਰੂਪ ਵਿਚ ਆਪਣੀ ਰਚਨਾ ਦੀ ਵਸਤ ਬਣਾਇਆ। ਵੀਹਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਉਸਦਾ ਜਨਮ ਉਦੋਂ ਹੋਇਆ ਜਦੋਂ ਰਾਸ਼ਟਰੀ ਜਾਗ੍ਰਤੀ ਦਾ ਅੰਦੋਲਨ ਉਭਰ ਰਿਹਾ ਸੀ, ਅਤੇ ਜਿਸ ਸਮੇਂ ਉਹ ਜੁਆਨ ਹੋਇਆ ਉਸ ਸਮੇਂ ਇਹ ਅੰਦੋਲਨ ਸਮਾਜਕ ਸਭਿਆਚਾਰਕ ਅਤੇ ਰਾਜਨੀਤਕ ਆਪਣੇ ਕਿੰਨੇ ਹੀ ਪਾਸਾਰਾਂ ਸਹਿਤ ਪੂਰੀ ਤਰ੍ਹਾਂ ਮਘ ਚੁੱਕਿਆ ਸੀ। ਰਾਵਲਪਿੰਡੀ ਦੇ ਲਾਗੇ ਦੇ ਇਕ ਪਿੰਡ ਦਾ ਮਾਂ-ਪਿਉ ਬਾਹਰਾ ਕੇਸਰ ਸਿੰਘ ਅੰਮ੍ਰਿਤਸਰ ਦੇ ਖਾਲਸਾ ਯਤੀਮਖਾਨੇ ਤੋਂ ਹੁੰਦਾ ਹੋਇਆ ਦੂਜੀ ਸੰਸਾਰ ਜੰਗ ਦੇ ਸ਼ੁਰੂ ਦੇ ਸਾਲ 1939 ਵਿਚ ਮਲਾਇਆ ਦੇ ਸ਼ਹਿਰ ਪੀਨਾਂਗ ਪਹੁੰਚ ਗਿਆ ਸੀ। ਗੁਰਦੁਆਰੇ ਦੇ ਗ੍ਰੰਥੀ ਵਜੋਂ ਬਦੇਸ਼ ਗਏ ਨੌਜਵਾਨ ਕੇਸਰ ਸਿੰਘ ਨੂੰ ਹਾਲਾਤ ਨੇ ਅਜਿਹਾ ਘੇਰਿਆ ਕਿ ਪਤਾ ਹੀ ਨਾ ਲੱਗਾ ਕਿ ਉਹ ਕਿਸ ਸਮੇਂ ਦੇਸ਼ ਦੀ ਆਜ਼ਾਦੀ ਦੀ ਲਹਿਰ ਦਾ ਸਰਗਰਮ ਅੰਗ ਬਣਕੇ ਆਜ਼ਾਦ ਹਿੰਦ ਫੌਜ ਦਾ ਮੈਂਬਰ ਹੋ ਨਿਬੜਿਆ। ਮਲਾਇਆ,ਸਿੰਘਾਪੁਰ,ਥਾਈਲੈਂਡ,ਇੰਡੋਨੇਸ਼ੀਆ ਅਤੇ ਬਰ੍ਹਮਾ ਵਿਚ ਆਜ਼ਾਦੀ ਦੀ ਲਹਿਰ ਦੇ ਸੁਨੇਹੇ ਦੇ ਪਰਚਾਰ ਪਰਸਾਰ ਲਈ ਉਸਨੇ ਕਈ ਥਾਈਂ ਭਰਮਣ ਕੀਤਾ। ਦੂਸਰੀ ਸੰਸਾਰ ਜੰਗ ਦੌਰਾਨ ਕੁਝ ਸਮਾਂ ਉਹ ਜਾਪਾਨੀਆਂ ਦੀ ਕੈਦ ਵਿਚ ਰਿਹਾ, ਜੰਗ ਦੇ ਮੋਰਚਿਆਂ ਨੂੰ ਨੇੜਿਉਂ ਵੇਖਿਆ ਅਤੇ ਮਾਨਵੀ ਦ੍ਰਿਸ਼ਟੀ ਤੋਂ ਜੰਗ ਦੀ ਬਰਬਰਤਾ ਦਾ ਅਨੁਭਵ ਵੀ ਗ੍ਰਹਿਣ ਕੀਤਾ।

ਸੱਤ ਸਾਲ ਪੂਰਬੀ ਏਸ਼ੀਆ ਵਿਚ ਰਹਿਕੇ ਆਜ਼ਾਦੀ ਤੋਂ ਕੁਝ ਸਮਾਂ ਪਹਿਲਾਂ 1946 ਵਿਚ ਦੇਸ਼ ਪਰਤਣ ਉਪਰੰਤ ਉਸਨੇ 1951 ਵਿਚ ਉਦੋਂ ਮੈਟਰਿਕ ਦਾ ਇਮਤਿਹਾਨ ਪਾਸ ਕੀਤਾ ਜਦੋਂ ਉਸਦੀ ਉਮਰ ਚਾਲੀ ਵਰ੍ਹਿਆਂ ਦੀ ਹੋ ਗਈ ਸੀ, ਅੰਗਰੇਜ਼ੀ ਜ਼ੁਬਾਨ ਵਿਚ ਇਕ ਕਿਤਾਬ ਛਪਵਾ ਚੁੱਕਾ ਸੀ ਅਤੇ ਕੁਝ ਸਮੇਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਦੇ ਪਦ ਉੱਤੇ ਵੀ ਰਹਿ ਚੁੱਕਾ ਸੀ। ਮੈਟਰਿਕ ਤੋਂ ਪਿੱਛੋਂ ਬੀ.ਏ.ਬੀ.ਟੀ ਅਤੇ ਐੱਮ.ਏ ਦੀ ਪੜ੍ਹਾਈ ਕਰਕੇ ਪੰਜਾਬ ਦੇ ਦੂਰ-ਦੁਰਾਡੇ ਦੇ ਕਈ ਪਿੰਡਾਂ ਵਿਚ ਸਕੂਲ ਅਧਿਆਪਨ ਕਰਨ ਵਾਲਾ ਕੇਸਰ ਸਿੰਘ ਉਹ ਵਿਅਕਤੀ ਸੀ ਜਿਸਨੂੰ ਆਜ਼ਾਦੀ ਤੋਂ ਪਹਿਲਾਂ ਜਵਾਹਰ ਲਾਲ ਨਹਿਰੂ ਦੇ ਨਿਵੇਕਲੇ ਨਿਜੀ ਸੰਗ ਦਾ ਮੌਕਾ ਮਿਲਿਆ ਸੀ। ਆਜ਼ਾਦ ਦੇਸ਼ ਦੇ ਵਿਚ ਲਗਪਗ 12 ਸਾਲ ਬਿਤਾਕੇ ਮੁੜ ਇੰਗਲੈਂਡ ਤੇ ਫਿਰ ਕੈਨੇਡਾ ਵਿਚ ਜਾ ਵਸਣਾ ਕੇਸਰ ਸਿੰਘ ਲਈ ਆਜ਼ਾਦੀ ਦੀ ਲਹਿਰ ਦੇ ਇਕ ਵੱਡੇ ਕਾਂਡ ਨੂੰ ਆਪਣੇ ਜੀਵਨ ਦਾ ਅੰਗ ਬਣਾ ਲੈਣ ਦਾ ਸਬੱਬ ਬਣਿਆ। 25 ਵਰ੍ਹਿਆਂ ਦੀ ਉਮਰ ਵਿਚ ਵਿਆਹੇ ਗਏ ਕੇਸਰ ਸਿੰਘ ਨੇ ਪਤਨੀ ਦੇ ਗੁਜ਼ਰ ਜਾਣ 'ਤੇ ਇੰਗਲੈਂਡ ਨਿਵਾਸ ਸਮੇਂ ਆਪਣੇ ਜੁਆਨ ਹੋ ਚੁੱਕੇ ਬੱਚਿਆਂ ਦੀ ਸਲਾਹ ਤੇ ਰਜ਼ਾਮੰਦੀ ਨਾਲ ਉਸ ਸਮੇਂ ਦੂਜੀ ਸ਼ਾਦੀ ਕੀਤੀ ਜਦੋਂ ਰਵਾਇਤੀ ਸਮਝ ਅਨੁਸਾਰ ਉਹ ਅੱਧਖੜ



ਦੀ ਅਵਸਥਾ ਨੂੰ ਟੱਪ ਚੁੱਕਿਆ ਸੀ। ਜਦੋਂ ਉਸਨੇ ਦੁਬਾਰਾ ਯਾਨੀ ਇੰਗਲੈਂਡ ਤੇ ਅਮਰੀਕਾ ਵੱਲ ਪਰਵਾਸ ਕੀਤਾ ਉਦੋਂ ਉਹ ਆਪਣੀ ਜ਼ਿੰਦਗੀ ਦੀ ਅੱਧੀ ਸਦੀ ਦੇ ਨੇੜੇ ਢੁੱਕਣ ਵਾਲਾ ਸੀ ਅਤੇ ਐਨ ਏਨਾ ਹੀ ਸਮਾਂ ਉਸਨੇ ਪਰਵਾਸ ਵਿਚ ਬਤਾਇਆ।

ਕੇਸਰ ਸਿੰਘ ਦੇ ਅਸਾਧਾਰਨ ਜੀਵਨ-ਸਮਾਚਾਰਾਂ ਵਾਂਗ ਉਸਦੀ ਰਚਨਾਤਮਕਤਾ ਦਾ ਸਫਰ ਵੀ ਕਾਫੀ ਅਸਾਧਾਰਨ ਹੈ। ਜ਼ਿੰਦਗੀ ਦੇ ਮੱਢਲੇ ਵਰ੍ਹਿਆਂ ਵਿਚ ਹਾਲਾਤ ਹੀ ਅਜਿਹੇ ਸਨ ਕਿ ਸਾਹਿਤ-ਸਿਰਜਣਾ ਬਾਰੇ ਸੋਚ ਸਕਣ ਦੀ ਕੋਈ ਸੰਭਾਵਨਾ ਨਹੀਂ ਸੀ। ਜਵਾਨੀ ਦੀਆਂ ਬਰੂਹਾਂ ਉੱਤੇ ਖਲੋਤਾ ਉਹ ਇਕ ਕੀਰਤਨੀ ਜੱਥੇ ਦਾ ਸਦੱਸ ਸੀ । ਫਿਰ ਬਦੇਸ਼ ਵਿਚ ਗੁਰਦੁਆਰੇ ਦੇ ਗ੍ਰੰਥੀ ਦਾ ਪਦ ਅਤੇ ਆਜ਼ਾਦ ਹਿੰਦ ਫੌਜ ਵਿਚ ਸ਼ਮੂਲੀਅਤ। 1953 ਵਿਚ ਜਦ ਉਸਨੇ ਆਪਣਾ ਪਹਿਲਾ ਨਾਵਲ 'ਲਹਿਰ ਵਧਦੀ ਗਈ' ਲਿਖਿਆ ਤੇ ਛਪਵਾਇਆ ਉਦੋਂ ਉਹ ਜ਼ਿੰਦਗੀ ਦੇ ਚਾਰ ਦਹਾਕੇ ਪੂਰੇ ਕਰ ਚੁੱਕਿਆ ਸੀ। ਪੰਦਰਾਂ ਸਾਲ ਦੇ ਵਕਫੇ ਪਿੱਛੋਂ 1968 ਵਿਚ ਜਦ ਉਸਨੇ ਆਪਣਾ ਦੂਸਰਾ ਨਾਵਲ 'ਜੰਗੀ ਕੈਦੀ' ਪ੍ਰਕਾਸ਼ਤ ਕਰਵਾਇਆ ਉਦੋਂ ਉਸਦੀ ਉਹ ਉਮਰ ਸੀ ਜਿਸ ਉਮਰ ਵਿਚ ਬਹੁਤੇ ਲੇਖਕ ਆਪਣੀ ਸਿਰਜਣਾਤਮਕਤਾ ਦੇ ਸਰੋਤਾਂ ਦੇ ਸੁੱਕ ਜਾਣ ਦਾ ਅਹਿਸਾਸ ਪਾਲਣ ਲਗਦੇ ਹਨ,ਜਦਕਿ ਕੇਸਰ ਸਿੰਘ ਲਈ ਜਿਵੇਂ ਇਹ ਸ਼ੁਰੂਆਤ ਹੀ ਸੀ। ਉਸ ਤੋਂ ਮਗਰੋਂ ਤਾਂ ਚਲ ਸੋ ਚਲ। ਕੇਸਰ ਸਿੰਘ ਦੀ ਰਚਨਾਤਮਕਤਾ ਦਾ ਘੇਰਾ ਭਾਵੇਂ ਕਵਿਤਾ ਤੇ ਵਾਰਤਕ ਵਿਚ ਵੀ ਫੈਲਿਆ ਪਰ ਉਸਦੀ ਵੱਡੀ ਪਛਾਣ ਇਕ ਨਾਵਲਕਾਰ ਦੀ ਹੀ ਬਣੀ। ਇਕ ਨਾਵਲਕਾਰ ਵਜੋਂ ਉਹ ਅਵੱਸ਼ ਬਹੁਤ ਜ਼ਰਖੇਜ਼ ਰਚਨਾਕਾਰ ਸੀ। ਗਿਣਤੀ ਅਤੇ ਆਕਾਰ ਦੇ ਪੱਖ ਤੋਂ ਉਸਦੀ ਨਾਵਲ-ਰਚਨਾ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਵਰਗੇ ਵੱਡੇ ਨਾਵਲਕਾਰਾਂ ਦੇ ਬਰਾਬਰ ਪੱਲਾ ਮੇਚਦੀ ਹੈ। ਉਸਦੇ ਪ੍ਰਕਾਸ਼ਤ ਹੋਏ ਨਾਵਲਾਂ ਦੀ ਗਿਣਤੀ ਇਕ ਘੱਟ ਵੀਹ ਹੈ ਜਦਕਿ ਕੁਝ ਨਾਵਲਾਂ ਦੇ ਪ੍ਰਕਾਸ਼ਤ ਹੋਣੋਂ ਰਹਿ ਜਾਣ ਦੀ ਵੀ ਸੂਚਨਾ ਮਿਲਦੀ ਹੈ। ਕੁਝ ਨਾਵਲ ਆਕਾਰ ਵਿਚ ਵੀ ਕਾਫੀ ਵੱਡੇ ਹਨ। ਇਹਨਾਂ ਵੱਡ-ਆਕਾਰੀ ਨਾਵਲਾਂ ਵਿਚ ਹੀ 'ਹਥਿਆਰਬੰਦ ਇਨਕਲਾਬ' ਨਾਉਂ ਦੀ ਨਾਵਲ-ਰਚਨਾ ਸ਼ਾਮਲ ਹੈ ਜੋ ਸ਼ਾਇਦ ਉਸਦੀ ਆਖਰੀ ਪ੍ਰਕਾਸ਼ਤ ਰਚਨਾ ਹੈ।

ਵਸਤੂ ਦੇ ਪੱਖ ਤੋਂ ਕੇਸਰ ਸਿੰਘ ਦੇ ਨਾਵਲਾਂ ਨੂੰ ਸਪਸ਼ਟ ਤੌਰ 'ਤੇ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਉਹ ਨਾਵਲ ਆਉਂਦੇ ਹਨ ਜਿੰਨ੍ਹਾਂ ਵਿਚ ਉਸਨੇ 1939 ਤੋਂ 1946 ਤਕ ਦੇ ਮਲਾਇਆ ਵਿਚਲੇ ਆਵਾਸ ਦੇ ਆਪਣੇ ਅਨੁਭਵਾਂ ਨੂੰ ਰੂਪਮਾਨ ਕੀਤਾ ਹੈ। ਇਹਨਾਂ ਅਨੁਭਵਾਂ ਵਿਚ ਹੀ ਆਜ਼ਾਦ ਹਿੰਦ ਫੌਜ ਦੀ ਸਰਗਰਮੀ ਅਤੇ ਦੂਜੀ ਸੰਸਾਰ ਜੰਗ ਨਾਲ ਸੰਬੰਧਤ ਵੇਰਵੇ ਸ਼ਾਮਲ ਹਨ। ਉਸਦੇ ਨਾਵਲਾਂ ਦੀ ਵਸਤ ਦਾ ਦੂਜਾ ਭਾਗ ਆਜ਼ਾਦੀ ਦੀ ਪ੍ਰਾਪਤੀ ਲਈ ਮਰ ਮਿਟਣ ਵਾਲੇ ਜੋਧਿਆਂ,ਖਾਸਕਰ ਗਦਰ ਪਾਰਟੀ ਦੀਆਂ ਜਥੇਬੰਦਕ ਸਰਗਰਮੀਆਂ ਅਤੇ ਗਦਰੀ ਸੂਰਬੀਰਾਂ ਦੀ ਕੁਰਬਾਨੀ ਦੀ ਗਾਥਾ ਨਾਲ ਸੰਬੰਧਤ ਹੈ। ਤੀਜੀ ਤਰ੍ਹਾਂ ਦੀ ਵਸਤ ਇੰਗਲੈਂਡ,ਕੈਨੇਡਾ ਤੇ ਅਮਰੀਕਾ ਵਰਗੇ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਪੰਜਾਬੀ ਪਰਵਾਸੀਆਂ ਦੇ ਜੀਵਨ-ਸਮਾਚਾਰਾਂ ਨੂੰ ਬਿਆਨਣ ਨਾਲ ਸੰਬੰਧਤ ਹੈ।

ਪਹਿਲੀ ਭਾਂਤ ਦੀ ਵਸਤ ਵਾਲੇ ਨਾਵਲਾਂ ਵਿਚ ਉਸਦੇ ਦੋਵੇਂ ਪਹਿਲੇ ਨਾਵਲਾਂ 'ਲਹਿਰ ਵਧਦੀ ਗਈ' ਅਤੇ 'ਜੰਗੀ ਕੈਦੀ' ਤੋਂ ਬਿਨਾਂ ਕਾਫੀ ਮਗਰੋਂ ਜਾ ਕੇ 1989 ਅਤੇ 1990 ਵਿਚ ਲਿਖੇ ਦੋ ਨਾਵਲਾਂ 'ਹੀਰੋਸ਼ੀਮਾ' ਅਤੇ 'ਇਕ ਮਾਂਗ ਸੰਧੂਰੀ' ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪਹਿਲੇ

ਨਾਵਲ 'ਲਹਿਰ ਵਧਦੀ ਗਈ' ਦਾ ਸਾਰਾ ਘਟਨਾ-ਸਥਲ ਮਲਾਇਆ ਤੇ ਸਿੰਘਾਪੁਰ ਦਾ ਹੈ। ਇਸ ਨਾਵਲ ਵਿਚ ਕੇਸਰ ਸਿੰਘ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਯੋਗਦਾਨ ਪਾ ਰਹੇ ਪੂਰਬੀ ਏਸ਼ੀਆਈ ਮੁਲਕਾਂ ਵਿਚ ਵਸੇ ਭਾਰਤੀ ਰਾਸ਼ਟਰਵਾਦੀਆਂ ਦੀਆਂ ਸਰਗਰਮੀਆਂ ਦਾ ਵਿਓਰਾ ਤਾਂ ਦਿੱਤਾ ਹੀ ਹੈ, ਨਾਲ ਦੀ ਨਾਲ ਚੀਨੀ ਰਾਸ਼ਟਰਵਾਦੀਆਂ ਦੇ ਸਰੋਕਾਰਾਂ ਨੂੰ ਵੀ ਭਾਰਤੀ ਕੌਮਪ੍ਰਸਤਾਂ ਦੇ ਨਾਲ ਜੋੜਕੇ ਇਕ ਸਮਾਨ ਕਰ ਦਿੱਤਾ ਹੈ। ਜੇ ਅੰਗਰੇਜ਼ੀ ਸਾਮਰਾਜ ਵੱਲੋਂ ਗ਼ੁਲਾਮ ਭਾਰਤ ਨਾਲ ਕੀਤੇ ਜਾ ਰਹੇ ਅਨਿਆਂ ਦੀ ਕਥਾ ਵਾਰਤਾ ਹੁੰਦੀ ਹੈ ਤਾਂ ਨਾਲ ਹੀ ਜਾਪਾਨ ਵੱਲੋਂ ਚੀਨੀ ਲੋਕਾਂ ਉੱਤੇ ਢਾਹੇ ਜਾ ਰਹੇ ਜ਼ੁਲਮਾਂ ਦੇ ਪਿਛੋਕੜ ਵਿਚ ਚੀਨੀ ਰਾਸ਼ਟਵਾਦੀ ਭਾਵਨਾਵਾਂ ਦੇ ਉਭਰਨ ਦਾ ਦ੍ਰਿਸ਼ ਵੀ ਸਾਹਮਣੇ ਆਉਂਦਾ ਹੈ। ਰਾਸ਼ਟਰਵਾਦ ਦੇ ਨਾਲ ਨਾਲ ਜਮਾਤੀ ਵਿਵਸਥਾ ਵਿਚ ਗ਼ਰੀਬ ਕਿਰਤੀਆਂ ਦੀ ਲੁੱਟ ਤੇ ਦਮਨ ਦਾ ਮਸਲਾ ਵੀ ਇਸ ਨਾਵਲ ਵਿਚੋਂ ਉਭਰਦਾ ਹੈ, ਜਿਸ ਦੇ ਅੰਤਰਗਤ ਲੇਖਕ ਦੀ ਵਿਗਸ ਰਹੀ ਸਮਾਜਵਾਦੀ ਸੋਚ ਦੀਆਂ ਕਨਸੋਆਂ ਵੀ ਆਉਣ ਲਗਦੀਆਂ ਹਨ। ਦੂਜੀ ਵੱਡੀ ਜੰਗ ਦੇ ਸਮਾਚਾਰਾਂ ਨੂੰ ਪਿਛੋਕੜ ਵਿਚ ਰੱਖਕੇ ਲਿਖਿਆ ਕੇਸਰ ਸਿੰਘ ਦਾ ਇਹ ਪਹਿਲਾ ਹੀ ਨਾਵਲ ਉਸ ਦਿਸ਼ਾ ਤੇ ਸੋਚ ਦਾ ਸੰਕੇਤ ਦਿੰਦਾ ਹੈ ਜਿਸ ਵਿਚ ਉਸਦੀ ਨਾਵਲਕਾਰੀ ਅਗਾਂਹ ਵਧੀ। ਇਸ ਨਾਵਲ ਵਿਚ ਗੈਰ ਪੰਜਾਬੀ ਪਾਤਰਾਂ ਦੀ ਮੌਜੂਦਗੀ ਅਤੇ ਪੰਜਾਬ ਤੋਂ ਬਹੁਤ ਦੂਰ-ਦੁਰਾਡੇ ਦਾ ਬਦੇਸ਼ ਵਿਚਲਾ ਘਟਨਾ-ਸਥਲ ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਪੰਜਾਬੀ ਨਾਵਲ ਨੂੰ ਆਪਣੇ ਵਸਤੂ ਲਈ ਸਿਰਫ ਪੰਜਾਬ ਅਤੇ ਪੰਜਾਬੀਆਂ ਤੋਂ ਅਗਾਂਹ ਜਾ ਕੇ ਇਕ ਅੰਤਰਰਾਸ਼ਟਰੀ ਪਾਸਾਰ ਮਿਲਦਾ ਹੈ। 1953 ਤਕ, ਜਦੋਂ ਇਹ ਨਾਵਲ ਲਿਖਿਆ ਗਿਆ, ਅਵੱਸ਼ ਹੀ ਸਮਾਜਵਾਦੀ ਚਿੰਤਨ ਦਾ ਪ੍ਰਭਾਵ ਪੰਜਾਬੀ ਸਹਿਤ-ਸਭਿਆਚਾਰ ਦੇ ਜਗਤ ਉੱਤੇ ਕਾਫੀ ਉਘੜਵਾਂ ਸੀ ਅਤੇ ਗਿਆਨੀ ਕੇਸਰ ਸਿੰਘ ਦਾ ਬਹੁਤ ਨਿਕਟਵਰਤੀ ਮਿੱਤਰ ਲੇਖਕ ਸੁਜਾਨ ਸਿੰਘ ਵੀ ਇਸੇ ਰੰਗ ਵਿਚ ਰੰਗਿਆ ਹੋਇਆ ਸੀ, ਇਸ ਲਈ ਇਸ ਨਾਵਲ ਵਿਚੋਂ ਸਮਾਜਵਾਦੀ ਤੇ ਮਾਨਵਵਾਦੀ ਸੁਰ ਦਾ ਉਭਰਨਾ ਤਾਂ ਕੋਈ ਬਹੁਤੀ ਅਸਾਧਾਰਨ ਗੱਲ ਨਹੀਂ, ਪਰ ਵਿਸ਼ੈ-ਵਸਤ, ਪਾਤਰਾਵਲੀ ਅਤੇ ਘਟਨਾ-ਸਥਲ ਵਜੋਂ ਇਸਦਾ ਦੇਸ਼ਾਂਤਰੀ ਪਾਸਾਰ, ਜੋ ਮਗਰੋਂ ਉਸਦੀ ਸਮੁੱਚੀ ਨਾਵਲ-ਰਚਨਾ ਦਾ ਵਸਤੂਗਤ ਲੱਛਣ ਬਣ ਗਿਆ, ਨਿਸਚੈ ਹੀ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਕੇਸਰ ਸਿੰਘ ਦੀ ਨਿਵੇਕਲੀ ਦੇਣ ਮੰਨੇ ਜਾਣ ਦੇ ਯੋਗ ਹੈ।

'ਜੰਗੀ ਕੈਦੀ', ਜੋ ਕੇਸਰ ਸਿੰਘ ਦਾ ਦੂਸਰਾ ਅਤੇ ਬਹੁ ਚਰਚਤ ਨਾਵਲ ਹੈ,ਇਕ ਤਰ੍ਹਾਂ ਨਾਵਲ 'ਲਹਿਰ ਵਧਦੀ ਗਈ' ਦਾ ਹੀ ਵਿਸਥਾਰ ਹੈ। 'ਲਹਿਰ ਵਧਦੀ ਗਈ' ਨਾਵਲ ਦੀਆਂ ਬਹੁਤ ਸਾਰੀਆਂ ਘਟਨਾਵਾਂ ਤੇ ਪਾਤਰ ਇਸ ਨਾਵਲ ਦੀ ਵਿਸਤ੍ਰਿਤ ਕਹਾਣੀ ਵਿਚ ਸਮੋ ਲਏ ਗਏ ਹਨ। ਇੰਝ ਇਸ ਨਾਵਲ ਵਿਚ ਪਹਿਲੀ ਗੱਲ ਦਾ ਦਹੁਰਾਉ ਤਾਂ ਹੈ ਪਰ ਇਸਦੇ ਵੱਡੇ ਆਕਾਰ ਅਨੁਸਾਰ ਇਸਦੇ ਵਿਸ਼ੈ-ਵਸਤ ਦਾ ਘੇਰਾ ਵੀ 'ਲਹਿਰ ਵਧਦੀ ਗਈ' ਨਾਲੋਂ ਬਹੁਤ ਵਿਸਥਾਰ ਵਾਲਾ ਹੈ। ਇਸ ਨਾਵਲ ਵਿਚ ਦੂਜੀ ਵੱਡੀ ਜੰਗ ਦੌਰਾਨ ਇਕ ਬੰਨੇ ਜਾਪਾਨ-ਜਰਮਨੀ ਅਤੇ ਦੂਜੇ ਬੰਨੇ ਅੰਗਰੇਜ਼-ਅਮਰੀਕੀ ਧਿਰ ਦੇ ਰੋਲ ਅਤੇ ਯੁੱਧ ਖੇਤਰ ਵਿਚਲੇ ਉਤਰਾਵਾਂ ਚੜ੍ਹਾਵਾਂ ਦੇ ਨਾਲ, ਫੌਜੀ ਅਤੇ ਸਿਵਲ ਦੋਹਾਂ ਹੀ ਪੱਧਰਾਂ ਉੱਤੇ, ਸਾਧਾਰਨ ਲੋਕਾਂ ਦੀ ਤ੍ਰਾਸਦਕ ਹੋਣੀ ਪੇਸ਼ ਹੋਈ ਹੈ। ਇਸ ਵਿਚ ਜੰਗਬਾਜ਼ਾਂ ਵਜੋਂ ਜਾਪਾਨੀਆਂ ਦੀ ਕਰੂਰਤਾ ਵੀ ਉਵੇਂ ਸਾਹਵੇਂ ਆਉਂਦੀ ਹੈ, ਜਿਵੇਂ ਅੰਗਰੇਜ਼ ਅਮਰੀਕੀ ਇਤਹਾਦੀਆਂ ਦੀ। ਨਾਵਲ ਵਿਚ ਜੰਗੀ ਮੋਰਚਿਆਂ ਅਤੇ ਜੰਗੀ ਕੈਦੀਆਂ ਦੇ ਹਾਲਾਤ ਦਾ ਚਿਤਰਨ ਬਹੁਤ ਹਿਰਦੈ-ਸਪਰਸ਼ੀ ਢੰਗ ਨਾਲ ਹੋਇਆ ਹੈ। ਸਮੁੱਚੇ ਵਿਵਰਣ ਵਿਚੋਂ ਇਹ ਤੱਥ



ਉਭਰਕੇ ਸਾਹਵੇਂ ਆਉਂਦਾ ਹੈ ਕਿ ਉਦੇਸ਼ ਭਾਵੇਂ ਕੋਈ ਵੀ ਹੋਵੇ, ਜੰਗ ਆਪਣੇ ਬੁਨਿਆਦੀ ਚਰਿੱਤਰ ਵਜੋਂ ਮਾਨਵਤਾ ਲਈ ਵੱਡੇ ਦੁੱਖ ਦਾ ਕਾਰਨ ਹੁੰਦੀ ਹੈ ਅਤੇ ਇਸੇ ਕਾਰਨ ਨਾਵਾਜਬ ਹੈ। ਜੰਗ ਦੌਰਾਨ ਔਰਤ ਉਤੇ ਜੋ ਜ਼ੁਲਮ ਢਹਿੰਦਾ ਹੈ, ਉਹ ਤਾਂ ਹੋਰ ਵੀ ਬਹੁਤ ਦੁਖਦਾਈ ਹੈ। ਇਸ ਨਾਵਲ ਵਿਚ ਆਜ਼ਾਦ ਹਿੰਦ ਫੌਜ ਦਾ ਅਤੇ 1914 ਵਿਚ ਦੇਸ਼ ਨੂੰ ਹਥਿਆਰਬੰਦ ਇਨਕਲਾਬ ਰਾਹੀਂ ਆਜ਼ਾਦ ਕਰਾਉਣ ਦੇ ਯਤਨ ਦੇ ਨਾਕਾਮ ਰਹਿ ਜਾਣ ਪਿੱਛੋਂ ਪੂਰਬੀ ਏਸ਼ੀਆ ਵਿਚਲੇ ਖਿੰਡੇ-ਪੁੰਡੇ ਗ਼ਦਰੀ ਸੂਰਬੀਰਾਂ ਵੱਲੋਂ ਪਹਿਲਾਂ ਜਿੰਨੇ ਸਿਰੜ ਨਾਲ ਹੀ ਕੰਮ ਕਰਦੇ ਰਹਿਣ ਦਾ ਵੀ ਪਤਾ ਲਗਦਾ ਹੈ।

ਨਾਵਲ 'ਹੀਰੋਸ਼ੀਮਾ' ਦੀ ਵਸਤ, ਜਿਵੇਂ ਕਿ ਨਾਮ ਤੋਂ ਹੀ ਪ੍ਰਤੱਖ ਹੈ,ਦੂਸਰੀ ਜੰਗ ਦੌਰਾਨ ਅਮਰੀਕਾ ਵੱਲੋਂ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਉੱਤੇ ਐਟਮ ਬੰਬ ਸੁੱਟਣ ਦੀ ਘਟਨਾ ਅਤੇ ਉਸਦੇ ਸਿੱਟੇ ਵਜੋਂ ਹੋਈ ਬੇਮਿਸਾਲ ਮਨੁੱਖੀ ਤਬਾਹੀ ਦੇ ਵੇਰਵਿਆਂ ਨਾਲ ਸੰਬੰਧਤ ਹੈ। ਇਸ ਨਾਵਲ ਦਾ ਘਟਨਾ-ਕ੍ਰਮ ਬੰਬ ਸੁੱਟੇ ਜਾਣ ਤੋਂ ਝੱਟ ਪਿੱਛੋਂ ਦੇ ਸਮਾਚਾਰਾਂ ਨੂੰ ਕਲਾਵੇ ਵਿਚ ਲੈਂਦਾ ਹੋਇਆ ਉਸ ਭਿਅੰਕਰਤਾ ਦਾ ਦਰਦਨਾਕ ਚਿਤਰ ਉਭਾਰਦਾ ਹੈ ਜਿਸ ਵਿਚੋਂ ਹੀਰੋਸ਼ੀਮਾ ਦੀ ਸਮੁੱਚੀ ਵਸੋਂ ਨੂੰ ਲੰਘਣਾ ਪਿਆ। ਕੇਸਰ ਸਿੰਘ ਨੇ ਬੇਗੁਨਾਹ ਜਾਪਾਨੀ ਜਨਤਾ ਉੱਤੇ ਢਹੇ ਕਹਿਰ ਦੀ ਬਾਤ ਜਿਸ ਸੰਵੇਦਨਸ਼ੀਲ ਢੰਗ ਨਾਲ ਇਸ ਨਾਵਲ ਵਿਚ ਪਾਈ ਹੈ ਉਸਤੋਂ ਉਸਦੀ ਮਾਨਵਵਾਦੀ ਚੇਤਨਾ ਦੇ ਪ੍ਰਚੰਡ ਹੋਣ ਦਾ ਭਰਵਾਂ ਸੁਨੇਹਾ ਮਿਲਦਾ ਹੈ। ਨਾਵਲ ਦੀ ਕਥਾ ਦਰਸਾਉਂਦੀ ਹੈ ਕਿ ਮਨੁੱਖ-ਹਿਤੈਸ਼ੀ ਅਤੇ ਮਨੁੱਖ-ਦੋਖੀ ਧਿਰਾਂ ਨੂੰ ਕਿਸੇ ਇਕ ਦੇਸ਼ ਜਾਂ ਕੌਮ ਦੇ ਖਾਨਿਆਂ ਵਿਚ ਸੀਮਤ ਕਰਕੇ ਨਹੀਂ ਵੇਖਿਆ ਜਾ ਸਕਦਾ। ਨਾ ਹੀ ਐਟਮ ਬੰਬ ਸੁੱਟਣ ਵਾਲੇ ਦੇਸ਼ ਅਮਰੀਕਾ ਦੇ ਸਾਰੇ ਲੋਕ ਅਤੇ ਨਾ ਹੀ ਇਸ ਦੀ ਮਾਰ ਵਿਚ ਆਉਣ ਵਾਲੇ ਜਾਪਾਨੀ ਸਾਰੇ ਇਕੋ ਜਿਹੇ ਹਨ। ਬੰਬ ਦਾ ਸ਼ਿਕਾਰ ਹੋਣ ਵਾਲਿਆਂ ਵਿਚ ਹੋਰ ਅਨੇਕਾਂ ਨਿਰਦੋਸ਼ਿਆਂ ਦੇ ਨਾਲ ਉਹ ਜਾਪਾਨੀ ਵੀ ਸ਼ਾਮਲ ਹਨ ਜਿੰਨ੍ਹਾਂ ਨੇ ਖੁਦ ਕਿਸੇ ਸਮੇਂ ਚੀਨੀ ਲੋਕਾਂ ਉੱਤੇ ਜ਼ੁਲਮ ਢਾਹਿਆ ਸੀ। ਅਤੇ ਬੰਬ ਨਾਲ ਹੋਈ ਤਬਾਹੀ ਪਿੱਛੋਂ ਲੋਕਾਂ ਦਾ ਦੁੱਖ-ਦਰਦ ਵੰਡਾਉਣ ਵਾਲਿਆਂ ਵਿਚ ਉਹ ਡਾਕਟਰ ਤੇ ਵਾਲੰਟੀਅਰ ਵੀ ਸ਼ਾਮਲ ਹਨ ਜਿੰਨ੍ਹਾਂ ਦੀ ਕੌਮੀਅਤ ਅਮਰੀਕਨ ਜਾਂ ਬ੍ਰਿਟਸ਼ ਹੈ। ਅਮਰੀਕਨ ਜਾਂ ਅੰਗਰੇਜ਼ ਹੋਣ ਕਰਕੇ ਕਿਤੇ ਕਿਤੇ ਸਥਾਨਕ ਲੋਕਾਂ ਦੇ ਰੋਹ ਦਾ ਸ਼ਿਕਾਰ ਹੁੰਦੇ ਇਹ ਭਲੇ ਪੁਰਖ ਡਾਕਟਰੀ ਸਹਾਇਤਾ ਪੁਚਾਉਣ ਦੇ ਆਪਣੇ ਕਰਮ ਵਿਚ ਪੂਰੀ ਲਗਨ ਨਾਲ ਰੁੱਝੇ ਨਜ਼ਰ ਆਉਂਦੇ ਹਨ। ਅੰਤਰਰਾਸ਼ਟਰੀਅਤਾ ਅਤੇ ਮਨੁੱਖੀ ਸਾਂਝ ਦੇ ਝੰਡੇ ਨੂੰ ਬੁਲੰਦ ਕਰਦਾ ਨਾਵਲ 'ਹੀਰੋਸ਼ੀਮਾ' ਅਵੱਸ਼ ਕੇਸਰ ਸਿੰਘ ਦੀ ਬਹੁਤ ਮਹੱਤਵਪੂਰਨ ਰਚਨਾ ਹੋ ਨਿਬੜਦਾ ਹੈ। ਨਾਵਲ ਵਿਚੋਂ ਭਵਿੱਖ ਵਿਚ ਸੰਸਾਰ ਜੰਗ ਅਤੇ ਐਟਮੀ ਹਥਿਆਰਾਂ ਦੀ ਵਰਤੋਂ ਦੇ ਭਿਅੰਕਰ ਸਿੱਟਿਆਂ ਵਿਰੁੱਧ ਚੌਕਸੀ ਉਭਰਦੀ ਹੈ। ਇਹ ਨਾਵਲ ਇਕ ਨਾਵਲਕਾਰ ਵਜੋਂ ਕੇਸਰ ਸਿੰਘ ਦੇ ਉਸ ਵੱਡੇ ਨਿਵੇਕਲੇ ਲੱਛਣ ਨਾਲ ਵੀ ਪਰਿਚਯ ਕਰਵਾਉਂਦਾ ਹੈ ਜਿਸ ਅਨੁਸਾਰ ਉਹ ਆਪਣੀ ਲਿਖਤ ਨੂੰ ਕਲਮ ਦੀ ਨੋਕ 'ਤੇ ਲਿਆਉਣ ਤੋਂ ਪਹਿਲਾਂ ਨਾਵਲੀ ਵਸਤੂ ਅਤੇ ਪਾਤਰਾਂ ਨਾਲ ਸੰਬੰਧਤ ਸਮੱਗਰੀ ਦੀ ਭਰਵੀਂ ਖੋਜ ਕਰਦਾ ਹੈ। 'ਇਕ ਮਾਂਗ ਸੰਧੂਰੀ' ਦੇ ਪਹਿਲੇ ਭਾਗ ਵਿਚ ਆਜ਼ਾਦ ਹਿੰਦ ਫੌਜ ਦੀ 'ਰਾਣੀ ਝਾਂਸੀ ਬਰੀਗੇਡ' ਵਜੋਂ ਸੰਗਠਤ ਕੀਤੀ ਔਰਤਾਂ ਦੀ ਟੁਕੜੀ ਦੇ ਆਜ਼ਾਦੀ ਦੀ ਲੜਾਈ ਵਿਚ ਪਾਏ ਯੋਗਦਾਨ ਦਾ ਵਰਨਣ ਹੈ ਜਦਕਿ ਦੂਜੇ ਹਿੱਸੇ ਵਿਚ ਆਜ਼ਾਦੀ ਉਪਰੰਤ ਦੇਸ਼ ਦੇ ਹਾਲਾਤ ਵਿਚ ਸੁਧਾਰ ਲਿਆਉਣ ਲਈ ਆਦਰਸ਼ਵਾਦੀ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਯਤਨਾਂ ਦੇ ਰਾਹ ਦੀਆਂ ਔਕੜਾਂ ਦਾ ਵੇਰਵਾ ਹੈ।

ਕੇਸਰ ਸਿੰਘ ਦੇ ਨਾਵਲਾਂ ਦੀ ਵਸਤ ਦਾ ਦੂਜਾ ਪਰ ਸਭ ਤੋਂ ਪ੍ਰਮੁਖ ਸਰੋਕਾਰ ਆਜ਼ਾਦੀ ਦੀ ਲਹਿਰ ਦੇ ਉਸ ਚੈਪਟਰ ਨਾਲ ਸੰਬੰਧਤ ਹੈ ਜੋ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸੰਕਲਪ ਤੋਂ ਅਗਾਂਹ ਜਾ ਕੇ ਹਥਿਆਰਾਂ ਨਾਲ ਜਾਂ ਅੰਗਰੇਜ਼-ਵਿਰੋਧੀ ਸ਼ਕਤੀਆਂ ਨਾਲ ਹੱਥ ਮਿਲਾ ਕੇ ਬਸਤੀਵਾਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਕਾਰਜਸ਼ੀਲ ਸੀ। ਆਜ਼ਾਦੀ ਦੀ ਲਹਿਰ ਦੇ ਇਸ ਅੰਗ ਵਿਚ ਅਮਰੀਕਾ ਵਿਚ ਸਥਾਪਤ ਹੋਈ ਹਿੰਦੁਸਤਾਨ ਗ਼ਦਰ ਪਾਰਟੀ ਦਾ ਰੋਲ ਬਹੁਤ ਅਹਿਮ ਹੈ। ਕੇਸਰ ਸਿੰਘ ਦੇ ਇਸ ਵੰਨਗੀ ਦੇ ਪਹਿਲੇ ਦੋ ਨਾਵਲ 'ਸ਼ਹੀਦ ਊਧਮ ਸਿੰਘ' ਅਤੇ 'ਮਦਨ ਲਾਲ ਢੀਂਗਰਾ' ਭਾਵੇਂ ਸਿੱਧੇ ਤੌਰ 'ਤੇ ਗ਼ਦਰ ਪਾਰਟੀ ਦੀ ਜੱਥੇਬੰਦਕ ਸਰਗਰਮੀ ਦੇ ਘੇਰੇ ਵਿਚ ਨਹੀਂ ਆਉਂਦੇ ਪਰ ਉਹਨਾਂ ਵਿਚੋਂ ਗਾਂਧੀਵਾਦ ਨਾਲੋਂ ਵੱਖਰੇ ਢੰਗ ਨਾਲ ਆਜ਼ਾਦੀ ਦੀ ਪ੍ਰਾਪਤੀ ਦੀ ਖਾਤਰ ਜੂਝਣ ਵਾਲੇ ਯੋਧਿਆਂ ਦੀ ਵਾਰਤਾ ਨਿਵੇਕਲੇ ਤੇ ਉਘੜਵੇਂ ਰੂਪ ਵਿਚ ਕਹਿਣ ਦੀ ਰੁਚੀ ਸਪਸ਼ਟ ਵਿਖਾਈ ਦਿੰਦੀ ਹੈ। ਇਹਨਾਂ ਨਾਵਲਾਂ ਵਿਚ ਲਾਲਾ ਹਰਦਿਆਲ ਅਤੇ ਵੀਰ ਸਾਵਰਕਰ ਵਰਗੇ ਲੀਡਰਾਂ ਦਾ ਪਾਤਰਾਂ ਵਜੋਂ ਆਉਣਾ ਇਹੀ ਦਰਸਉਂਦਾ ਹੈ ਕਿ ਇਹ ਨਾਵਲ ਵੀ ਗਦਰ ਪਾਰਟੀ ਦੇ ਉਦੇਸ਼ ਤੇ ਪ੍ਰਭਾਵ-ਖੇਤਰ ਦੀ ਕਥਾ ਕਰਨ ਤੋਂ ਬਹੁਤਾ ਦੂਰ ਨਹੀਂ। ਇਹਨਾਂ ਦੋ ਨਾਵਲਾਂ ਤੋਂ ਪਿੱਛੋਂ ਗ਼ਦਰੀ ਸੂਰਬੀਰਾਂ ਦੀ ਗਾਥਾ ਲੜੀਬੱਧ ਰੂਪ ਵਿਚ ਬਿਆਨ ਕਰਨ ਨੂੰ ਤਾਂ ਜਿਵੇਂ ਕੇਸਰ ਸਿੰਘ ਨੇ ਆਪਣਾ ਮਿਸ਼ਨ ਹੀ ਬਣਾ ਲਿਆ। 'ਬਾਬਾ ਹਰੀ ਸਿੰਘ ਉਸਮਾਨ', 'ਸ਼ਹੀਦ ਮੇਵਾ ਸਿੰਘ ਲੋਪੋਕੇ', 'ਸਿੰਘ ਸਾਹਿਬ ਦੀ ਸ਼ਹਾਦਤ', ਜੰਝ ਲਾੜਿਆਂ ਦੀ', 'ਗਦਰੀ ਗੁਲਾਬ', 'ਗੱਦਾਰ', 'ਕਾਮਾ ਗਾਟਾ ਮਾਰੂ' ਅਤੇ 'ਹਥਿਆਰਬੰਦ ਇਨਕਲਾਬ' ਇਸ ਕੜੀ ਦੇ ਅਹਿਮ ਨਾਵਲ ਹਨ। ਗਦਰ ਲਹਿਰ ਅਤੇ ਆਜ਼ਾਦੀ ਦੀ ਲੜਾਈ ਦੇ ਦੂਸਰੇ ਅੰਗਾਂ, ਜੋ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਮਾਰਗ ਤੋਂ ਅਗਾਂਹ ਬਸਤੀਵਾਦੀ ਅੰਗਰੇਜ਼ ਹਾਕਮ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਅੰਤਾਂ ਦੀ ਕੁਰਬਾਨੀ ਦੇ ਜਜ਼ਬੇ ਨਾਲ ਗੜੁੱਚ ਪੂਰੀ ਤਰ੍ਹਾਂ ਸਰਗਰਮ ਸਨ, ਨੂੰ ਸਾਹਵੇਂ ਲਿਆਉਣਾ ਇਸ ਲਈ ਵੀ ਮਹੱਤਵਪੂਰਨ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਪਿੱਛੋਂ ਇਹਨਾਂ ਅੰਗਾਂ ਦੀ ਕਰਨੀ ਨੂੰ ਵੇਲੇ ਦੀ ਹਕੂਮਤ ਨੇ ਅਣਗੌਲਿਆਂ ਕੀਤਾ ਹੈ।

ਜਿੱਥੇ ਕਾਂਗਰਸ ਪਾਰਟੀ ਦੇ ਰੂਪ ਵਿਚ ਆਜ਼ਾਦੀ ਦੇ ਅੰਦੋਲਨ ਦੀ ਲੀਡਰਸ਼ਿਪ ਦੇਸ਼ ਦੇ ਪੂੰਜੀਪਤੀ ਵਰਗ ਦੇ ਹੱਥਾਂ ਵਿਚ ਸੀ ਉਥੇ ਹਿੰਦੁਸਤਾਨ ਗਦਰ ਪਾਰਟੀ ਦੇ ਸੰਗਠਨ ਵਿਚਲੇ ਕਾਰਕੁਨ ਅਤੇ ਆਗੂ ਮੁਕਾਬਲਤਨ ਕਿਰਤੀ ਵਰਗ ਵਿਚੋਂ ਆਏ ਸਨ। ਇਸ ਲਈ ਕੇਸਰ ਸਿੰਘ ਦੇ ਇਸ ਵੰਨਗੀ ਦੇ ਨਾਵਲਾਂ ਦੇ ਪਾਤਰ,ਜੋ ਸੱਚਮੁੱਚ ਦੀਆਂ ਇਤਿਹਾਸਕ ਸ਼ਖਸੀਅਤਾਂ ਹਨ, ਆਜ਼ਾਦੀ ਦੀ ਜੰਗ ਵਿਚ ਉਸ ਵੱਡੀ ਸ਼ਕਤੀ ਦੇ ਰੋਲ ਨੂੰ ਸਾਹਵੇਂ ਲਿਆਉਂਦੇ ਹਨ, ਜਿਸ ਦਾ ਤੁਆਲਕ ਜਨ ਸਾਧਾਰਨ ਨਾਲ ਸੀ। ਕੇਸਰ ਸਿੰਘ ਨੇ ਭਾਈ ਬਲਵੰਤ ਸਿੰਘ, ਮੇਵਾ ਸਿੰਘ ਲੋਪੋਕੇ, ਹਰੀ ਸਿੰਘ ਉਸਮਾਨ, ਬੀਬੀ ਗੁਲਾਬ ਕੌਰ ਵਰਗੇ ਗਦਰੀ ਸ਼ਹੀਦਾਂ ਤੇ ਸੰਗਰਾਮੀਆਂ ਨੂੰ ਜਿੱਥੇ ਇਕੱਲੇ ਇਕੱਲੇ ਨਾਵਲ ਦਾ ਵਿਸ਼ਾ ਬਣਾਇਆ ਹੈ, ਉਥੇ 'ਜੰਝ ਲਾੜਿਆਂ ਦੀ', 'ਗੱਦਾਰ', 'ਕਾਮਾਗਾਟਾ ਮਾਰੂ' ਅਤੇ 'ਹਥਿਆਰਬੰਦ ਇਨਕਲਾਬ' ਵਿਚ ਸਮੁੱਚੇ ਤੌਰ 'ਤੇ ਗਦਰੀਆਂ ਤੇ ਦੂਜੇ ਜੁਝਾਰੂ ਦੇਸ਼ ਭਗਤਾਂ ਨੂੰ ਪਾਤਰਾਂ ਵਜੋਂ ਲਿਆ ਹੈ। ਇਹਨਾਂ ਪਾਤਰਾਂ ਦੀ ਨਾਇਕ ਨਇਕਾਵਾਂ ਵਜੋਂ ਭਾਵੇਂ ਨਿਵੇਕਲੀ ਪਛਾਣ ਨਹੀਂ ਬਣੀ, ਪਰ ਇਹਨਾਂ ਦੀ ਕਰਨੀ ਕਿਸੇ ਤਰ੍ਹਾਂ ਵੀ ਨਾਇਕਤਵ ਤੋਂ ਘੱਟ ਨਹੀਂ। ਬਹੁਤ ਹਾਲਤਾਂ ਵਿਚ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਦੇ ਕੇਸਰ ਸਿੰਘ ਦੇ ਇਹ ਨਾਵਲ ਨਿਰੋਲ ਨਾਵਲ ਰੂਪ ਦੀ ਥਾਂ ਜੀਵਨੀ, ਇਤਿਹਾਸ ਤੇ ਨਾਵਲ ਦਾ ਸੁਮੇਲ ਹੋ ਨਿਬੜਦੇ ਹਨ। 'ਹਥਿਆਰਬੰਦ ਇਨਕਲਾਬ' ਜੋ



ਨਾ ਕੇਵਲ ਕੇਸਰ ਸਿੰਘ ਦੀਆਂ ਰਚਨਾਵਾਂ ਵਿਚ ਸਗੋਂ ਸਮੁੱਚੇ ਪੰਜਾਬੀ ਨਾਵਲ-ਸਾਹਿਤ ਵਿਚ, ਕਰਤਾਰ ਸਿੰਘ ਦੁੱਗਲ ਦੀ ਤ੍ਰੈਲੜੀ 'ਪੁੱਤ ਸਪੁੱਤ ਕਰੇਨ' ਨੂੰ ਛੱਡਕੇ, ਸਭ ਤੋਂ ਵੱਡੇ ਆਕਾਰ ਦੀ ਨਾਵਲ-ਰਚਨਾ ਹੈ, ਇਸ ਵੰਨਗੀ ਦੇ ਉਸਦੇ ਪਹਿਲੇ ਸਾਰੇ ਨਾਵਲਾਂ ਦਾ ਇਕ ਸਮੱਗਰ ਰੂਪਾਂਤਰ ਹੈ। ਇਸ ਨਾਵਲ ਦੇ ਛੇ ਵੱਖਰੇ ਵੱਖਰੇ ਉਪ ਸਿਰਲੇਖ 'ਯੁਗਾਂਤਰ ਬੰਬ', 'ਗੱਜੇ ਸ਼ੇਰ ਵਲੈਤ ਵਿਚ', 'ਯੁਗਾਂਤਰ ਆਸ਼ਰਮ', ਗਦਰ', 'ਮਾਰੋ ਫਿਰੰਗੀ', 'ਜੇਲ੍ਹਾਂ ਵਤਨੋਂ ਦੂਰ' ਅਤੇ 'ਹਥਿਆਰਬੰਦ ਇਨਕਲਾਬ' ਇਕ ਤਰ੍ਹਾਂ ਸੱਤ ਸੁਤੰਤਰ ਨਾਵਲ ਪ੍ਰਤੀਤ ਹੁੰਦੇ ਹਨ,ਜਿੰਨ੍ਹਾਂ ਨੂੰ ਇਤਿਹਾਸਕ ਪ੍ਰਸੰਗ ਵਿਚ ਇਕ ਕੜੀ ਵਿਚ ਪਰੋਇਆ ਗਿਆ ਹੈ। ਇਸ ਵੰਨਗੀ ਦੇ ਨਾਵਲਾਂ ਦੁਆਰਾ ਹੀ ਇਕ ਰਾਸ਼ਟਰਵਾਦੀ ਨਾਵਲਕਾਰ ਵਜੋਂ ਕੇਸਰ ਸਿੰਘ ਦੀ ਵੱਖਰੀ ਪਛਾਣ ਉਭਰਦੀ ਹੈ। ਭਾਵੇਂ ਕੁਝ ਹੋਰ ਲੇਖਕਾਂ ਨੇ ਵੀ ਆਜ਼ਾਦੀ ਦੇ ਸੰਗਰਾਮੀਆਂ ਦੇ ਜੀਵਨ ਨੂੰ ਕਿਤੇ ਕਿਤੇ ਨਾਵਲੀ ਵਸਤ ਬਣਾਇਆ ਹੈ ਪਰ ਕੇਸਰ ਸਿੰਘ ਵਾਂਗ ਨਿੱਠਕੇ ਕੌਮੀ ਮੁਕਤੀ ਦੇ ਸੰਗਰਾਮ ਨੂੰ ਆਪਣੇ ਨਾਵਲਾਂ ਵਿਚ ਹੋਰ ਕਿਸੇ ਨੇ ਨਹੀਂ ਸਮੋਇਆ।

ਵਸਤ ਦੇ ਪੱਖ ਤੋਂ ਕੇਸਰ ਸਿੰਘ ਦੇ ਨਾਵਲਾਂ ਦਾ ਤੀਜਾ ਵਰਗ ਪੰਜਾਬੀਆਂ ਦੇ ਪਰਵਾਸ ਅਨੁਭਵ ਨਾਲ ਸੰਬੰਧਤ ਹੈ। ਪਰਵਾਸੀ ਪੰਜਾਬੀ ਲੇਖਕਾਂ ਦੀ ਗਿਣਤੀ ਦੇ ਵਧਣ ਨਾਲ ਹੁਣ ਪਰਵਾਸ ਅਨੁਭਵ ਦੇ ਰਚਨਾਤਮਕ ਸਾਹਿਤ ਦੀ ਪ੍ਰਾਪਤੀ ਕਾਫੀ ਗੌਲਣਯੋਗ ਹੋ ਗਈ ਹੈ ਅਤੇ ਇੰਝ ਪਰਵਾਸ ਅਨੁਭਵ ਦਾ ਵਿਸ਼ਾ ਕੋਈ ਓਪਰਾ ਨਹੀਂ ਰਿਹਾ। ਐਪਰ ਰਾਸ਼ਟਰਵਾਦੀ ਨਾਵਲਾਂ ਦੇ ਲੇਖਕ ਵਜੋਂ ਕੇਸਰ ਸਿੰਘ ਦੀ ਵੱਡੀ ਪਛਾਣ ਦੇ ਪਿਛੋਕੜ ਵਿਚ ਇਹ ਗੱਲ ਕਾਫੀ ਹੱਦ ਤਕ ਲੁਕੀ ਰਹੀ ਹੈ ਕਿ ਇੰਗਲੈਂਡ, ਕੈਨੇਡਾ ਤੇ ਅਮਰੀਕਾ ਵਿਚ ਪੰਜਾਬੀਆਂ ਦੇ ਪਰਵਾਸ ਨੂੰ ਰਚਨਾਤਮਕ ਗਲਪ ਦੀ ਵਸਤ ਬਣਾਉਣ ਵਾਲਾ ਜੇ ਉਹ ਪਹਿਲਾ ਨਹੀਂ ਤਾਂ ਮਹੱਤਵਪੂਰਨ ਹਸਤਾਖਰ ਜ਼ਰੂਰ ਹੈ। ਇਸ ਵਸਤ ਵਾਲੇ ਕੇਸਰ ਸਿੰਘ ਦੇ ਨਾਵਲਾਂ ਵਿਚ 'ਵਾਰੇ ਸ਼ਾਹ ਦੀ ਮੌਤ', 'ਲੰਡਨ ਰੋਡ', 'ਗਰੀਨ ਕਾਰਡ', 'ਤੀਜੀ ਪੀਹੜੀ' ਅਤੇ 'ਮਨੁੱਖਤਾ ਦੀ ਮੌਤ' ਸ਼ਾਮਲ ਕੀਤੇ ਜਾ ਸਕਦੇ ਹਨ। ਵਿਕਸਤ ਪੂੰਜੀਵਾਦੀ ਮੁਲਕਾਂ ਵਿਚ ਪੰਜਾਬੀਆਂ ਦੇ ਪਰਵਾਸ ਦੇ ਮਸਲੇ ਦੇ ਵਿਭਿੰਨ ਪਾਸਾਰ ਆਰਥਿਕ ਖੁਸ਼ਹਾਲੀ ਲਈ ਸੰਘਰਸ਼, ਭੂ ਹੇਰਵਾ, ਨਸਲੀ ਵਿਤਕਰਾ, ਸਭਿਆਚਾਰਕ ਦਵੰਦ,ਪੀਹੜੀ ਪਾੜਾ ਅਤੇ ਆਪਣੀ ਪਛਾਣ ਲਈ ਜਦੋ ਜਹਿਦ ਦੂਸਰੇ ਪੰਜਾਬੀ ਪਰਵਾਸੀ ਲੇਖਕਾਂ ਦੇ ਸਾਹਿਤ ਵਾਂਗ ਉਸਦੇ ਨਾਵਲਾਂ ਵਿਚ ਵੀ ਬਾਖੂਬੀ ਸਾਕਾਰ ਹੋਏ ਹਨ। ਸਗੋਂ ਕੇਸਰ ਸਿੰਘ ਦੇ ਇਸ ਵਸਤ ਵਾਲੇ ਨਾਵਲਾਂ ਦਾ ਨਿਵੇਕਲਾਪਨ ਇਸ ਤੱਥ ਵਿਚ ਮੌਜੂਦ ਹੈ ਕਿ ਉਸਨੇ ਮੁਕਾਬਲਤਨ ਪਹਿਲੇ ਪੜਾਅ ਦੇ ਪਰਵਾਸੀਆਂ ਦੇ ਜੀਵਨ-ਸਮਾਚਾਰਾਂ ਨੂੰ ਆਪਣੇ ਨਾਵਲਾਂ ਦੀ ਵਸਤ ਬਣਾਇਆ ਹੈ। ਉਸਦੇ ਇਹਨਾਂ ਨਾਵਲਾਂ ਵਿਚੋਂ ਕਈ ਹਾਲਤਾਂ ਵਿਚ ਉਹ ਪਾਤਰ ਝਾਤੀ ਮਾਰਦੇ ਹਨ ਜੋ ਬਹੁਤ ਪਹਿਲਾਂ ਪਰਦੇਸ ਚਲੇ ਗਏ ਸਨ ਅਤੇ ਜੋ ਗਦਰ ਪਾਰਟੀ ਤੇ ਹੋਰ ਰਾਸ਼ਟਰਵਾਦੀਆਂ ਨਾਲ ਜੁੜੇ ਰਹੇ ਜਾਂ ਉਹਨਾਂ ਦੇ ਲਾਗੇ- ਚਾਗੇ ਵਿਚਰਦੇ ਰਹੇ ਸਨ। ਇਸ ਲਈ ਇਹਨਾਂ ਨਾਵਲਾਂ ਵਿਚ ਪੰਜਾਬੀਆਂ ਦੇ ਨਾਲ ਨਾਲ ਗੋਰੇ ,ਕਾਲੇ ਤੇ ਮੈਕਸੀਕਨ ਪਾਤਰ ਵੀ ਵੇਖੇ ਜਾ ਸਕਦੇ ਹਨ, ਕਈ ਹਾਲਤਾਂ ਵਿਚ ਜਿੰਨ੍ਹਾਂ ਦਾ ਪੰਜਾਬੀ ਪਾਤਰਾਂ ਨਾਲ ਪਰਿਵਾਰਕ ਰਿਸ਼ਤੇ ਦੀ ਪੱਧਰ 'ਤੇ ਸੰਬੰਧ ਵੀ ਜੁੜਿਆ ਹੋਇਆ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਆਪਣੀ ਮੂਲ ਭੋਂ ਤੋਂ ਲਗਪਗ ਪੂਰੀ ਤਰ੍ਹਾਂ ਟੁੱਟੇ ਮੁੱਢਲੇ ਪੰਜਾਬੀ ਪਰਵਾਸੀਆਂ ਦੇ ਮੈਕਸੀਕਨ ਜਾਂ ਗੋਰੀਆਂ ਔਰਤਾਂ ਨਾਲ ਵਿਆਹ ਰਚਾਕੇ ਪਰਿਵਾਰ ਬੰਨ੍ਹਣ ਉਪਰੰਤ ਵੱਖਰੇ ਵੱਖਰੇ ਪਿਛੋਕੜ ਵਾਲੇ ਮਾਂ ਤੇ ਪਿਉ ਦੀ ਔਲਾਦ ਦੇ ਸਮਾਜਕ ਰੁਤਬੇ ਤੇ ਵਿਹਾਰ ਦਾ ਬਿਰਤਾਂਤ ਪਰਵਾਸੀ ਅਨੁਭਵ ਵਾਲੇ ਪੰਜਾਬੀ ਗਲਪ ਵਿਚ ਵੀ

ਗਿਆਨੀ ਕੇਸਰ ਸਿੰਘ ਦੇ ਨਾਵਲਾਂ ਨੂੰ ਵਿਲੱਖਣ ਵਸਤੂ ਪਛਾਣ ਦਿੰਦਾ ਹੈ।

ਤਿੰਨਾਂ ਹੀ ਪ੍ਰਕਾਰ ਦੀ ਵਸਤੂ ਵਾਲੇ ਆਪਣੇ ਨਾਵਲਾਂ ਨੂੰ ਕੇਸਰ ਸਿੰਘ ਨੇ ਕਲਾਤਮਕ ਪੱਖ ਤੋਂ ਲਗਪਗ ਇਕੋ ਤਰ੍ਹਾਂ ਦੀ ਪਹੁੰਚ ਨਾਲ ਪੇਸ਼ ਕੀਤਾ ਹੈ, ਜਿਸਨੂੰ ਦਸਤਾਵੇਜ਼ੀ ਪਹੁੰਚ ਦਾ ਨਾਂ ਦਿੱਤਾ ਜਾ ਸਕਦਾ ਹੈ। ਉਸਦੀ ਪੂਰੀ ਕੋਸ਼ਸ਼ ਰਹੀ ਹੈ ਕਿ ਉਹ ਸਿਰਜਣਾਤਮਕ ਗਲਪ ਦੀ ਰਚਨਾ ਕਰਦਾ ਹੋਇਆ ਵੀ ਗਲਪ ਨਾਲੋਂ ਯਥਾਰਥ ਦੇ ਵਧੇਰੇ ਨੇੜੇ ਰਹੇ। ਗਦਰ ਪਾਰਟੀ ਅਤੇ ਆਜ਼ਾਦੀ ਦੀ ਲਹਿਰ ਨਾਲ ਸੰਬੰਧਤ ਨਾਵਲ ਤਾਂ ਅਵੱਸ਼ ਹੀ ਇਕ ਤਰ੍ਹਾਂ ਦੇ ਦਸਤਾਵੇਜ਼ ਹਨ, ਜਿੰਨ੍ਹਾਂ ਨੂੰ ਪ੍ਰਮਾਣਕਤਾ ਦਾ ਦਰਜਾ ਦੁਆਉਣ ਲਈ ਕੇਸਰ ਸਿੰਘ ਨੇ ਉਚੇਚਾ ਯਤਨ ਕੀਤਾ ਹੈ। ਗਿਆਨੀ ਕੇਸਰ ਸਿੰਘ ਦੇ ਆਪਣੇ ਦੱਸਣ ਅਨੁਸਾਰ ਬਾਬਾ ਕਸੋਹਣ ਸਿੰਘ ਭਕਨਾ ਦੀ ਪ੍ਰੇਰਨਾ ਉੱਤੇ ਉਸਨੇ ਆਜ਼ਾਦੀ ਦੇ ਸੰਗਰਾਮ ਵਿਚ ਗਦਰ ਪਾਰਟੀ ਦੇ ਰੋਲ ਨੂੰ ਉਭਾਰਨ ਲਈ ਲਿਖਣ ਦਾ ਬੀੜਾ ਚੁੱਕਿਆ ਸੀ। ਇੰਗਲੈਂਡ ਪਹੁੰਚਣ ਉੱਤੇ ਉਸਨੇ ਕਾਫੀ ਸਮਾਂ ਲੰਡਨ ਦੀ ਇੰਡੀਆ ਆਫਸ ਲਾਇਬਰੇਰੀ ਵਿਚ ਇਸ ਸੰਬੰਧੀ ਖੋਜ ਕੀਤੀ ਸੀ ਅਤੇ ਅਗਾਂਹ ਹੋਰ ਖੋਜ ਨੂੰ ਸਹਿਲ ਬਣਾਉਣ ਲਈ ਕਾਨੂੰਨ ਦੀ ਪੜ੍ਹਾਈ ਵਾਸਤੇ ਵਿਧੀਵਤ ਦਾਖਲਾ ਵੀ ਲਿਆ ਸੀ।ਕੈਨੇਡਾ ਪਰਵਾਸ ਕਰਨ ਉਪਰੰਤ ਉਹ ਵੈਨਕੂਵਰ ਸ਼ਹਿਰ ਅਤੇ ਗਦਰੀਆਂ ਦੀ ਸਰਗਰਮੀ ਵਾਲੀਆਂ ਬ੍ਰਿਟਿਸ਼ ਕੋਲੰਬੀਆ ਦੀਆਂ ਹੋਰ ਥਾਵਾਂ ਤੋਂ ਬਿਨਾਂ ਅਮਰੀਕਾ ਦੇ ਸ਼ਹਿਰ ਸਾਨ ਫ੍ਰਾਂਸਿਸਕੋ ਵੀ ਗਿਆ ਜਿੱਥੇ ਗਦਰ ਪਾਰਟੀ ਦਾ ਹੈਡ ਕੁਆਰਟਰ ਸੀ। ਉਪਰੰਤ ਉਸਨੇ ਕੈਲੇਫੋਰਨੀਆਂ,ਔਰੀਗਨ ਤੇ ਵਾਸ਼ਿੰਗਟਨ ਆਦਿ ਅਮਰੀਕਨ ਰਿਆਸਤਾਂ ਵਿਚ ਘੁੰਮਕੇ ਸਾਬਕਾ ਗਦਰੀਆਂ ਅਤੇ ਉਹਨਾਂ ਦੇ ਰਿਸ਼ਤੇਦਾਰਾਂ ਤੇ ਸੰਗੀਆਂ ਨਾਲ ਸੰਪਰਕ ਕਰਕੇ ਇਤਿਹਾਸਕ ਸਮੱਗਰੀ ਇਕੱਠੀ ਕੀਤੀ।ਗਦਰੀ ਸਰਗਰਮੀਆਂ ਸੰਬੰਧੀ ਅਮਰੀਕੀ ਤੇ ਕੈਨੇਡੀਅਨ ਸਰਕਾਰਾਂ ਦੇ ਰੀਕਾਰਡ ਤਕ ਪਹੁੰਚ ਕੀਤੀ। ਇਸ ਸਾਰੀ ਖੋਜ ਨੂੰ ਉਸਨੇ ਆਪਣੇ ਨਾਵਲਾਂ ਦੀ ਆਧਾਰ ਸਮੱਗਰੀ ਬਣਾਇਆ ਹੈ।

ਮੁੱਖ ਘਟਨਾਵਾਂ ਅਤੇ ਮੁੱਖ ਪਾਤਰਾਂ ਦੇ ਬਦਲਦੇ ਜਾਣ ਦੇ ਬਾਵਜੂਦ ਕਿਉਂਕਿ ਗਦਰ ਪਾਰਟੀ ਹੀ ਜ਼ਿਆਦਾਤਰ ਕੇਸਰ ਸਿੰਘ ਦੇ ਨਾਵਲਾਂ ਦੀ ਕੇਂਦਰੀ ਵਸਤੂ ਬਣੀ ਹੈ, ਇਸ ਲਈ ਵੱਖ ਵੱਖ ਨਾਵਲਾਂ ਵਿਚ ਦਹੁਰਾਉ ਦਾ ਅੰਸ਼ ਬਹੁਤ ਹੈ, ਜੋ ਉਹਨਾਂ ਨੂੰ ਅਕਸਰ ਉਕਾਊ ਇਕਸਾਰਤਾ ਵੱਲ ਲੈ ਜਾਂਦਾ ਹੈ। ਗਦਰੀਆਂ ਦੀ ਕਰਨੀ ਨੂੰ ਪ੍ਰਸ਼ੰਸਾਭਾਵੀ ਰੂਪ ਵਿਚ ਪੇਸ਼ ਕਰਨ ਦੀ ਉਸਦੀ ਅਕਾਂਖਿਆਂ ਵਿਚੋਂ ਪਾਤਰ ਉਸਾਰੀ ਬਾਰੇ ਕੇਸਰ ਸਿੰਘ ਦੀ ਪਹੁੰਚ ਵੀ ਇਕ ਸਿਰਜਣਾਤਮਕ ਲੇਖਕ ਵਾਲੀ ਪਹੁੰਚ ਨਾ ਰਹਿ ਕੇ ਇਕ ਧਿਰ ਦੇ ਮਹਿਮਾਕਾਰ ਦੀ ਪਹੁੰਚ ਬਣ ਜਾਂਦੀ ਹੈ। ਨਤੀਜੇ ਵਜੋਂ ਗਦਰੀ ਸੂਰਬੀਰ ਤਾਂ ਆਦਰਸ਼ ਨਾਇਕ ਦੇ ਉਜਲੇ ਰੂਪ ਵਿਚ ਪੇਸ਼ ਹੁੰਦੇ ਹਨ, ਜਦਕਿ ਵਿਰੋਧੀ ਧਿਰ ਨਾਲ ਸੰਬੰਧਤ ਸਭ ਪਾਤਰ ਕਿਸੇ ਵੀ ਗੁਣ ਤੋਂ ਸੱਖਣੇ ਖਲਨਾਇਕ ਹੋ ਨਿਬੜਦੇ ਹਨ। ਵੇਖੀਆਂ-ਭਾਲੀਆਂ ਤੇ ਇਤਿਹਾਸਕ ਸ਼ਖਸੀਅਤਾਂ ਨੂੰ ਐਨ ਹਕੀਕੀ ਰੂਪ ਵਿਚ ਪੇਸ਼ ਕਰਨ ਦੀ ਮਨਸ਼ਾ ਵਿਚੋਂ ਹੀ ਕੇਸਰ ਸਿੰਘ ਨੇ ਆਪਣੇ ਪਾਤਰਾਂ ਉੱਤੇ ਸਿਰਜਣਾਤਮਕ ਕਲਪਨਾ ਦਾ ਕੋਈ ਓਢਣ ਨਹੀਂ ਚਾੜ੍ਹਿਆ ਅਤੇ ਇੰਝ ਉਹਨਾਂ ਨੂੰ ਮਨੁੱਖੀ ਗੁਣਾਂ-ਔਗੁਣਾਂ ਵਾਲੇ ਜੀਵਾਂ ਵਜੋਂ ਉਭਰਨ ਨਹੀਂ ਦਿੱਤਾ। ਕਰਤਾਰ ਸਿੰਘ ਸਰਾਭਾ ਅਤੇ ਹਰੀ ਸਿੰਘ ਉਸਮਾਨ ਨੂੰ ਮੁਖ ਪਾਤਰ ਬਣਾਕੇ ਲਿਖੇ ਨਾਨਕ ਸਿੰਘ ਅਤੇ ਸੰਤ ਸਿੰਘ ਸੇਖੋਂ ਦੇ ਨਾਵਲਾਂ ਦੀ ਪਾਤਰ ਉਸਾਰੀ ਦੀ ਤੁਲਨਾ ਵਿਚ ਕੇਸਰ ਸਿੰਘ ਦੇ ਇਹਨਾਂ ਪਾਤਰਾਂ ਨੂੰ ਰੱਖਕੇ ਵੇਖਣ ਨਾਲ ਇਹ ਤੱਥ ਹੋਰ ਸਪਸ਼ਟ ਰੂਪ ਵਿਚ ਵੇਖਿਆ ਸਮਝਿਆ ਜਾ ਸਕਦਾ



ਹੈ।ਗਦਰ ਪਾਰਟੀ ਦੀ ਜੱਥੇਬੰਦੀ ਦੇ ਅੰਦਰੂਨੀ ਸਮਾਚਾਰਾਂ, ਬਰਤਾਨਵੀ ਸਰਕਾਰ ਦੀ ਰਾਸ਼ਟਰਵਾਦੀ ਲਹਿਰ ਨੂੰ ਦਬਾਉਣ ਦੀ ਨੀਤੀ ਅਤੇ ਕੈਨੇਡੀਅਨ ਅਮਰੀਕਨ ਸਰਕਾਰਾਂ ਦੇ ਇੰਮੀਗਰੇਸ਼ਨ ਤੇ ਪੁਲੀਟੀਕਲ ਅਧਿਕਾਰੀਆਂ ਨਾਲ ਜਿੱਥੇ ਕਿਤੇ ਵੀ ਗਦਰੀਆਂ ਦੀ ਵਿਅਕਤੀਗਤ ਜਾਂ ਸਮੁੱਚੇ ਰੂਪ ਵਿਚ ਪਾਰਟੀ ਦੀ ਪੱਧਰ ਉੱਤੇ ਟੱਕਰ ਹੋਈ ਹੈ, ਉੱਥੇ ਉੱਥੇ ਕੇਸਰ ਸਿੰਘ ਨੇ ਉਸ ਵਿਚਾਰ ਦੀ ਪੁਸ਼ਟੀ ਲਈ ਬਿਰਤਾਂਤ ਦੀ ਸਿਰਜਣਾ ਕੀਤੀ ਹੈ , ਜਿਸ ਉੱਤੇ ਗਦਰ ਪਾਰਟੀ ਦੀ ਔਫੀਸ਼ੀਅਲ ਮੁਹਰ ਲੱਗੀ ਹੈ।ਇਸੇ ਲਈ ਰਾਮ ਚੰਦਰ ਵਰਗੇ ਉੱਘੇ ਗਦਰੀ, ਜਿਸ ਦੇ ਇਕ ਪੜਾਅ ਉੱਤੇ ਮੁਖ ਧੜੇ ਨਾਲ ਸ਼ਦੀਦ ਮਤਭੇਦ ਹੋ ਗਏ ਸਨ, ਅਤੇ ਬੇਲਾ ਸਿੰਘ, ਨਵਾਬ ਖਾਂ ਅਤੇ ਹਾਪਕਿਨਸਨ ਵਰਗੇ ਲੋਕ, ਜੋ ਗਦਰੀਆਂ ਦੀਆਂ ਨਜ਼ਰਾਂ ਵਿਚ ਗੱਦਾਰ ਸਨ. ਕੇਸਰ ਸਿੰਘ ਦੇ ਨਾਵਲਾਂ ਵਿਚ ਏਸੇ ਤ੍ਰਿਸਕਾਰ ਦੇ ਹੱਕਦਾਰ ਪਾਤਰਾਂ ਦੇ ਰੂਪ ਵਿਚ ਪੇਸ਼ ਹੋਏ ਹਨ।

ਆਜ਼ਾਦ ਹਿੰਦ ਫੌਜ ਅਤੇ ਦੂਸਰੀ ਸੰਸਾਰ ਜੰਗ ਦੇ ਵਿਸ਼ੈ ਵਾਲੇ ਨਾਵਲਾਂ ਵਿਚ ਵੀ ਜਿੱਥੇ ਕੇਸਰ ਸਿੰਘ ਨੇ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਨ ਵਿਚ ਦਸਤਾਵੇਜ਼ੀ ਪਹੁੰਚ ਅਪਨਾਉਣ ਦਾ ਪ੍ਰਮਾਣ ਦਿੱਤਾ ਹੈ, ਉੱਥੇ ਵੀ ਇਕ ਧਿਰ ਦਾ ਪ੍ਰਵੱਕਤਾ ਬਣਨ ਦੀ ਉਸਦੀ ਬਿਰਤੀ ਕਾਰਜਸ਼ੀਲ ਰਹੀ ਹੈ। ਇਹ ਧਿਰ ਅਵੱਸ਼ ਪ੍ਰਗਤੀਵਾਦੀ ਮਾਨਵਵਾਦੀ ਕੀਮਤਾਂ ਨੂੰ ਪਰਨਾਈ ਹੋਈ ਧਿਰ ਹੈ। ਅਜਿਹੀ ਧਿਰ ਦਾ ਸਾਥ ਦੇਣਾ ਇਕ ਸ਼ੁਭ ਕਾਰਜ ਹੈ, ਪਰ ਸਿਰਜਣਾਤਮਕ ਗਲਪ ਦੇ ਖੇਤਰ ਵਿਚ ਇਸ ਤਰ੍ਹਾਂ ਦੀ ਇਕ-ਪੱਖੀ ਪਹੁੰਚ ਨੇ ਨਾਵਲਕਾਰ ਵਜੋਂ ਕੇਸਰ ਸਿੰਘ ਦੀ ਸਥਿਤੀ ਨੂੰ ਅਵੱਸ਼ ਕਮਜ਼ੋਰ ਕੀਤਾ ਹੈ।

ਨਾਵਲੀ ਬਿਰਤਾਂਤ ਸਿਰਜਣ ਲਈ ਕੇਸਰ ਸਿੰਘ ਨੇ ਬਹੁ-ਭਾਂਤੀ ਜਾਂ ਨਵੀਆਂ ਨਵੀਆਂ ਗਲਪੀ ਜੁਗਤਾਂ ਵਰਤਣ ਦੀ ਲੋੜ ਨਹੀਂ ਸਮਝੀ। ਉਸਨੇ ਵਧੇਰੇ ਟੇਕ ਵਾਰਤਾਲਾਪ ਉੱਤੇ ਰੱਖੀ ਹੈ। ਅਕਸਰ ਨਾਵਲ ਦੀ ਕਥਾ ਲਕੀਰੀ ਬਿਰਤਾਂਤ ਵਿਚ ਅਗਾਂਹ ਵਧਦੀ ਹੈ ਅਤੇ ਉਸਨੂੰ ਅਗਾਂਹ ਵਧਾਉਣ ਵਿਚ ਪਾਤਰਾਂ ਦੇ ਆਪਸੀ ਸੰਵਾਦ ਹੀ ਮੁਖ ਵਾਹਣ ਬਣਦੇ ਹਨ। ਇਸ ਤਰ੍ਹਾਂ ਕਰਨ ਨਾਲ, ਵੈਸੇ ਰੁੱਖੇ ਜਿਹੇ ਬਿਰਤਾਂਤ ਵਿਚ, ਕੁਝ ਰੌਚਕਤਾ ਦਾ ਅੰਸ਼ ਆ ਜਾਂਦਾ ਹੈ। ਰੌਚਕਤਾ ਦੇ ਇਸ ਅੰਸ਼ ਨੂੰ ਹੋਰ ਵਧਾਉਣ ਲਈ ਕੇਸਰ ਸਿੰਘ ਨੇ ਸਾਧਾਰਨ ਪੱਧਰ 'ਤੇ ਵਿਚਰਨ ਵਾਲੇ ਪੇਂਡੂ ਭਾਂਤ ਦੇ ਮਨੁੱਖ ਦੀ ਮੋਟੀ-ਠੁਲ੍ਹੀ ਪਰ ਮੁਹਾਵਰੇਦਾਰ ਜ਼ੁਬਾਨ ਦੀ ਕੁਝ ਜ਼ਿਆਦਾ ਹੀ ਵਰਤੋਂ ਕੀਤੀ ਹੈ। ਬਿਰਤਾਂਤ ਸਿਰਜਣ ਵਿਚ ਜੋ ਗੱਲ ਉਸਨੇ ਨਵੀਂ ਕੀਤੀ ਹੈ ਉਹ ਹੈ ਅਦਾਲਤੀ ਕਾਰਵਾਈ ਦੀ ਵਿਧੀ ਦੀ ਵਰਤੋਂ। ਖਾਸ ਤੌਰ 'ਤੇ ਦੋ ਨਾਵਲਾਂ- 'ਸਿੰਘ ਸਾਹਿਬ ਦੀ ਸ਼ਹਾਦਤ' ਅਤੇ 'ਗੱਦਾਰ' ਵਿਚ,ਜਿੱਥੇ ਕਤਲ ਨਾਲ ਜੁੜੇ ਮੁਕੱਦਮੇ ਨਾਵਲੀ ਵਸਤ ਬਣੇ ਹਨ, ਉੱਥੇ ਗਵਾਹਾਂ ਦੇ ਜਿਸ ਤਰ੍ਹਾਂ ਬਿਆਨ ਹੁੰਦੇ ਹਨ, ਉਹਨਾਂ ਦੀ ਉਸੇ ਭਾਂਤ ਦੀ ਪੇਸ਼ਕਾਰੀ ਨੂੰ ਕੇਸਰ ਸਿੰਘ ਨੇ ਇਕ ਜੁਗਤ ਵਜੋਂ ਵਰਤਿਆ ਹੈ। ਇਕ ਹੋਰ ਨਵੀਂ ਵਿਧੀ ਉਸਨੇ ਕਥਾਨਕ ਦੇ ਅੰਤਰਗਤ ਪਾਤਰਾਂ ਦਾ ਇਕੱਠ ਕਰਵਾ ਕੇ ਲੰਮਾ ਵਿਚਾਰ-ਵਟਾਂਦਰਾ ਜਾਂ ਸੈਮੀਨਾਰ ਕਰਨ ਦੀ ਵਰਤੀ ਹੈ। ਇਸ ਤਰ੍ਹਾਂ ਸੰਬੰਧਤ ਨਾਵਲ ਦੇ ਮੁਖ ਵਿਚਾਰਧਾਰਕ ਸਰੋਕਾਰਾਂ ਨੂੰ ਉਜਾਗਰ ਕਰਨ ਲਈ ਮਜ਼ਬੂਤ ਆਧਾਰ ਸਿਰਜਿਆ ਗਿਆ ਹੈ।ਕੇਸਰ ਸਿੰਘ ਦੇ ਨਾਵਲਾਂ ਦਾ ਇਹ ਵੀ ਲੱਛਣ ਹੈ ਕਿ ਨਾਵਲੀ ਕਥਾਨਕ ਭਾਵੇਂ ਕੋਈ ਬਹੁਤੇ ਵਲ-ਵਲਾਵੇਂ ਵਿਚੋਂ ਨਹੀਂ ਲੰਘਦਾ ਪਰ ਆਪਣੇ ਅੰਤ ਉੱਤੇ ਇਹ ਅਵੱਸ਼ ਚਮਤਕਾਰੀ ਪ੍ਰਭਾਵ ਸਿਰਜਦਾ ਹੈ, ਜੋ ਅਕਸਰ ਸ਼ਹਾਦਤ,ਬਦਲੇ ਦੇ ਕਾਰਜ ਅਥਵਾ ਮਿਸ਼ਨ- ਪੂਰਤੀ ਦੇ ਰੂਪ ਵਿਚ ਹੁੰਦਾ ਹੈ।

ਕੇਸਰ ਸਿੰਘ ਦੇ ਆਪਣੇ ਜੀਵਨ-ਸਮਾਚਾਰ ਵੀ ਮੁੜ ਮੁੜ ਦਹੁਰਾਏ ਜਾਣ ਦੀ ਹੱਦ ਤਕ ਅਕਸਰ ਨਾਵਲਾਂ ਦੀ ਕਹਾਣੀ ਵਿਚ ਗੁੰਦੇ ਮਿਲਦੇ ਹਨ।ਪਰ ਇਸ ਤੋਂ ਵੀ ਅਗਾਂਹ ਉਸਨੇ ਕੁਝ ਥਾਈਂ ਆਤਮਕਥਾ ਦੀ ਵਿਧੀ ਨੂੰ ਹੀ ਅਪਨਾ ਲਿਆ ਹੈ। ਵੱਡ-ਆਕਾਰੀ ਨਾਵਲ 'ਹਥਿਆਰਬੰਦ ਇਨਕਲਾਬ' ਦੇ ਆਖਰੀ ਖੰਡ ਵਿਚ ਜਦੋਂ ਅਚਾਨਕ ਹੀ ਮੈਂ ਪਾਤਰ ਸਾਹਵੇਂ ਆ ਜਾਂਦਾ ਹੈ ਤਾਂ ਪਾਠਕ ਨੂੰ ਇਕ ਵਾਰ ਤਾਂ ਅਚੰਭਾ ਜਿਹਾ ਲਗਦਾ ਹੈ,ਪਰ ਛੇਤੀ ਹੀ ਸਪਸ਼ਟ ਹੋ ਜਾਂਦਾ ਹੈ ਕਿ ਲੇਖਕ ਨੇ ਨਾਵਲ ਦੇ ਬਿਰਤਾਂਤ ਦੀ ਵਿਧੀ ਬਦਲਕੇ ਇਸਨੂੰ ਉਤਮਪੁਰਖੀ ਪ੍ਰਵਚਨ ਵਿਚ ਢਾਲ ਲਿਆ ਹੈ।ਇਸ ਵਿਧੀ ਦੀ ਵਰਤੋਂ ਨਾਲ ਨਾਵਲੀ ਵਸਤ ਦੀ ਪ੍ਰਮਾਣਕਤਾ ਦੇ ਤੱਥ ਦੀ ਪੁਸ਼ਟੀ ਤਾਂ ਅਵੱਸ਼ ਹੋਈ ਹੈ, ਪਰ ਅਚੇਤ ਸੁਚੇਤ ਪ੍ਰਵਕਤਾ ਦੀ ਹਉਂਭਾਵੀ ਰੁਚੀ, ਜਿਸਤੋਂ ਗਿਆਨੀ ਕੇਸਰ ਸਿੰਘ ਮੁਕਤ ਨਹੀਂ ਸੀ, ਦਾ ਦਖਲ ਵੀ ਵਧ ਜਾਂਦਾ ਰਿਹਾ ਹੈ।

ਕੇਸਰ ਸਿੰਘ ਦੀ ਦ੍ਰਿਸ਼ਟੀਗਤ ਪਹੁੰਚ ਮੋਟੇ ਤੌਰ 'ਤੇ ਪ੍ਰਗਤੀਵਾਦੀ ਮਾਨਵਵਾਦੀ ਹੈ। ਇਸ ਪਹੁੰਚ ਵਿਚ ਅੰਤਰਰਾਸ਼ਟਰੀਅਤਾ ਦਾ ਵੀ ਦਖਲ ਹੈ। ਪਰ ਇਸ ਸਮੁੱਚੀ ਪਹੁੰਚ ਦੇ ਅੰਤਰਗਤ ਉਸਦਾ ਸਿੱਖੀ ਪਿਛੋਕੜ ਕਿਧਰੇ ਗਾਇਬ ਨਹੀਂ ਹੁੰਦਾ।ਸਿੱਖ ਸਰੂਪ, ਸਿੱਖ ਰਹਿਣੀ-ਬਹਿਣੀ ਅਤੇ ਸਿੱਖ ਮਰਯਾਦਾ ਨੂੰ ਉਸਨੇ ਆਮ ਜੀਵਨ ਨਾਲੋਂ ਪੂਰੀ ਤਰ੍ਹਾਂ ਨਿਖੇੜਕੇ ਸੰਕੀਰਨ ਰੂਪ ਵਿਚ ਤਾਂ ਨਹੀਂ ਵੇਖਿਆ, ਸਗੋਂ ਬਹੁਤ ਹਾਲਤਾਂ ਵਿਚ ਸਮਾਂ ਵਿਹਾ ਚੁੱਕੇ ਅਤੇ ਗ਼ਲਤ ਵਿਹਾਰ ਦੀ ਆਲੋਚਨਾ ਕੀਤੀ ਹੈ। ਪਰ ਬਹੁਤ ਸਾਰੇ ਪਾਤਰ, ਜੋ ਸਪਸ਼ਟ ਹੀ ਲੇਖਕ ਦੀ ਆਪਣੀ ਸ਼ਖਸੀਅਤ ਦੇ ਪ੍ਰਤੀਨਿਧ ਅਤੇ ਉਸਦੇ ਵਿਚਾਰਾਂ ਦੇ ਪ੍ਰਵਕਤਾ ਵਜੋਂ ਪਛਾਣੇ ਜਾ ਸਕਦੇ ਹਨ, ਸਿੱਖੀ ਰਹਿਤਲ ਦਾ ਪ੍ਰਸ਼ੰਸਾਭਾਵੀ ਵਖਾਨ ਕਰਨ ਤੋਂ ਨਹੀਂ ਉਕਦੇ।ਇਸ ਲਈ ਬਦੇਸ਼ਾਂ ਵਿਚ ਵਸੇ ਪੰਜਾਬੀ ਮੂਲ ਦੇ ਪਾਤਰਾਂ ਦੇ ਦੂਜੀਆਂ ਕੌਮੀਅਤਾਂ ਦੇ ਪਾਤਰਾਂ ਨਾਲ ਸੰਪਰਕ ਤੇ ਸਹਿਚਾਰ ਸਮੇਂ ਵੀ ਲੇਖਕ ਦੀ ਸਿੱਖ ਮਾਨਸਿਕਤਾ ਵਾਲਾ ਪੱਖ ਕਿਸੇ ਪਾਸਿਉਂ ਆ ਝਾਤੀ ਮਾਰਦਾ ਹੈ। ਦੂਰ ਪਰਦੇਸਾਂ ਵਿਚ ਵੀ ਸਿੱਖ ਜਗਤ ਦੇ ਸਾਮਿਅਕ ਸਮਾਚਾਰ ਕਿਤੇ ਸਿੱਧੇ ਰੂਪ ਵਿਚ ਅਤੇ ਕਿਤੇ ਦੇਸ਼ ਬਦੇਸ਼ ਦੀ ਪੰਜਾਬੀ ਰਹਿਤਲ ਦੇ ਪ੍ਰਸੰਗ ਵਿਚ ਇਕ ਨਿਸਚਤ ਪਹੁੰਚ ਸਹਿਤ ਕੇਸਰ ਸਿੰਘ ਦੇ ਨਾਵਲਾਂ ਦੀ ਵਸਤ ਦਾ ਅੰਗ ਤੇ ਸਰੋਕਾਰ ਬਣੇ ਹਨ।

ਅੰਤ ਵਿਚ ਇਹ ਮੰਨਿਆ ਜਾ ਸਕਦਾ ਹੈ ਕਿ ਉਮਰ ਦਾ ਵਡੇਰਾ ਭਾਗ ਪਰਦੇਸਾਂ ਵਿਚ ਬਿਤਾਉਣ, ਆਮ ਰੂਪ ਵਿਚ ਧਰਮ-ਨਿਰਪੇਖ ਕਦਰਾਂ-ਕੀਮਤਾਂ ਅਪਨਾਉਣ, ਵਿਕਸਤ ਪੂੰਜੀਵਾਦੀ ਪੱਛਮੀ ਜਗਤ ਵਿਚ ਵੱਖ ਵੱਖ ਕੌਮਾਂ ਤੇ ਵੰਨ ਸੁਵੰਨੇ ਸਭਿਆਚਾਰਾਂ ਦੇ ਲੋਕਾਂ ਨਾਲ ਸਾਂਝ ਭਿਆਲੀ ਪਾਉਣ ਉਪਰੰਤ, ਆਪਣੇ ਨਾਵਲ 'ਵਾਰੇ ਸ਼ਾਹ ਦੀ ਮੌਤ' ਦੇ ਮੁਖ ਪਾਤਰ ਚਰਨ ਸਿੰਘ ਵਾਂਗ ਕੇਸਰ ਸਿੰਘ ਨੇ ਪੰਜਾਬੀਅਤ ਨੂੰ ਘੁੱਟਕੇ ਫੜੀ ਰੱਖਿਆ ਹੈ, ਜਿਸ ਪੰਜਾਬੀਅਤ ਵਿਚ ਸਿੱਖੀ ਦੀ ਭਾਵਨਾ ਦਾ ਯੋਗਦਾਨ ਵੀ ਕੋਈ ਘੱਟ ਨਹੀਂ। ਅਤੇ ਐਡਮੰਟਨ ਵਿਚ ਅੰਤਮ ਸਾਹ ਲੈਣ ਸਮੇਂ ਏਸੇ ਹੀ ਨਾਵਲ ਦੇ ਪਾਤਰ ਜਗਤ ਸਿੰਘ ਵਾਂਗ ਕੇਸਰ ਸਿੰਘ ਦੀ ਵੀ ਇਹ ਰੀਝ ਰਹੀ ਹੋਵੇਗੀ ਕਿ ਕਾਸ਼ ਉਸਦੇ ਪੋਤੇ ਪੋਤੀਆਂ ਤੇ ਦੋਹਤੇ ਦੋਹਤੀਆਂ ਉਸਦੇ ਨਾਲ ਉਸਦੀ ਆਪਣੀ ਬੋਲੀ ਯਾਨੀ ਪੰਜਾਬੀ ਵਿਚ ਗੱਲ ਕਰ ਸਕਦੇ।❏❏

(1728, ਸੈਕਟਰ 43-ਬੀ, ਚੰਡੀਗੜ੍ਹ- 160 022)



# ‘ਦਰਗਾਹ ਸ਼ਰੀਫ ਮੇਂ ਔਰਤ ਕਾ ਦਾਖਲਾ ਮਮਨੂਹ ਹੈ’

ਗੁਰਨਾਇਬ ਸਿੰਘ

*ਸਤਿਕਾਰਯੋਗ ਪ੍ਰੋ: ਰਘਬੀਰ ਸਿੰਘ ਜੀ, ਪਿਛਲੇ ਦਿਨੀਂ ਮੈਂ ਪਾਕਿਸਤਾਨ ਬਾਰੇ ਲਿਖੇ ਪੰਜਾਬੀ ਸਫ਼ਰਨਾਮੇ ਪੜ੍ਹੇ ਤੇ ਇਹਨਾਂ ਉੱਤੇ ਇਕ ਖੋਜ-ਪੱਤਰ ਵੀ ਲਿਖ ਲਿਆ। ਵਰਿਆਮ ਸਿੰਘ ਸੰਧੂ ਦੇ ‘ਵਗਦੀ ਏ ਰਾਵੀ’ ਵਿਚ ਮੈਡਮ ਸੁਲੇਖਾ ਤੇ ਤੁਹਾਡੇ ਸਫ਼ਰ ਦਾ ਵੀ ਭਰਪੂਰ ਜ਼ਿਕਰ ਆਇਆ। ਮੈਡਮ ਸੁਲੇਖਾ ਦੇ ਹਵਾਲੇ ਨਾਲ ਮੈਂ ਇਸ ਸਫ਼ਰਨਾਮੇ ਵਿਚ ਇਕ ਦਰਦ ਦੀ ਨਿਸ਼ਾਨਦੇਹੀ ਕੀਤੀ। ਕਿਉਂਕਿ ਇਹ ਮੈਡਮ ਸੁਲੇਖਾ ਨਾਲ ਨਿੱਜੀ ਰੂਪ ਨਾਲ ਸੰਬੰਧਤ ਹੈ, ਤੁਸੀਂ ਉਸ ਵਿਚ ਗਵਾਹ ਹੋ, ਇਸ ਲਈ ਖੋਜ-ਪੱਤਰ ਦਾ ਉਹ ਕੁਝ ਭਾਗ ਮੈਂ ‘ਸਿਰਜਣਾ’ ਰਾਹੀਂ ਵਰਿਆਮ ਸਿੰਘ ਸੰਧੂ ਤੇ ਪਾਠਕਾਂ ਹਿੱਤ ਪੇਸ਼ ਕਰਦਾ ਹੋਇਆ ਮੈਡਮ ਸੁਲੇਖਾ ਤਕ ਪਹੁੰਚਾਉਣਾ ਚਾਹੁੰਦਾ ਹਾਂ। ਉਮੀਦ ਕਰਦਾ ਹਾਂ ਆਪ ਇਸ ਨੂੰ ਪ੍ਰਕਾਸ਼ਤ ਕਰਕੇ ਧੰਨਵਾਦੀ ਬਣਾਓਗੇ।*

*-ਗੁਰਨਾਇਬ ਸਿੰਘ*

"...ਵਰਿਆਮ ਸਿੰਘ ਸੰਧੂ ਦੇ ਸਫ਼ਰਨਾਮੇ **ਵਗਦੀ ਏ ਰਾਵੀ** ਦੀ ਸ਼ੈਲੀ ਸੁੱਤੇ ਇਤਿਹਾਸ ਨੂੰ ਜਗਾਉਣ ਵਾਲੀ ਹੈ। ਉਸ ਨੂੰ ਲਾਹੌਰ ਦੀਆਂ ਸੜਕਾਂ, ਗਵਾਲ ਮੰਡੀ, ਕਿਲ੍ਹੇ ਆਦਿ ਥਾਵਾਂ ਉੱਤੇ ਭਗਤ ਸਿੰਘ ਤੁਰਦਾ ਨਜ਼ਰੀਂ ਪੈਂਦਾ ਹੈ। ਫਾਂਸੀ ਉਪਰੰਤ ਰਾਤ ਨੂੰ ਹੀ ਇਹਨਾਂ ਸੜਕਾਂ ਰਾਹੀਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਲਾਸ਼ਾਂ ਲੈ ਕੇ ਜਾ ਰਹੀ ਅੰਗਰੇਜ਼ ਪੁਲਿਸ ਦਿਖਾਈ ਦੇਂਦੀ ਹੈ। ਗੁਰਦੁਆਰਾ ਡੇਹਰਾ ਸਾਹਿਬ ਅੰਦਰ ਗੁਰੂ ਅਰਜਨ ਦੇਵ ਬਾਣੀ ਗਾਉਂਦੇ ਨਜ਼ਰੀਂ ਪੈਂਦੇ ਹਨ। ਨਨਕਾਣਾ ਸਾਹਿਬ ਦੀ ਧਰਤੀ ਉੱਤੇ ਗੁਰੂ ਨਾਨਕ ਦੇਵ ਮੱਝਾਂ ਚਾਰਦੇ, ਮਰਦਾਨੇ ਨਾਲ ਖੇਡਦੇ ਮਹਿਸੂਸ ਹੁੰਦੇ ਹਨ। ਕਸੂਰ ਵਿਚ ਬੁੱਲ੍ਹੇ ਸ਼ਾਹ ਗਾਉਂਦਾ ਸੁਣਦਾ ਹੈ। ਮੀਆਂ ਮੀਰ ਬਾਦਸ਼ਾਹ ਵੱਲ ਪਿੱਠ ਤੇ ਲੋਕਾਂ ਵੱਲ ਮੂੰਹ ਕਰੀਂ ਖੜ੍ਹਾ ਦਿਖਾਈ ਦੇਂਦਾ ਹੈ। ਜਹਾਂਗੀਰ ਪਰਜਾ ਦੇ ਦਰਸ਼ਨਾਂ ਲਈ ਤਰਸਦਾ ਆਪਣੀ ਕਬਰ ਅੰਦਰ ਪਛਤਾਵੇ ਦੀ ਅੱਗ ਵਿਚ ਭੁਜਦਾ ਤੜਫਦਾ ਪੁਕਾਰਦਾ ਸੁਣਦਾ ਹੈ। ਲਾਹੌਰ ਦੇ ਕਿਲ੍ਹੇ ਅੰਦਰ ਭਾਰਤ ਦੇ ਮੁਗਲ ਬਾਦਸ਼ਾਹ ਤੁਰੇ-ਫਿਰਦੇ ਨਜ਼ਰੀਂ ਪੈਂਦੇ ਹਨ। ਭਾਈ ਬਿਧੀ ਚੰਦ ਗੁਰੂ ਲਈ ਘੋੜੇ ਚੁਰਾਉਣ ਦੀਆਂ ਵਿਧੀਆਂ ਬਣਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ, ਖੜਕ ਸਿੰਘ, ਡੋਗਰੇ, ਮਹਾਰਾਣੀ ਜਿੰਦਾਂ, ਅੰਗਰੇਜ਼, ਗ਼ਦਰੀ ਬਾਬੇ, ਭਗਤ ਸਿੰਘ ਸਮੇਤ ਸਾਰਾ ਇਤਿਹਾਸ ਡੂੰਘੀ ਨੀਂਦ ਵਿਚੋਂ ਜਾਗ ਕੇ ਉੱਠ ਤੁਰਦਾ ਹੈ। ਇਤਿਹਾਸ ਨੂੰ ਜਗਾ ਕੇ ਨਾਲ ਤੋਰਨ ਦੀ ਜੁਗਤ ਸੰਧੂ ਦੇ ਇਸ ਸਫ਼ਰਨਾਮੇ ਦੀ ਪਛਾਣ ਹੈ। ਉਹ ਇਸ ਜੁਗਤ ਅਧੀਨ ਕੁਲਵੰਤ ਸਿੰਘ ਵਿਰਕ ਤੇ ਸੋਹਣ ਸਿੰਘ ਸੀਤਲ ਦੇ ਪਾਤਰਾਂ ਨੂੰ ਧਰਤੀ ਉੱਤੇ ਸਾਖਸ਼ਾਤ ਰੂਪ ਵਿਚ ਤੁਰਦੇ ਫਿਰਦੇ

ਮਹਿਸੂਸ ਕਰਨ ਲਾ ਦਿੰਦਾ ਹੈ। ਕਵੀ ਦਾਮਨ, ਮਸਊਦ ਖੱਦਰ ਪੋਸ਼, ਸ਼ਾਇਰ ਹਬੀਬ ਜਾਲਿਬ ਦੀ ਸ਼ਾਇਰੀ ਕੰਨਾਂ ਅੰਦਰ ਗੂੰਜਣ ਲਗਦੀ ਹੈ। ਇਸ ਜੁਗਤ ਦਾ ਹੀ ਪ੍ਰਤਾਪ ਹੈ ਕਿ ਰਾਵੀ ਦੇ ਪੁਲ ਉੱਤੇ ਖੁਦਕੁਸ਼ੀ ਕਰਨ ਲਈ ਲਟਕ ਰਿਹਾ ਦੇਵਿੰਦਰ ਸਤਿਆਰਥੀ ਕਾਲ਼ ਦੀ ਸੀਮਾ ਉਲੰਘ ਕੇ ਸੰਧੂ ਦੇ ਸਾਹਮਣੇ ਆ ਖੜ੍ਹਾ ਹੋ ਜਾਂਦਾ ਹੈ ਤੇ ਹੁੱਕਾ ਪੀਂਦੇ-ਪੀਂਦੇ ਉਸ ਨੂੰ ਮੱਤਾਂ ਦੇਂਦਾ ਡਾ. ਇਕਬਾਲ, ਇਤਿਹਾਸ ਦੇ ਨਹੀਂ ਵਰਤਮਾਨ ਦੇ ਪ੍ਰਾਣੀ ਜਾਪਦੇ ਹਨ। ਇਸੇ ਲਈ ਸੁੱਕੀ ਰਾਵੀ ਪਾਠਕ ਨੂੰ ਸੁੱਕੀ ਨਜ਼ਰ ਨਹੀਂ ਆਉਂਦੀ। ਉਸ ਵਿਚ ਤੈਰ ਰਹੇ ਦੋ ਪੀਲੇ ਫੁੱਲਾਂ ਦਾ ਅਹਿਸਾਸ ਪਾਠਕ ਦੇ ਮਨ ਅੰਦਰ ਝੁਣਝੁਣੀ ਜਿਹੀ ਪੈਦਾ ਕਰਦਾ ਰਹਿੰਦਾ ਹੈ ਤੇ ਮੁਹੱਬਤ ਅੱਥਰੂ ਬਣ ਰਾਵੀ ਨੂੰ ਪਿਆਰ ਦੇ ਪਾਣੀ ਨਾਲ ਕੰਢਿਆਂ ਤਕ ਭਰ ਵਗਣ ਲਾ ਦਿੰਦੀ ਹੈ। ਸੰਧੂ ਦੀ ਕਲਾ ਦਾ ਇਹ ਕਮਾਲ ਹੈ।

ਮੁਹੱਬਤ ਦੀ ਵਗ ਰਹੀ ਇਸ ਰਾਵੀ ਅੰਦਰ ਅਨੰਦਤ ਹੋ ਰਹੇ ਦਿਲਾਂ ਵਿਚ ਇਕ ਦਿਲ ਸੁਲੇਖਾ ਦਾ ਵੀ ਹੈ। ਸੁਲੇਖਾ, ਰਘਬੀਰ ਸਿੰਘ ਸਿਰਜਣਾ ਦੀ ਪਤਨੀ। ਇਹ ਦੋਵੇਂ ਸੰਧੂ ਦੇ ਹਮਸਫ਼ਰ ਸਨ। ਕਸੂਰ ਵਿਖੇ ਬੁੱਲ੍ਹੇ ਸ਼ਾਹ ਦੀ ਦਰਗਾਹ ਵਿਚ ਔਰਤ ਦਾ ਦਾਖ਼ਲਾ ਮਨ੍ਹਾ ਹੋਣ ਕਰਕੇ ਸੁਲੇਖਾ ਨੂੰ ਬਾਹਰ ਹੀ ਠਹਿਰਨਾ ਪਿਆ ਸੀ। ਬੁੱਲ੍ਹਾ ਤਾਂ ਖੁਦ ਔਰਤ ਸੀ। ਉਸ ਨੇ ਆਪਣੇ ਸਾਰੇ ਕਲਾਮ ਵਿਚ ਆਪਣੇ ਆਪ ਨੂੰ ਔਰਤ ਕਬੂਲਦਿਆਂ ਅੱਲ੍ਹਾ ਨਾਲ ਇਸ਼ਕ ਦੇ ਗੀਤ ਗਾਏ ਹਨ। ਉਸ ਦੇ ਕਲਾਮ ਦਾ ਸੰਬੋਧਨ ਪੁਲਿੰਗਵਾਚੀ ਨਹੀਂ ਸਗੋਂ ਇਸਤਰੀ ਲਿੰਗਵਾਚੀ ਹੈ। ਇਸ ਦਾ ਅਰਥ ਹੈ ਕਿ ਇਸ਼ਕ ਔਰਤ ਹੀ ਕਰਦੀ ਹੈ। ਅੱਲ੍ਹਾ ਦਾ ਦਿਲ ਵੀ ਮਰਦ ਦਾ ਦਿਲ ਹੈ। ਇਸ ਨੂੰ ਇਸ਼ਕ ਦੇ ਰੰਗ ਵਿਚ ਰੰਗਣ ਦਾ ਚੱਜ ਤੇ ਇਸ ਅੰਦਰ ਪਸੀਜੇ ਜਾਣ ਦਾ ਭਾਵ ਕਿਵੇਂ ਪੈਦਾ ਕਰਨਾ ਹੈ, ਇਹ ਵੱਲ ਔਰਤ ਕੋਲ ਹੈ। ਅੱਲ੍ਹਾ, ਅਕਾਲਪੁਰਖ, ਰੱਬ, ਗੌਡ ਸਾਰੇ ਸੰਬੋਧਨ ਪੁਲਿੰਗਵਾਚੀ ਹਨ। ਬੁੱਲ੍ਹਾ ਆਪਣੀ ਦਰਗਾਹ ਉੱਤੇ ਇਹ ਲਿਖੇ ਜਾਣਾ ਕਿਵੇਂ ਬਰਦਾਸ਼ਤ ਕਰ ਸਕਦਾ ਹੈ। ਔਰਤ ਬਣ ਕੇ, ਕੰਜਰੀ ਬਣ ਕੇ ਉਸ ਨੇ ਆਪਣਾ ਸ਼ਾਹ ਹਾਸਲ ਕਰਿਆ ਸੀ। ਬੁੱਲ੍ਹੇ ਸ਼ਾਹ ਦੀ ਦਰਗਾਹ ਦੇ ਬਾਹਰ ਖੜ੍ਹੀ ਸੁਲੇਖਾ ਦੇ ਦਿਲ ਉੱਤੇ ਕੀ ਗੁਜ਼ਰੀ ਹੋਵੇਗੀ ? ਉਹ ਇਕ ਸੰਵੇਦਨਸ਼ੀਲ ਮਨ ਦੀ ਮਲਕਾ ਹੈ। ਇਸੇ ਤਰ੍ਹਾਂ ਦੇ ਦਿਲ ਦੀ ਮਾਲਕ ਖਾਵਰ ਰਾਜਾ ਹੈ, ਜਿਹੜੀ ਪੰਜਾਬਣ ਹੈ, ਉਸ ਨੂੰ ਵੀ ਔਰਤ ਹੋਣ ਕਾਰਨ ਮੀਆਂ ਮੀਰ ਦੇ ਮਜ਼ਾਰ ਅੰਦਰ ਜਾਣ ਦਾ ਹੁਕਮ ਨਹੀਂ ਸੀ। ਉਹ ਵੀ ਮਜ਼ਾਰ ਦੇ ਗੇਟ ਉੱਤੇ ਹੀ ਸੀਸ ਨਿਵਾਉਂਦੀ ਹੈ। ਕੀ ਮੀਆਂ ਮੀਰ ਨੇ ਵੀ ਬੰਦਿਆਂ ਵਿਚਕਾਰ ਔਰਤ ਤੇ ਮਰਦ ਹੋਣ ਦੀ ਲਕੀਰ ਖਿੱਚੀ ਹੋਵੇਗੀ ? ਇਹਨਾਂ ਮਹਾਨ ਫ਼ਕੀਰਾਂ ਦੀਆਂ ਦਰਗਾਹਾਂ ਨੂੰ ਬਾਹਰੋਂ ਹੀ ਸਲਾਮ ਕਰਨ ਦੀ ਮਜਬੂਰੀ ਵੇਲੇ ਸੁਲੇਖਾ ਤੇ ਖਾਵਰ ਰਾਜਾ ਦੀਆਂ ਅੱਖਾਂ ਅੰਦਰ ਵਗਣ ਵਾਲੀ ਮੁਹੱਬਤ ਦੀ, ਦਰਦ ਦੀ ਰਾਵੀ ਦੀ ਦਾਸਤਾਨ ਸ਼ਾਇਦ ਸੰਧੂ ਨੇ ਹਾਲੇ ਲਿਖਣੀ ਹੈ!...” ❑❑

[ਪੰਜਾਬੀ ਸਾਹਿਤ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ]





## ਉੱਡ ਕਲਾਵੇ ਆਵਾਂ [ਕਾਨਾ ਸਿੰਘ]

ਮੈਂ ਕਹਾਣੀਕਾਰ ਤੇ ਕਵੀ ਕਾਨਾ ਸਿੰਘ ਨੂੰ 'ਖੁਸ਼ਬੂ' ਕਹਾਣੀ ਦੀ ਲੇਖਿਕਾ ਵਜੋਂ ਜਾਣਿਆ ਸੀ। ਸੁਬਕ ਤੇ ਸਹਿਜ ਰਿਸ਼ਤੇ ਦੀ ਏਨੀ ਸੁਹਲ ਪੇਸ਼ਕਾਰੀ ਮੈਂ ਪਹਿਲਾਂ ਕਿਧਰੇ ਨਹੀਂ ਸੀ ਪੜ੍ਹੀ। ਨਿਸਚੇ ਹੀ ਅਜਿਹੀ ਰਚਨਾ ਕਰਨ ਵਾਲੀ ਕੁੜੀ ਚੰਗੀ ਕਵਿਤਾ ਵੀ ਲਿਖ ਸਕਦੀ ਸੀ। ਪਰ ਜਦੋਂ ਮੈਂ ਉਸ ਦੇ ਮੂੰਹੋਂ ਦੋ ਕਵਿਤਾਵਾਂ 'ਹੱਥ-ਕੰਘਣੀ' ਤੇ 'ਬਣ ਜਾ ਗੁਆਂਢੀ' ਸੁਣੀਆਂ ਤਾ ਪੇਸ਼ਕਾਰੀ ਦੀ ਕਾਹਲ ਤੇ ਗਤੀ ਇਹਨਾਂ ਵਿਚਲੇ ਕਾਵਿਕ ਗੁਣਾਂ ਨੂੰ ਉਖਾੜਨ ਵਾਲੀ ਸੀ। ਮੇਰੇ ਵੱਲੋਂ ਕਾਨਾ ਸਿੰਘ ਦੀ ਕਵਿਤਾ ਨੂੰ ਗੌਲਣ ਤੋਂ ਪਿਛਾਂਹ ਰਹਿਣ ਦਾ ਇਹ ਵੀ ਇਕ ਕਾਰਨ ਸੀ।

ਮੈਂ 'ਰੂਹ ਦਾ ਅਨੁਵਾਦ' ਨਾਮੀਂ ਉਸ ਦੇ ਲਿਖੇ 'ਯਾਦ ਚਿੱਤਰ' ਵੀ ਪੜ੍ਹੇ ਹਨ, 'ਉਕਾਬ ਦੀ ਅੱਖ' ਵਿਚਲੀਆਂ ਮੁਲਾਕਾਤਾਂ ਵੀ ਅਤੇ 'ਖੁਸ਼ਬੂ' ਤੇ ਮਾਰੀਆ' ਨਾਂ ਦੀ ਪੁਸਤਕ ਦੀਆਂ ਕਹਾਣੀਆਂ ਵੀ। ਬੱਚਿਆਂ ਲਈ ਨਿੱਕੇ ਨਾਵਲ ਤੇ 'ਮੇਰਾ ਨਾਨਕ' ਸਭ ਕੁਝ। ਆਪਣੇ ਜੀਵਨ ਵਾਂਗ ਸਾਹਿਤ ਵਿਚਲੀ ਕਾਨਾ ਸਿੰਘ ਕਿਸੇ ਇਕ ਵਿਧਾ ਨਾਲ ਬੱਝੀ ਹੋਈ ਨਹੀਂ। ਬਿਊਟੀ ਪਾਰਲਰ, ਯੋਗ ਅਧਿਆਪਨ, ਹੋਮੀਓਪੈਥੀ, ਫਿਜ਼ੀਓਥੈਰਾਪੀ ਤੇ ਇੰਗਲਿਸ਼ ਟੀਚਿੰਗ, ਉਹ ਹਰ ਆਏ ਦਿਨ ਆਪਣਾ ਸ਼ੌਕ ਤੇ ਸ਼ੁਗਲ ਬਦਲਦੀ ਰਹੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਘੁੱਗ ਵਸਦੇ ਮਹਾਂਨਗਰ ਮੁੰਬਈ ਉਪਰੰਤ ਚੰਡੀਗੜ੍ਹ ਨੇੜੇ ਮੁਹਾਲੀ ਨਾਂ ਦੇ ਕਸਬੇ ਵਿਚ ਆ ਟਿਕਣਾ ਉਸਦੇ ਬਹੁ ਰੰਗੇ ਤੇ ਬਹੁ ਭਾਂਤੀ ਜੀਵਨ ਦਾ ਅੰਗ ਹੀ ਕਿਹਾ ਜਾ ਸਕਦਾ ਹੈ। ਇਸ ਅਸਥਿਰ ਗਤੀ ਨੇ ਉਸਨੂੰ ਬਹੁਤ ਕੁਝ ਦਿੱਤਾ ਹੈ। ਜੀਵਨ ਦਾ ਅਨੁਭਵ ਤੇ ਉਦਰੇਵਾਂ।

ਕਾਨਾ ਸਿੰਘ ਦੇ ਉਦਰੇਵੇਂ ਦੀਆਂ ਪਰਤਾਂ ਜਾਨਣੀਆਂ ਹੋਣ ਤਾਂ ਉਸਦਾ ਨਵਾਂ ਕਾਵਿ ਸੰਗ੍ਰਹਿ 'ਉੱਡ ਕਲਾਵੇ ਆਵਾਂ' (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 120, ਮੁੱਲ 125 ਰੁਪਏ) ਵੇਖਣਾ ਪਵੇਗਾ। ਟੁੱਟਦੇ ਬਣਦੇ ਰਿਸ਼ਤੇ-ਨਾਤੇ, ਛੋਟੀਆਂ ਤੇ ਵੱਡੀਆਂ ਥਾਵਾਂ ਦਾ ਵਾਸ, ਪਿੱਛੇ ਰਹਿ ਗਏ ਪੋਠੋਹਾਰ ਦਾ ਹੇਜ ਅਤੇ ਹਿਜਰ ਵਸਲ ਦੀਆਂ ਗੱਲਾਂ ਇਸ ਵਿਚ ਸਭ ਕੁਝ ਹੀ ਹੈ। ਅਲਪ, ਨਿੱਘਾ ਤੇ ਰਸ ਭਿੰਨਾ।

*ਕਿੰਝ ਸੀਵਾਂ ਤੇ ਕੀਕਣ ਮੀਟਾਂ/ ਮੁਸ ਮੁਸ ਕਰਦੇ ਫੁੱਲ ਜਿਹੇ ਬੁਲ੍ਹ*
*ਨੈਣਾਂ ਅੰਦਰ ਨੀਝਾਂ ਅੰਦਰ/ ਟੱਪ ਟਪੋਸਣ ਗੁਲ ਜਿਹੇ ਬੁਲ੍ਹ*
*ਐਧਰ ਓਧਰ ਸਾਹਵੇਂ ਪਿੱਛੇ/ ਜਿੱਧਰ ਵੇਖਾਂ ਬੁਲ੍ਹ ਹੀ ਬੁਲ੍ਹ*
*ਥਾਲ ਧਰਤ ਦਾ ਪੈ ਗਿਆ ਸੌੜਾ/ ਕੁੱਲ ਬ੍ਰਹਿਮੰਡ ਵਿਚ ਡੁਲ੍ਹ ਗਏ ਬੁਲ੍ਹ*

*ਜਿੰਨੀ ਵੀ ਉੱਚੀ ਜਾਵਾਂ/ ਹੋਣ ਉਨੀਆਂ ਲੰਮੀਆਂ ਬਾਹਵਾਂ*
*ਜੇ ਹੱਥੋਂ ਛੁੱਟ ਛੁੱਟ ਉੱਡਾਂ/ ਤਾਂ ਉੱਡ ਕਲਾਵੇ ਆਵਾਂ*
*ਇਸ ਕੋਲ ਕਰੇਂਦੀ ਹੰਝੜੀ ਨੂੰ/ ਆਕਾਸ਼ ਚੁੜੇਰਾ ਚਾਹੀਦੈ*
*ਇਕ ਸਾਥ ਵਡੇਰਾ ਚਾਹੀਦੈ/ ਕੇਤੇ ਰਾਂਝਣ ਕੇਤੇ ਮਿਰਜ਼ੇ*

*ਲਟ ਲਟ ਬਲਦੇ ਚੌਕੀ ਭਰਦੇ*
*ਦੀਵੇ ਦੀਵੀ ਧੂਪੋ ਧੂਪੀ*
*ਬਲਿਹਾਰਨ ਨੂੰ ਫਿਰਨ ਚੁਗਿਰਦੇ*

ਕਾਨਾ ਸਿੰਘ ਦੇ ਉਦਰੇਵੇਂ ਵਿਚ ਬਿਰਹਾ ਦੀ ਥਾਂ ਵਸਲ ਪ੍ਰਧਾਨ ਹੈ। ਆਪਣਾ ਆਪ ਬਲਿਹਾਰਨ ਦੀ ਇੱਛਾ ਤੇ ਹਾਣ ਦੇ ਗਵਾਂਢੀ ਦੀ ਤਾਂਘ:

*ਹੱਡ ਮਾਸ ਤੜਪਦਾ ਹੰਢਣ ਨੂੰ*
*ਕਿਸੇ ਝੂਠੀ ਤਸੱਲੀ ਤੋਂ ਨਾ ਪਰਚੇ*
*ਅਸਾਂ ਸਹਿਜ ਪ੍ਰੀਤਾਂ ਤੋਂ ਕੀ ਲੈਣਾ*

*ਬਿਨ ਹੰਢੇ ਹੰਢਾਏ ਹੀ ਮਰ ਜਾਂਗੇ*

ਕਾਨਾ ਦਾ ਵਸਲ ਇਕ-ਪਾਸੜ ਨਹੀਂ। ਇਸ ਵਿਚ ਮਰਦ ਤੇ ਔਰਤ ਦੋਵੇਂ ਇਕ ਦੂਜੇ ਵਿਚ ਡੁੱਬਣ ਦੇ ਚਾਹਵਾਨ ਹਨ। ਇਕ ਦੋਗਾਣੇ ਵਿਚ ਚੰਨ ਮਰਦ ਹੈ ਤੇ ਹੀਰ ਔਰਤ:

*ਚੰਨ ਗਰੀ ਦਾ ਟੋਟਾ/ ਭੰਨ ਕੇ ਖਾ ਲਾਂਗੀ*
*ਚੰਨੋਂ ਲੱਗੇ ਚੰਨੇਰਾ/ ਚਿੱਥ ਚਬਾ ਲਾਂਗੀ*
*ਹੀਰ ਮੱਖਣ ਦਾ ਪੇੜਾ/ ਬੁੱਕ ਵਿਚ ਭਰ ਲਾਂਗਾ*
*ਤਿਲ੍ਹਕ ਨਾ ਜਾਏ ਹੱਥੋਂ/ ਕਿ ਹਿੱਕ ਵਿਚ ਧਰ ਲਾਂਗਾ*

ਇਸ ਪ੍ਰਕਾਰ ਦੇ ਦੋ-ਗਾਣੇ ਮੁੰਬਈ ਦੀ ਦੇਣ ਹਨ, ਪੋਠੋਹਾਰ ਦੀ ਜਾਂ ਥੀਏਟਰ ਵਿਚ ਲੇਖਿਕਾ ਦੀ ਦਿਲਚਸਪੀ ਦੀ, ਇਹਨਾਂ ਵਿਚ ਮਰਦ ਤੇ ਔਰਤ ਇਕ ਦੂਜੇ ਦੇ ਬਰਾਬਰ ਦੇ ਹੋ ਕੇ ਜੀਉਂਦੇ ਤੇ ਮੌਜਾਂ ਮਾਣਦੇ ਹਨ। ਉਸਦੀ ਇਹ ਧਾਰਨਾ ਉਸ ਦੀ ਪ੍ਰਥਮ ਕਾਵਿ-ਕਿਰਤ 'ਨੱਢੀ ਪੋਠੋਹਾਰਨੀ' ਤੋਂ ਚੱਲ ਕੇ ਵਿਆਹੁਤਾ ਜੀਵਨ ਦੀਆਂ ਕਵਿਤਾਵਾਂ 'ਸਾਂਝ', 'ਰੱਖ-ਛੱਡੀ' ਤੇ 'ਅੱਜ ਦੀ ਸ਼ਕੁੰਤਲਾ' ਵਿਚੋਂ ਲੰਘਦੀ ਹੋਈ ਮਰਦ ਦੇ ਟਾਕਰੇ 'ਤੇ ਅੱਜ ਦੀ ਇਸਤਰੀ ਨੂੰ ਬਰਾਬਰ ਨਾਲੋਂ ਵੀ ਥੋੜ੍ਹਾ ਉੱਚਾ ਦਰਜਾ ਦਿੰਦੀ ਹੈ। ਇਸ ਧਾਰਨਾ ਵਿਚ ਦਮ ਤੇ ਖਮ ਦੋਨੋਂ ਹਾਜ਼ਰ ਹਨ:

*ਕੋਈ ਨਲ ਠੁਕਰਾਵਾਂਗੀ/ ਦੁਸ਼ਿਅੰਤ ਵਿਸਾਰਾਂਗੀ*
*ਕੋਈ ਰਾਮ ਪਰੀਖਾਂਗੀ/ ਕੋਈ ਗੌਤਮ ਤਾਰਾਂਗੀ।*
*ਫਿਰ ਠੋਕ ਵਜਾ ਕੇ ਮੈਂ/ ਕੋਈ ਕੀਮਤ ਨਾਪਾਂਗੀ*
*ਮੈਂ ਅੱਜ ਦੀ ਸ਼ਕੁੰਤਲਾ ਹਾਂ/ ਕੋਈ ਰਿਖੀ ਸਰਾਪਾਂਗੀ।*

ਕਵੀ ਕਾਨਾ ਦੀ ਵੱਡੀ ਟੇਕ ਬਚਪਨ ਦੀ ਭੂਮੀ ਤੇ ਭਾਸ਼ਾ ਨਾਲ ਜੁੜੀ ਹੋਈ ਹੈ। ਇਹ ਭੂਮੀ ਪੋਠੋਹਾਰ ਦੀ ਹੈ ਤੇ ਭਾਸ਼ਾ ਪੋਠੋਹਾਰੀ। ਉਹ ਆਪਣੇ ਜੀਵਨ ਤੇ ਆਪਣੀ ਸੋਚ ਧਾਰਾ ਦੀ ਲਚਕ ਆਪਣੇ ਉਥੋਂ ਵਾਲੇ ਬਚਪਨ ਤੋਂ ਪ੍ਰਾਪਤ ਕਰਦੀ ਹੈ। ਉਸਦੇ ਪੋਠੋਹਾਰੀ ਗੀਤ ਵਿਚ ਢੋਲ ਦੀ ਖੈਰ ਮਨਾਵਣ ਦਾ ਸਹਿਜ ਤੇ ਸਲੀਕਾ ਵੀ ਉਸੇ ਪਿਛੋਕੜ ਵਿਚੋਂ ਆਇਆ ਹੈ:

*ਹੱਥ ਮਹਿੰਡੜੇ ਕਾਸਾ ਹੋਸੀ/ ਪੈਰ ਨਾ ਹੋਸੀ ਜੁੱਤੀ*
*ਪੱਲਾ ਮੈਂਢਾ ਪਾਟਾ ਹੋਸੀ/ ਕੁੜਤੀ ਹੋਸੀ ਖੁੱਥੀ*
*ਝੋਲੀ ਅੱਡੀ ਤੁਰੀਆਂ ਸਾਂ ਵੇ/ ਢੋਲਾ ਜਾਵੀਂ ਠਹਿਰ*
*ਤੈਂਡੀ ਖੈਰ ਮਨਾਸਾਂ ਵੇ/ ਢੋਲਾ ਪਾਵੀਂ ਖੈਰ*

ਕੋਰਾ ਕਾਗ਼ਜ਼ ਵਰਗੇ ਖ਼ਤ ਵਿਚ ਭਾਵੇਂ ਅੰਦਰਲੇ ਪਾਸੇ ਇਕ ਵੀ ਅੱਖਰ ਨਾ ਲਿਖਿਆ ਹੋਵੇ, 'ਧੰਨ ਧੰਨ ਸਿਰਨਾਵੇਂ ਤੋਂ ਜਿਹੜਾ ਸੱਜਣਾਂ ਨੇ ਲਿਖ ਪਾਇਆ' ਨੂੰ ਨਿਵਾਜਣਾ ਉਸੇ ਲਚਕ ਦੀ ਦੇਣ ਹੈ। ਏਨੀਆਂ ਮਾਸੂਮ ਤੇ ਅਲ੍ਹੜ ਚਿਣਗਾਂ ਨਿਸਚੇ ਹੀ ਕਿਸੇ ਸੱਠਾਂ ਸੱਤਰਾਂ ਨੂੰ ਢੁੱਕਣ ਵਾਲੀ ਇਸਤਰੀ ਦੀਆਂ ਨਹੀਂ ਪਰ ਇਹਨਾਂ ਨੂੰ ਏਨੀ ਮਾਨਤਾ ਦੇਣਾ ਕਿ 2006 ਵਿਚ ਛਪਣ ਵਾਲੇ ਸੰਗ੍ਰਹਿ ਵਿਚ ਇਸਦਾ ਆਦਰਯੋਗ ਥਾਂ, ਮਨ ਉੱਤੇ ਪਏ ਕਿਸੇ ਬਹੁਤ ਹੀ ਗੂੜ੍ਹੇ ਪ੍ਰਭਾਵ ਦਾ ਸੂਚਕ ਹੈ। ਕਿਸੇ ਇਹੋ ਜਿਹੀ ਕਾਸ਼ੀ ਨਦੀਆ ਦਾ ਜਿਹੜੀ ਵਾਰ ਵਾਰ ਆਪਣੇ ਵੱਲ ਖਿਚਦੀ ਹੈ।

*ਦਰ ਤੇਰੇ 'ਤੇ ਆਏ ਜੇ ਜੋਗਣ, ਗਲ਼ ਵਿਚ ਪੱਲੂ ਪਾਏ ਕਿਉਂ ਨਾ*
*ਝਲਕ ਤੇਰੀ ਜੇ ਪਾ ਲਏ ਬਿਰਹਨ, ਤੱਕਦੀ ਹੀ ਰਹਿ ਜਾਏ ਕਿਉਂ ਨਾ*

ਕਾਨਾ ਸਿੰਘ ਦੇ ਮੁੰਬਈ ਤੋਂ ਚੰਡੀਗੜ੍ਹ ਆ ਕੇ ਵਸਣ ਨਾਲ ਭਾਰਤ-ਪਾਕਿ ਸੀਮਾ ਹੀ ਨੇੜੇ ਨਹੀਂ ਹੋਈ, ਸਬੱਬ ਦੀ ਗੱਲ ਇਹ ਵੀ ਹੈ ਕਿ ਦੋਵਾਂ ਪੰਜਾਬਾਂ ਦਾ ਆਪੋ ਵਿਚ ਤਾਲ ਮੇਲ ਵੀ ਵਧਿਆ ਹੈ। ਇਸ ਵਰਤਾਰੇ ਨੇ ਕਾਨਾ ਦੀ ਰੂਹ ਨੂੰ ਨਵਾਂ ਹੁਲਾਰਾ ਦਿੱਤਾ ਹੈ। ਉਧਰਲੇ ਪੰਜਾਬ ਦੇ ਵਸਨੀਕ ਚਾਈਂ ਚਾਈਂ ਏਧਰ ਵਾਲੀ ਕਾਨਾ ਦੇ ਘਰ ਆਉਂਦੇ ਹਨ ਤੇ ਏਧਰ ਵਾਲੀ ਕਾਨਾ ਮੁੜ ਮੁੜ ਓਧਰ ਜਾਣ ਨੂੰ ਤਾਂਘਦੀ ਹੈ ਤੇ ਜਾਂਦੀ ਵੀ ਹੈ। ਮੈਂ ਕਾਨਾ ਸਿੰਘ ਨੂੰ ਅਜਿਹੀਆਂ ਮਿਲਣੀਆਂ ਵਿਚ ਹੱਥ-ਕੰਘਣੀ ਚਾ



ਪਾਉਂਦੇ ਅਤੇ ਚਾਪ ਚਾਪ ਧਾਪ ਧਾਪ ਸਾਹ ਲੈਂਦੇ ਵੀ ਤੱਕਿਆ ਹੈ। ਇਹਨਾਂ ਮਿਲਣੀਆਂ ਵਿਚ ਅਜਿਹੇ ਵਸਲ ਦਾ ਰੰਗ ਹੁੰਦਾ ਹੈ ਜਿਹੜਾ ਡੂੰਘੇ ਹਿਜਰ ਤੋਂ ਪੈਦਾ ਹੋਇਆ ਹੋਵੇ ਤੇ ਇਹੀਓ ਉਸਦੀ ਰਚਨਾ ਦਾ ਧੁਰਾ ਹੈ:

*ਕੀ ਤੁਸੀਂ ਨਹੀਂ ਜਾਣਦੇ/ ਕਿ ਸਿਰਜਣ ਲਈ ਸੁਪਨਾ*
*ਸੁਪਨੇ ਲਈ ਨੀਂਦ/ਅਰ ਨੀਂਦ ਲਈ ਚੁੱਪ ਬਹੁਤ ਜ਼ਰੂਰੀ ਹੈ।*

ਤੇ ਉਹ ਵਾਰ ਵਾਰ ਇਹੀਉ ਸੁਪਨਾ ਸਿਰਜਦੀ ਹੈ: ਮਧੁਰ ਬੰਸੀਆਂ ਦਾ/ਝੂਮਦੀਆਂ ਕਣਕਾਂ ਦਾ/ਰੁਮਕਦੀਆਂ ਵਾਵਾਂ ਦਾ/ਅਣਵੰਡੇ ਦਰਿਆਵਾਂ ਦਾ। ਤੇ ਅਜਿਹੇ ਸੁਪਨੇ ਦੀ ਸਿਰਜਣਾ ਖਾਤਰ ਉਹ ਅਤਿਵਾਦ ਦੇ ਪ੍ਰੇਮੀਆਂ ਨੂੰ ਵੀ ਡਾਂਟ ਸਕਦੀ ਹੈ:

*ਬੰਦ ਕਰੋ ਕਤਲਾਂ/ ਤੇ ਲਾਸ਼ਾਂ ਦੀਆਂ ਗੱਲਾਂ*
*ਬੱਸ ਕਰੋ ਲੁੱਟਾਂ/ ਬੇਪਤੀਆਂ ਦੀਆਂ ਬਾਤਾਂ*
*ਕਰਫ਼ੂਆਂ ਦੀ ਰੁੱਤ ਵਿਚ/ ਗੋਲੀਆਂ ਦੇ ਮੀਂਹ ਵਿਚ*
*ਅਸੀਂ ਆਪਣੇ ਡਾਕ-ਡਿੱਬੇ ਚੋਂ/ ਡਾਕ ਨਹੀਂ ਕੱਢ ਸਕਦੇ*

ਸਾਡੀ ਕਾਨਾ ਇਕ ਉੱਡਣੀ ਸ਼ਖਸੀਅਤ ਹੈ। ਉਹ ਤੁਰਦੀ ਹੋਵੇ ਜਾਂ ਖਲੋਤੀ ਉਸਦੀ ਅੱਡੀ ਧਰਤੀ ਉੱਤੇ ਨਹੀਂ ਲਗਦੀ। ਉਹ ਬਲਿਹਾਰ ਦੇਵੇ ਜਾਂ ਬਲਿਹਾਰ ਦੀ ਮੰਗ ਕਰੇ, ਨਾਨ-ਸਟਾਪ ਚਲਦੀ ਹੈ:

*ਚੰਨੇ ਚਾਨਣੀ ਨੀ ਰਾਤ/ ਨਾਲੇ ਤਾਰਿਆਂ ਨੀ ਛਾਂ*
*ਤੁਸੀਂ ਆਖਿਆ ਹੀ ਕਿੰਝ/ ਅਸਾਂ ਕੀਤੀ ਆਹੀ ਹਾਂ*
*ਉਹਲੇ ਬਿਰਛੇ ਨੇ ਹੋ/ ਹੋਈ ਗਏ ਸਾਂ ਖਲੋਅ*
*ਹੱਥ-ਕੰਘਣੀ ਚਾ ਪਈ/ ਦੂਹੁਓਂ-ਹਿਕ ਹਿਕੋਂ ਦੋ*

ਢੋਲੇ ਨੂੰ ਆਪਣਾ ਬਣਾਉਣ ਤੇ ਆਪੂੰ ਢੋਲੇ ਦੀ ਹੋ ਜਾਣ ਦਾ ਇਕ ਨਾਨ-ਸਟਾਪ ਵਹਾਓ ਕਾਨਾ ਦੀ ਸਿਰਜਣ ਪ੍ਰਕਿਰਿਆ ਦਾ ਮੁੱਖ ਲੱਛਣ ਹੈ। ਜਾਪਦਾ ਹੈ ਉਸਨੇ ਠਹਿਰਾਓ ਨਾਂ ਦਾ ਸ਼ਬਦ ਆਪਣੇ ਸ਼ਬਦ-ਕੋਸ਼ ਵਿਚੋਂ ਸਦਾ ਲਈ ਉੜਾ ਛੱਡਿਆ ਹੈ। ਯਾਦਾਂ, ਮੁਲਾਕਾਤਾਂ, ਸ਼ਬਦ ਚਿੱਤਰ, ਬਾਲ ਕਥਾਵਾਂ ਤੇ ਆਪਣੀ ਜੀਵਿਕਾ ਲਈ ਅਪਣਾਏ ਵੱਖ-ਵੱਖ ਧੰਦੇ ਉਸਦੀ ਗਤੀਸ਼ੀਲਤਾ ਦੀ ਸ਼ਾਹਦੀ ਭਰਦੇ ਹਨ। ਉਸਦੀਆਂ ਕ੍ਰਿਤੀਆਂ ਤੇ ਕਾਰਜਾਂ ਵਿਚ ਉਪਦੇਸ਼ ਨਹੀਂ ਹੁੰਦੇ, ਰਵਾਨੀ ਤੇ ਲਚਕ ਹੁੰਦੀ ਹੈ। ਕਵਿਤਾ ਵਰਗੀ ਸਹਿਜ, ਸਲੀਕੇ ਭਰੀ ਤੇ ਨਿੱਘੀ। ਇਹ ਜਾਨਣਾ ਤਾਂ ਕਠਿਨ ਹੈ ਕਿ ਉਸਨੇ ਬਿਰਹਾ ਪਾਲਿਆ ਕਿ ਵਸਲ ਹੰਢਾਇਆ ਹੈ ਪਰ ਉਸਨੇ ਮੇਲਾਂ, ਮੁਲਾਕਾਤਾਂ ਤੇ ਮਹਿਫਲਾਂ ਦੀ ਮਹਿਮਾ ਕਰਕੇ ਇਹਨਾਂ ਨੂੰ ਸਦੀਵਤਾ ਪ੍ਰਦਾਨ ਕੀਤੀ ਹੈ। 'ਉਡ ਕਲਾਵੇ ਆਵਾਂ' ਦੀ ਲੋਚਾ ਨਵੀਂ ਕਵਿਤਾ ਦੀ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਦੇਣ ਹੈ। ਇਹ ਦਾਤ ਬਖਸ਼ਣ ਵਾਲਿਆਂ ਵਿਚ ਕਾਨਾ ਸਿੰਘ ਦਾ ਨਾਂ ਵੀ ਲਿਆ ਜਾਵੇਗਾ। ਅੱਜ ਨਹੀਂ ਤਾਂ ਕੱਲ੍ਹ। [ਗੁਲਜ਼ਾਰ ਸਿੰਘ ਸੰਧੂ]

## ਸਾਡਾ ਸਾਹਿਤ ਅਤੇ ਧਰਮ [ਸੁਰਜੀਤ ਹਾਂਸ]

'ਸਾਡਾ ਸਾਹਿਤ ਅਤੇ ਧਰਮ' (ਪੰਨੇ 173, ਮੁੱਲ 200 ਰੁਪਏ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ) ਪੜ੍ਹਦਿਆਂ ਪੈਂਦੀ ਸੱਟੇ ਇਹੀ ਗੱਲ ਜ਼ਿਹਨ ਵਿਚ ਉਭਰਦੀ ਹੈ ਕਿ ਇਸ ਕਿਤਾਬ ਦੇ ਲੇਖਕ ਸੁਰਜੀਤ ਹਾਂਸ ਨੇ ਗੱਡਾ ਕਿਤਾਂਬਾਂ ਦਾ ਪੜ੍ਹਿਆ ਹੋਇਆ ਹੈ। ਚਤੁਰਾਈ ਇਹ ਹੈ ਕਿ ਆਪਣੇ ਲੇਖਾਂ ਵਿਚ ਇਹਨਾਂ ਢੇਰਾਂ ਕਿਤਾਬਾਂ ਵਿਚੋਂ ਅਰਕ ਕੱਢ ਕੇ ਰੱਖ ਦਿੱਤਾ ਹੈ। ਦਰਅਸਲ ਸੰਜਮ ਉਹਦੀਆਂ ਲਿਖਤਾਂ ਦਾ ਮੂਲ-ਮੰਤਰ ਹੈ। ਉਹਨੇ ਤਾਂ ਆਪਣੀ ਇਸ ਕਿਤਾਬ (ਅਤੇ ਪਾਠਕਾਂ) ਉੱਤੇ ਭੂਮਿਕਾ ਦਾ ਭਾਰ ਵੀ ਨਹੀਂ ਪਾਇਆ। ਨਹੀਂ ਤਾਂ, ਅੱਜਕੱਲ੍ਹ ਭੂਮਿਕਾ ਦੀਆਂ ਫਹੁੜੀਆਂ ਤੋਂ ਬਗ਼ੈਰ ਕਿਤਾਬ ਪਾਠਕਾਂ ਤਕ ਪੁੱਜਦੀ ਕਰਨ ਦਾ ਰਿਵਾਜ ਨਹੀਂ। 'ਅੱਕ ਦੀ ਛਾਵੇਂ' (ਲੇਖਕ ਦੀ ਕਵਿਤਾਵਾਂ ਦੀ ਕਿਤਾਬ) ਬੈਠ ਕੇ

ਉਹ ਲਿਖ ਚੁੱਕਾ ਹੈ, 'ਵਕੀਲ ਦੱਸਦੇ ਹਨ ਕਿ ਕਚਹਿਰੀ ਵਿਚ ਜ਼ਰੂਰਤ ਨਾਲੋਂ ਜ਼ਿਆਦਾ ਗੱਲ ਕਰਨ ਨਾਲ ਬੰਦਾ ਫਸ ਜਾਂਦਾ ਹੈ।' ਭੂਮਿਕਾਵਾਂ ਲਿਖਣ-ਲਿਖਵਾਉਣ ਵਾਲੇ ਜੇ ਕਿਤੇ ਸੁਣਦੇ-ਗਿਣਦੇ ਹੋਣ ਤਾਂ ਇਹ ਪੁੰਨ ਤੋਂ ਘੱਟ ਨਹੀਂ। ਲੇਖਕ ਆਪਣੀ ਗੱਲ ਡੱਬੀ ਵਿਚ ਲਿਖੀ ਹਦਾਇਤ ਤੋਂ ਛੇੜਦਾ ਹੈ ਅਤੇ ਕਿਤਾਬ ਦੇ ਮਗਰਲੇ ਗੱਤੇ ਉੱਤੇ 'ਅੱਧੇ ਸ਼ਬਦ' ਉੱਤੇ ਮੁਕਾ ਦਿੰਦਾ ਹੈ। ਇਹ 'ਅੱਧਾ ਸ਼ਬਦ' ਵੀ ਅੱਧਾ ਨਹੀਂ ਪੂਰਾ ਸ਼ਬਦ ਹੈ ਅਤੇ ਇਸ ਨੂੰ ਕਈ ਸੈਂਕੜਿਆਂ ਨਾਲ ਜ਼ਰਬ ਵੀ ਆਈ ਹੋਈ ਹੈ। ਜੇ ਇਹ ਅੱਧਾ ਸ਼ਬਦ ਸਾਡੇ (ਵਿਦਵਾਨ) ਅਧਿਆਪਕਾਂ ਦੇ ਪੱਲੇ ਪੈ ਜਾਵੇ ਤਾਂ ਖੋਜਾਰਥੀਆਂ ਦੀਆਂ ਅੱਧੀਆਂ ਮੁਸੀਬਤਾਂ ਕੱਟੀਆਂ ਜਾਣ।

ਦੂਜੀ ਗੱਲ ਆਲੋਚਨਾ ਅਤੇ ਖੋਜ ਦੇ ਵਖਰੇਵਿਆਂ ਦੀ ਹੈ। ਸਾਡੀਆਂ ਯੂਨੀਵਰਸਿਟੀਆਂ ਦੇ (ਵਿਦਵਾਨ) ਅਧਿਆਪਕਾਂ ਨੇ ਖੋਜ ਦੀਆਂ ਤੰਦਾਂ ਇੰਨੀਆਂ ਢਿੱਲੀਆਂ ਕਰ ਦਿੱਤੀਆਂ ਹਨ ਕਿ ਲਿਖਤ ਖੋਜ ਤਾਂ ਕੀ, ਆਲੋਚਨਾ ਵੀ ਨਹੀਂ ਬਣਦੀ। ਲਿਖਤ ਦਾ ਆਕਾਰ ਵਧਾਉਣ ਲਈ ਹਵਾਲਿਆਂ ਦੀ ਝੜੀ ਲਗਦੀ ਹੈ। ਇਹ ਹਵਾਲੇ ਇੰਨੇ ਖੋਖਲੇ, ਥੋਥੇ ਅਤੇ ਗ਼ੈਰ-ਜ਼ਰੂਰੀ ਹੁੰਦੇ ਹਨ ਕਿ ਕਦੀ ਹਵਾਲਾ ਜਾਂ ਹਵਾਲਾ ਪੁਸਤਕ ਦੇਖਣ ਦੀ ਲਲਕ ਹੀ ਨਹੀਂ ਜਾਗਦੀ। ਹਾਂਸ ਦੀ ਇਹ ਕਿਤਾਬ ਹਵਾਲੇ ਦੇਖੇ ਬਗ਼ੈਰ ਅੱਗੇ ਨਹੀਂ ਤੁਰਨ ਦਿੰਦੀ। ਇਹ ਪਾਠਕ-ਮਨ ਨੂੰ ਚਿਣਗ ਲਾਉਂਦੀ ਹੈ। ਪਾਠਕ ਕਦੀ ਕੋਈ ਹਵਾਲਾ, ਕਦੀ ਸ਼ਬਦ ਕੋਸ਼ ਅਤੇ ਕਦੀ ਮਹਾਨ ਕੋਸ਼ ਫਰੋਲਦਾ ਹੈ। ਇਹ ਇਸ ਪੁਸਤਕ ਦਾ ਸਿਫ਼ਤੀ ਗੁਣ ਹੈ, ਮੀਰੀ ਹੈ ਜਿਹੜਾ ਕਿਤੇ-ਕਿਤੇ ਔਗੁਣ ਵੀ ਬਣ ਜਾਂਦਾ ਹੈ। ਖਾਸ ਕਰ ਉਦੋਂ ਜਦੋਂ ਲੇਖਕ ਅੰਗਰੇਜ਼ੀ ਸ਼ਬਦਾਂ ਦੇ ਪੰਜਾਬੀ ਸ਼ਬਦ ਘੜਦਾ ਹੈ। ਇਹਨਾਂ ਸ਼ਬਦਾਂ ਦੇ ਅਰਥ ਲੇਖਕ ਦੇ ਆਪਣੇ ਮਨ ਵਿਚ ਹੀ ਉਗਮਦੇ ਹਨ। ਇਹ ਮਹਾਨ ਕੋਸ਼ ਵਿਚੋਂ ਵੀ ਨਹੀਂ ਲੱਭਦੇ ਅਤੇ ਇਹ ਵਿਚਾਰਾਂ ਦੇ ਸੰਚਾਰ ਦੀਆਂ ਤਾਰਾਂ ਵੀ ਤੋੜਦੇ ਹਨ। ਮਸਲਨ, ਵਾਕ ਹੈ : *ਫੇਰ ਉਜਾੜ ਅਤੇ ਵਸਦੀ ਦਾ ਕਲਾਤਮਕ ਅਧੋਪ੍ਰਮਾਣ (Contrast)* ਹੈ। ਸ਼ੁਕਰ ਹੈ ਕਿ ਲੇਖਕ ਇਹਨਾਂ ਸ਼ਬਦਾਂ ਦੇ ਅੰਗਰੇਜ਼ੀ ਸ਼ਬਦ ਵੀ ਨਾਲ ਦੇਈ ਜਾਂਦਾ ਹੈ। ਨਹੀਂ ਤਾਂ, ਅਖੌਤੀ ਆਲੋਚਕਾਂ ਵਿਦਵਾਨਾਂ ਵਾਲੀ ਜਾਹ-ਜਾਂਦੀ ਹੋ ਜਾਂਦੀ, ਜਿਹੜੇ 'ਅੱਨਾ ਕਾਰੇਨਿਨਾ' ਦੇ ਇਕ ਪਾਤਰ ਦੇ ਕਹਿਣ ਮੁਤਾਬਕ ਪਹਿਲਾਂ ਹੀ ਪਤਾ ਗੱਲ ਨੂੰ ਔਖਾ ਕਰਕੇ ਦੱਸਦੇ ਹਨ। ਉਂਞ ਗੱਲ ਅੜਦੀ-ਅੜਦੀ ਤਾਂ 'ਵਾਰਿਸ ਸ਼ਾਹ ਦੀ ਲਗ਼ਜ਼ਿਸ਼' ਉੱਤੇ ਵੀ ਜਾ ਅੜਦੀ ਹੈ। ਲੇਖਕ ਦਾ ਉਰਦੂ-ਇਲਮ ਪਾਠਕ ਨੂੰ ਰੜੇ ਵਿਚ ਹੀ ਸੁੱਟ ਲੈਂਦਾ ਹੈ। ਮਹਾਨ ਕੋਸ਼ ਵਿਚ ਲਗ਼ਜ਼ਿਸ਼ ਨਹੀਂ ਲੱਭਦਾ, ਲੱਭਣਾ ਵੀ ਨਹੀਂ ਸੀ। ਲਗਜ਼ੀਦਨ ਲੱਭਦਾ ਹੈ, ਜਿਸ ਦਾ ਅਰਥ ਤਿਲਕਣਾ ਲਿਖਿਆ ਹੋਇਆ ਹੈ। ਉਰਦੂ ਤੋਂ ਨਾਵਾਕਫ਼ੀ ਵਾਲਿਆਂ ਦਾ ਕੀ ਕਸੂਰ ਭਲਾ ? ਇਸ ਨੂੰ ਬੰਦ ਕਰਨ ਦਾ ਸਰਕਾਰੀ ਫੈਸਲਾ ਤਾਂ ਸਿਆਸੀ ਸੀ। ਹੋ ਸਕਦਾ ਹੈ ਕਿ ਕਦੀ ਇਹ ਫੈਸਲਾ ਉਲਟੇ ਅਤੇ ਪੰਜਾਬੀ ਬੱਚਿਆਂ ਦੀ ਝੋਲੀ ਇਹ ਅੱਖਰ ਪੈਣ। ਕਾਸ਼! ਲੇਖਕ ਨੂੰ ਪਤਾ ਲੱਗ ਜਾਵੇ ਕਿ ਉਸ ਵੱਲੋਂ ਸਿਰਲੇਖ ਵਿਚ ਬੰਨ੍ਹੀ ਕਵਿਤਾ ਜਾਂ ਪੂਰੀ ਕੀਤੀ ਰੀਝ ਪਾਠਕਾਂ ਨੂੰ ਵੰਝ ਉੱਤੇ ਟੰਗ ਦਿੰਦੀ ਹੈ। ਇਸੇ ਤਰ੍ਹਾਂ ਅੰਗਰੇਜ਼ੀ ਸ਼ਬਦਾਂ ਦੇ ਘੜੇ ਕੁਝ ਪੰਜਾਬੀ ਸ਼ਬਦ ਹਨ।

ਤੀਜੀ ਗੱਲ 'ਭਾਈ ਵੀਰ ਸਿੰਘ—ਸਿੱਖ ਇਤਿਹਾਸਕਾਰੀ ਪ੍ਰੇਰਨਾ' ਲੇਖ ਵਿਚੋਂ ਲੱਭੀ ਹੈ। ਭਾਈ ਸਾਹਿਬ ਸਿੰਘ ਸਭਾ ਲਹਿਰ ਦੇ 'ਹੁਲਾਰੇ' ਲਈ ਜਿਵੇਂ ਪੁਰਾਤਨ ਲਿਖਤਾਂ ਵਿਚ ਤਬਦੀਲੀਆਂ ਕਰਦੇ ਹਨ, ਇਸ ਬਾਰੇ ਲੇਖਕ ਦੋ-ਟੁੱਕ ਗੱਲ ਕਰਦਾ ਹੈ: 'ਵਿਚਾਰਧਾਰਾ ਲਈ ਸਿਰੜ ਜ਼ਰੂਰੀ ਹੁੰਦੀ ਹੈ। ਇਹ ਸਿਰੜ ਅਸਲ ਵਿਚ ਉਹ ਰਲਾਅ ਹੈ ਜਿਹੜਾ ਵਿਚਾਰਧਾਰਾ ਦੀ ਲਪੇਟ ਵਿਚ ਆਇਆ ਬੰਦਾ ਲਿਖਤਾਂ ਵਿਚ ਕਰਦਾ ਹੈ।' ਹਾਂਸ ਅਜਿਹੇ ਸਿਰੜ ਦੇ ਨੇੜਿਓਂ ਵੀ ਨਹੀਂ ਲੰਘਦਾ। ਕਿਤਾਬਾਂ ਦੇ ਢੇਰ ਵਿਚੋਂ ਅਰਕ ਕੱਢਣ ਦਾ ਦੂਜਾ ਅਰਥ ਵਿਚਾਰਾਂ ਦੀ ਸੁੱਚ ਹੈ, ਜਿਹੜੀ ਇਸ ਕਿਤਾਬ ਦੀ ਮਾਨੋ ਸ਼ਿੰਗਾਰਦਾਨੀ ਹੈ। ਉਹ ਵਿਚਾਰ, ਹਾਲਾਤ, ਘਟਨਾਵਾਂ, ਵੇਰਵਿਆਂ ਨੂੰ ਪਾਠਕਾਂ ਸਾਹਮਣੇ ਆਪਣੇ ਜ਼ਿਹਨੀ ਰਲਾਅ ਤੋਂ ਬਗ਼ੈਰ ਪੇਸ਼ ਕਰਨ ਦਾ ਯਤਨ ਕਰਦਾ ਹੈ। ਇਸੇ ਕਰਕੇ ਉਹਦੀ ਮਿਥਿਹਾਸ ਬਾਰੇ



ਚਰਚਾ ਮਿਥਿਹਾਸ ਨਹੀਂ ਰਹਿੰਦੀ। ਇਹਨਾਂ ਹਵਾਲਿਆਂ ਦਾ ਮਕਸਦ ਪਰੰਪਰਾ ਦੇ ਸਮਾਜ ਨਾਲ ਸਰੋਕਾਰਾਂ ਦੀ ਗੱਲ ਕਰਨੀ ਹੈ। ਇਉਂ ਤੱਥਾਂ ਨੂੰ ਹੁਣ ਦੇ ਸਮੇਂ ਤਕ ਲਿਆ ਕੇ ਖਿਲਾਰਨ ਅਤੇ ਵਿਚਾਰਨ ਦਾ ਕਸਬ ਅਰਥ ਭਰਪੂਰ ਬਣ ਜਾਂਦਾ ਹੈ। ਇਹ ਅਰਥ ਉਸ ਦੀ ਇਸ ਵਿਸ਼ੇ (ਮਿਥਿਹਾਸ) ਵਿਚ ਆਪਣੀ ਦਿਲਚਸਪੀ ਦੇ ਕਾਰਨਾਂ ਤੋਂ ਉੱਕਾ ਹੀ ਵੱਖਰੇ ਹਨ। ਮਿਥਿਹਾਸ ਨੂੰ ਇਉਂ ਵੀ ਪੜ੍ਹਿਆ ਜਾ ਸਕਦਾ ਹੈ!

ਇਸ ਤੋਂ ਬਾਅਦ ਗਿਣ ਕੇ ਚੌਥੀ ਗੱਲ ਕਰਨ ਦਾ ਮਤਲਬ ਕੋਈ ਨਹੀਂ। ਹੁਣ ਗੱਲਾਂ ਦੀ ਗਿਣਤੀ ਦੀ ਥਾਂ ਸਿੱਧੀ ਚਰਚਾ ਲੋੜੀਂਦੀ ਹੈ। ਲੇਖਕ ਦੀ ਉਤਸੁਕਤਾ ਮੂਲ-ਮੁੱਢ ਵੱਲ ਵਧੇਰੇ ਰਹਿੰਦੀ ਹੈ। ਇਸੇ ਕਰਕੇ ਉਹ ਬਹੁਤੇ ਥਾਈਂ ਮੌਲਿਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਜਨੀਤਕ ਚੇਤਨਾ ਬਾਰੇ ਉਹ ਬਹੁਤੀਆਂ ਨਹੀਂ, ਬੱਸ ਡੇਢ ਗੱਲ ਹੀ ਕਰਦਾ ਹੈ। ਇਹ ਸੰਜਮ ਧਰਮ ਸਥਾਨਾਂ ਵੱਲੋਂ ਸਿਖਾ ਦਿੱਤੇ ਜਾਂਦੇ ਅਸੰਜਮ ਅਤੇ ਲਾਲਚ ਦਾ ਦੂਜਾ ਪਾਸਾ ਹੈ। ਸਿੱਖੀ ਦੇ ਕਾਇਆ ਕਲਪ ਦੀ ਚਰਚਾ ਦੌਰਾਨ ਹਿੰਸਾ, ਰਈਅਤ, ਸ਼ਾਸਕ, ਡਾਕੂ, ਕਮੀਣਾਂ ਦੀ ਵਿਆਖਿਆ ਚੰਗਿਆੜੇ ਛੱਡਦੀ ਹੈ। ਇਹ ਸਿਰੜੀਆਂ ਦੇ ਕੰਮ ਆਉਣ ਵਾਲੀਆਂ ਗੱਲਾਂ ਹਨ। 'ਵਾਰਿਸ ਸ਼ਾਹ ਦੀ ਲਗ਼ਜ਼ਿਸ਼' ਦੀਆਂ ਅਖ਼ੀਰਲੀਆਂ ਸਤਰਾਂ ਦਾ ਸੁਨੇਹਾ ਵੀ ਸਿਰੜੀਆਂ ਲਈ ਹੈ : *ਗੁਰੂ ਗੋਬਿੰਦ ਸਿੰਘ ਨੂੰ 'ਮੁਰਦਿਆਂ' ਲਈ ਅੰਮ੍ਰਿਤ ਤਿਆਰ ਕਰਨਾ ਪਿਆ ਤਾਂ ਜੋ ਸਿੰਘ, 'ਹਿੰਸਾ ਕਰਨ ਵਾਲੇ ਜੀਵ' ਬਣ ਕੇ 'ਬੰਦਿਆਂ' ਵਿਚ ਸ਼ਾਮਲ ਹੋ ਸਕਣ।*

ਖ਼ਬਰੇ ਇਹ ਲੇਖਕ ਦੀ ਸੰਜਮੀ ਸ਼ੈਲੀ ਦਾ ਹੀ ਅਸਰ ਹੈ ਕਿ ਉਹ ਅਜਿਹੇ ਦੰਦੇ ਵਾਰ-ਵਾਰ ਫਸਾਉਂਦਾ ਹੈ। ਅੱਗੇ ਪੜ੍ਹਨ ਵਾਲੇ ਦੀ ਸਮਰੱਥਾ ਹੈ ਕਿ ਉਹ ਹੇਠਲੀ ਤਹਿ ਵਿਚੋਂ ਕਿੰਨਾ ਕੁਝ ਫਰੋਲ ਸਕਦਾ ਹੈ ਅਤੇ ਸਮੁੰਦਰ ਵਿਚ ਚੁੱਭੀ ਮਾਰ ਕੇ ਕਿੰਨੇ ਮੋਤੀ ਚੁਗ ਸਕਦਾ ਹੈ। ਉਹ ਭਰੂਣ ਹੱਤਿਆ ਦਾ ਪਿਛੋਕੜ ਮਨੂ (ਸਿਮ੍ਰਤੀ ਵਾਲਾ) ਦੇ ਨੇਮਾਂ ਨਾਲ ਜੋੜਦਾ ਹੈ, ਜਿਹੜਾ ਕਹਿੰਦਾ ਹੈ: ਜੇ ਨਪੁੰਸਕ ਦੀ ਆਪਣੀ ਸਮਰੱਥਾ ਨਾ ਹੋਵੇ ਤਾਂ ਉਹ ਵਿਆਹ ਲਈ ਦੂਸਰਿਆਂ ਤੋਂ ਭਿੱਛਿਆ ਮੰਗ ਸਕਦਾ ਹੈ। ਮਨੂ ਅਨੁਸਾਰ ਝੂਠਾ ਗਵਾਹ ਨਰਕਾਂ ਨੂੰ ਜਾਂਦਾ ਹੈ। ਹਾਂਸ ਲਿਖਦਾ ਹੈ: *ਗਵਾਹੀ 'ਤੇ ਆਧਾਰਤ ਸਾਡਾ ਫੌਜਦਾਰੀ ਕਾਨੂੰਨ ਅੰਗਰੇਜ਼ਾਂ ਵੇਲੇ ਹੀ ਫੇਲ੍ਹ ਹੋ ਗਿਆ ਸੀ।* ਕਿਤਾਬ ਵਿਚ ਮਨੂ ਦੀ ਖਾਸੀ ਚਰਚਾ ਹੈ। ਇਹ ਬਾਬੇ ਨਾਨਕ ਦੇ ਸਮਕਾਲੀ ਹਿੰਦੂ ਸਮਾਜ ਵਿਚ ਪਾਰਲੌਕ (transcendental world) ਬਾਰੇ ਥਹੁ ਪਾਉਣ ਦੀ ਲਲਕ ਕਾਰਨ ਹੈ। ਇਸੇ ਬਹਾਨੇ ਉਹ ਜਾਤ ਅਤੇ ਇਸਲਾਮ ਦੇ ਪ੍ਰਸੰਗ ਵਿਚ ਹਿੰਦੂ ਪਾਰਲੌਕ ਦੇ ਪਤਨ ਦੀ ਗੱਲ ਕਰਦਾ ਹੈ। ਗੱਲ ਤੁਰਦੀ-ਤੁਰਦੀ ਲੋਕਤੰਤਰ/ਲੋਕਵਾਦ, ਇਹਦੀ ਅਧੋਗਤੀ ਦੀ ਵੀ ਹੋ ਜਾਂਦੀ ਹੈ। ਇਸਲਾਮੀ ਜਿੱਤ ਕਾਰਨ ਹਿੰਦੂ ਸਮਾਜ ਨੂੰ ਆਏ ਹਲੂਣੇ ਨੂੰ ਉਹ ਟੌਕਵੀਲ ਦੇ ਉਸ ਹਵਾਲੇ ਨਾਲ ਜੋੜਦਾ ਹੈ ਜਿਸ ਵਿਚ ਇਸ ਵਿਦਵਾਨ ਨੇ ਕਿਹਾ ਸੀ ਕਿ 1848 ਦੇ ਇਨਕਲਾਬ ਦੇ ਸਦਮੇ ਨੇ (ਫਰਾਂਸੀਸੀ) ਸਮਾਜ ਨੂੰ ਗਰਦ ਕਰ ਦਿੱਤਾ।

ਕਿਤਾਬ ਦਾ ਨਾਂ ਭਾਵੇਂ 'ਸਾਡਾ ਸਾਹਿਤ ਅਤੇ ਧਰਮ' ਹੈ ਪਰ ਇਸ ਵਿਚ ਹੋਈਆਂ-ਕੀਤੀਆਂ ਬਹੁਤੀਆਂ ਗੱਲਾਂ ਸਾਹਿਤਕ ਨਹੀਂ ਨਿਰੋਲ ਸਿਆਸੀ ਹਨ। ਇਹਨਾਂ ਦਾ ਮੁਹਾਵਰਾ ਧਾਰਮਿਕ ਤਾਂ ਉੱਕਾ ਨਹੀਂ। ਹਾਂ, ਸਾਡੀ ਜ਼ਹਿਨੀਅਤ ਮੁਤਾਬਕ 'ਅਸੀਂ ਮਹਾਰਾਜਾ ਰਣਜੀਤ ਸਿੰਘ ਬਾਰੇ ਭਾਵੁਕ ਕਿਉਂ ਹਾਂ' ਦੀ ਗੱਲ ਜ਼ਰੂਰ ਕੀਤੀ ਗਈ ਹੈ। ਪਰ ਇਸ ਵਿਚ ਵੀ ਭਾਵੁਕਤਾ ਵਾਲੇ ਨੁਕਤੇ ਚੁਣ ਕੇ ਅਸਲ ਗੱਲਾਂ ਮਹਾਰਾਜੇ ਦੀ ਅਸਲੀਅਤ ਬਾਰੇ ਹਨ। ਐਂਗਲੋ-ਸਿੱਖ ਲੜਾਈ ਮਗਰੋਂ ਲਾਹੌਰ ਦੇ ਚੀਫ਼ ਕਮਿਸ਼ਨਰ ਬਣੇ ਹੈਨਰੀ ਲਾਰੈਂਸ ਵੱਲੋਂ ਦਿੱਤੀ ਅਜ਼ਾਨ (ਬਾਂਗ) ਦੀ ਖੁੱਲ੍ਹ ਨੂੰ ਉਹ ਧਰਮ-ਸਥਾਨਾਂ ਦੇ ਲਾਊਡ ਸਪੀਕਰਾਂ ਨਾਲ ਬੰਨ੍ਹਦਾ ਹੈ।

ਪਹਿਲਾਂ ਆਈ ਚਰਚਾ ਮੁਤਾਬਕ ਬਹੁਤੀਆਂ ਗੱਲਾਂ ਪਾਠਕ ਨੂੰ ਆਪ ਜੋੜਨੀਆਂ ਪੈਂਦੀਆਂ ਹਨ। ਇਉਂ ਇਹ ਲਿਖਤਾਂ ਪਾਠਕ ਦੀ ਮੁਸ਼ੱਕਤ ਕਰਵਾਉਂਦੀਆਂ ਹਨ। ਇਹਨਾਂ ਲਿਖਤਾਂ ਵਿਚ

ਪਾਠਕਾਂ ਦੀ ਲੇਖਕ ਬਣਨ ਦੀ ਲਲ੍ਹਕ ਟੁੱਕ-ਟੁੱਕ ਸੁੱਟਣ ਦੀ ਸ਼ਕਤੀ ਹੈ। ਉਡਦੀ ਨਜ਼ਰੇ ਇਹ ਗੱਲ ਕਿਸੇ ਨੂੰ ਹਿੰਸਾ ਲੱਗ ਸਕਦੀ ਹੈ ਪਰ ਗੁਰੂ ਗੋਬਿੰਦ ਸਿੰਘ ਵੱਲੋਂ ਮੁਰਦਿਆਂ ਨੂੰ ਸਿੰਘ (ਮਹਾਨ ਕੋਸ਼ ਦੇ ਅਰਥ ਮੁਤਾਬਕ ਹਿੰਸਾ ਕਰਨ ਵਾਲੇ ਜੀਵ) ਬਣਾ ਕੇ ਬੰਦਿਆਂ ਵਿਚ ਸ਼ਾਮਲ ਕਰਨ ਦੇ ਅਮਲ ਵਾਂਗ ਪੰਜਾਬੀ ਦੇ ਬਹੁਤੇ ਕੱਚ-ਘਰੜ ਲੇਖਕਾਂ ਤੋਂ ਖਹਿੜਾ ਛੁੱਟ ਸਕਦਾ ਹੈ। ਇਹ ਪੁਸਤਕ ਬੰਦੇ ਨੂੰ ਪਾਠਕ ਬਣਾਉਂਦੀ ਹੈ ਅਤੇ ਅੱਜ ਦੇ ਪਾਠਕ-ਲੇਖਕ-ਪ੍ਰਕਾਸ਼ਕ ਦੇ ਰੋਲ-ਘਚੋਲੇ ਵਿਚ ਇਸ ਤੋਂ ਵੱਡੀ ਗੱਲ ਕੋਈ ਹੋਰ ਹੋ ਨਹੀਂ ਸਕਦੀ।

[ਜਸਬੀਰ]

## ਚੁੱਪ ਦੇ ਟੁਕੜੇ [ਹਰਜਿੰਦਰ ਕੰਗ]

*'ਸਵਾਂਤੀ ਬੂੰਦ'* ਅਤੇ *'ਠੀਕਰੀ ਪਹਿਰਾ'* ਪੁਸਤਕਾਂ ਨਾਲ ਪੰਜਾਬੀ ਸਾਹਿਤਕ ਜਗਤ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕਾ ਸ਼ਾਇਰ ਹਰਜਿੰਦਰ ਕੰਗ ਦਸ ਸਾਲਾਂ ਦੀ ਲੰਮੀ ਖ਼ਾਮੋਸ਼ੀ ਤੋਂ ਬਾਅਦ *'ਚੁੱਪ ਦੇ ਟੁਕੜੇ'* ਲੈ ਕੇ ਹਾਜ਼ਰ ਹੋਇਆ ਹੈ। ਚੇਤਨਾ ਪ੍ਰਕਾਸ਼ਨ ਦੁਆਰਾ ਛਾਪੀ ਇਸ ਪੁਸਤਕ [ਪੰਨੇ 88, ਮੁੱਲ 100 ਰੁਪਏ] ਵਿਚ ਹਰਜਿੰਦਰ ਕੰਗ ਦੀਆਂ 58 ਕਾਵਿ ਰਚਨਾਵਾਂ ਦਰਜ ਹਨ। ਕੰਗ ਲਈ ਕਵਿਤਾ ਆਪਣੇ ਅੰਦਰ ਪਸਰੀ ਚੁੱਪ ਦਾ ਸੰਵਾਦ ਰਚਾਉਣ ਦਾ ਸਾਧਨ ਹੈ। ਉਹ ਲੰਮੇ ਸਮੇਂ ਤੋਂ ਅਮਰੀਕਾ ਵਿਚ ਹੀ ਰਹਿ ਰਿਹਾ ਹੈ ਅਤੇ ਇਸ ਲਈ ਆਪਣੇ ਵਤਨ ਲਈ ਉਦਰੇਵੇਂ ਦਾ ਪ੍ਰਗਟਾਵਾ ਹੋਣ ਦੀ ਆਸ ਉਸਦੀ ਕਵਿਤਾ ਵਿਚ ਸਹਿਜੇ ਹੀ ਕੀਤੀ ਜਾ ਸਕਦੀ ਹੈ। ਪਰ ਕੰਗ ਦੀ ਇਹ ਪ੍ਰਾਪਤੀ ਹੈ ਕਿ ਉਹ ਕੇਵਲ ਭਾਵੁਕ ਪ੍ਰਤੀਕਰਮ ਦੇਣ ਦੀ ਜਗ੍ਹਾ ਸਮਕਾਲੀ ਸਥਿਤੀਆਂ ਦੇ ਮੁਖ਼ਾਤਬ ਹੁੰਦਾ ਹੋਇਆ ਪਰਵਾਸੀ ਮਨੁੱਖ ਦੇ ਮਨ ਦੀਆਂ ਡੂੰਘੀਆਂ ਤੈਹਾਂ ਫਰੋਲਦਾ ਹੈ।

*'ਚੁੱਪ ਦੇ ਟੁਕੜੇ'* ਕਾਵਿ-ਸੰਗ੍ਰਹਿ ਦਾ ਮੁੱਖ ਥੀਮ ਆਧੁਨਿਕ ਮਨੁੱਖ ਦੀ ਲੋੜੋਂ ਵੱਧ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਸੰਵਾਦ ਦੀ ਮਿਟਦੀ ਜਾ ਰਹੀ ਸੰਭਾਵਨਾ ਨੂੰ ਸੰਬੋਧਤ ਹੈ। ਕਿਹਾ ਜਾ ਰਿਹਾ ਹੈ ਕਿ ਤਕਨਾਲੋਜੀ ਦੇ ਵਾਧੇ ਨਾਲ ਵਿਸ਼ਵ ਇਕ ਪਿੰਡ ਬਣ ਰਿਹਾ ਹੈ ਅਤੇ ਦੁਨੀਆਂ ਸੁੰਗੜਦੀ ਜਾ ਰਹੀ ਹੈ ਪਰ ਇਹ ਵੀ ਸੱਚਾਈ ਹੈ ਕਿ ਮਨੁੱਖ ਮਨੁੱਖ ਨਾਲ ਗੱਲ ਕਰਨ ਲਈ ਵੀ ਤਰਸ ਗਿਆ ਹੈ। ਆਵਾਜ਼ਾਂ ਦਾ ਰਾਮ-ਰੌਲਾ ਤਾਂ ਬਹੁਤ ਵਧ ਗਿਆ ਹੈ ਪਰ ਇਕ ਦੂਜੇ ਨੂੰ ਸਮਝ ਸਕਣ ਦੀ ਸਮਰੱਥਾ ਖਤਮ ਹੁੰਦੀ ਜਾ ਰਹੀ ਹੈ। ਇਸ ਲਈ ਕਵੀ ਲਿਖਦਾ ਹੈ:

*ਆਪੋ ਆਪਣਾ ਸ਼ੋਰ ਮਸਾਂ ਸੁਣਦੈ ਹੁਣ ਕੌਣ ਸੁਣੇਗਾ*
*ਦਿਲ ਤੋਂ ਦਿਲ ਤਕ ਜਾਂਦੇ ਚੁੱਪ ਚੁੱਪ ਰਾਹਾਂ ਦੀ ਆਵਾਜ਼*

ਪਰਵਾਸ ਭੋਗ ਰਹੇ ਵਿਅਕਤੀ ਲਈ ਇਹ ਸਥਿਤੀ ਹੋਰ ਵੀ ਔਖਿਆਈ ਵਾਲੀ ਹੋ ਜਾਂਦੀ ਹੈ ਕਿਉਂਕਿ ਉਸ ਕੋਲ ਆਪਣੀ ਚੁੱਪ ਦੇ ਸ਼ੋਰ ਤੋਂ ਬਚਣ ਦਾ ਇਕੋ ਇਕ ਰਸਤਾ ਗੱਲਬਾਤ ਹੀ ਹੈ। ਮਸ਼ੀਨੀ ਸਿਸਟਮ ਦਾ ਹਿੱਸਾ ਬਣ ਚੁੱਕੇ ਵਿਅਕਤੀ ਕੋਲ ਤਾਂ ਆਪਣੇ ਲਈ ਵਕਤ ਨਹੀਂ ਹੁੰਦਾ, ਉਹ ਦੂਸਰੇ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਕਿੱਥੋਂ ਵਕਤ ਕੱਢ ਸਕਦਾ ਹੈ। ਕਵੀ ਦਾ ਸੰਵੇਦਨਸ਼ੀਲ ਮਨ ਉਸ ਨੂੰ ਦੂਸਰਿਆਂ ਦੇ ਮਨ ਦੀਆਂ ਤੈਹਾਂ ਫਰੋਲ ਕੇ ਉਹਨਾਂ ਦੇ ਦੁੱਖ ਹਰਨ ਲਈ ਉਕਸਾਉਂਦਾ ਰਹਿੰਦਾ ਹੈ, ਪਰ ਉਸਦਾ ਸਾਹਮਣਾ ਜੜ੍ਹ ਹੋ ਚੁੱਕੇ ਬੰਦਿਆਂ ਨਾਲ ਹੀ ਪੈਂਦਾ ਹੈ:

*ਜ਼ਖ਼ਮੀ ਹੋ ਕੇ ਬੈਠ ਗਈ ਏ ਮੇਰੇ ਮੋਹ ਦੀ ਗਲਵਕੜੀ*
*ਹਰ ਬੰਦੇ ਦੇ ਆਸੇ ਪਾਸੇ ਚਾਰ ਦੀਵਾਰੀ ਮਿਲਦੀ ਏ*

ਆਪਣਾ ਦੇਸ਼ ਛੱਡ ਕੇ ਜਾ ਚੁੱਕੇ ਵਿਅਕਤੀ ਦੇ ਅਵਚੇਤਨ ਵਿਚ ਉਸਦੀ ਜਨਮ ਭੂਮੀ, ਉਸਦੇ ਬਚਪਨ ਦੀਆਂ ਯਾਦਾਂ ਹਮੇਸ਼ਾ ਵਸੀਆਂ ਰਹਿੰਦੀਆਂ ਹਨ। ਇਸੇ ਕਰਕੇ ਕਿਹਾ ਜਾਂਦਾ ਹੈ ਕਿ



ਪਰਵਾਸੀ ਦੀ ਚੇਤਨਾ ਦੋ ਭਾਗਾਂ ਵਿਚ ਵੰਡੀ ਜਾਂਦੀ ਹੈ, ਉਹ ਰਹਿੰਦਾ ਵਿਦੇਸ਼ ਵਿਚ ਹੈ ਪਰ ਸੋਚਦਾ ਆਪਣੇ ਵਤਨ ਬਾਰੇ ਹੈ। ਪਰ ਇਹ ਵੀ ਇਕ ਹਕੀਕਤ ਹੈ ਕਿ ਸਮਾਂ ਪੈਣ ਨਾਲ ਨਵੇਂ ਅਪਣਾਏ ਮੁਲਕ ਨਾਲ ਪਰਵਾਸੀ ਦੇ ਸੰਬੰਧਾਂ ਦੀਆਂ ਤੰਦਾਂ ਪੀਡੀਆਂ ਹੋਣ ਲੱਗ ਪੈਂਦੀਆਂ ਹਨ ਅਤੇ ਉਹ ਆਵਾਸੀ ਬਣਨ ਵੱਲ ਵਧ ਜਾਂਦਾ ਹੈ ਤੇ ਆਪਣੇ ਪੁਰਾਣੇ ਮੁਲਕ ਨਾਲ ਜੁੜੀਆਂ ਭਾਵੁਕ ਯਾਦਾਂ ਹੁਣ ਉਸਨੂੰ ਘੱਟ ਪ੍ਰੇਸ਼ਾਨ ਕਰਦੀਆਂ ਹਨ:

*ਹੁਣ ਤਾਂ ਕਦੇ ਕਦੇ ਹੀ ਆਉਂਦੈ ਬੁੱਢੇ ਬੋਹੜ ਦੀ ਛਾਂ ਦਾ ਸੁਪਨਾ*
*ਧੁੰਦਲਾ ਧੁੰਦਲਾ ਹੁੰਦਾ ਜਾਵੇ ਪਿੰਡ ਦੀ ਹਰ ਇਕ ਥਾਂ ਦਾ ਸੁਪਨਾ*

ਪਰਵਾਸੀ ਜਦੋਂ ਨਵੇਂ ਦੇਸ਼ ਵਿਚ ਆਵਾਸੀ ਬਣਨ ਦੀ ਪ੍ਰਕਿਰਿਆ ਵਿਚ ਪੈ ਜਾਂਦਾ ਹੈ ਤਾਂ ਉਹ ਆਪਣਾ ਭਵਿੱਖ ਆਪਣੇ ਨਵੇਂ ਘਰ ਨਾਲ ਜੋੜ ਕੇ ਵੇਖਣਾ ਚਾਹੁੰਦਾ ਹੈ। ਪਰ ਕੰਗ ਇਸ ਗੱਲ ਪ੍ਰਤੀ ਵੀ ਸੁਚੇਤ ਕਰਦਾ ਹੈ ਕਿ ਨਵੀਂ ਥਾਂ ਵੀ ਹਮੇਸ਼ਾ ਲਈ ਸੁਰੱਖਿਅਤ ਨਹੀਂ ਹੋ ਸਕਦੀ। 11 ਸਤੰਬਰ ਦੀ ਘਟਨਾ ਤੋਂ ਬਾਅਦ ਇਕ ਦਮ ਹੀ ਅਮਰੀਕਾ ਪਰਵਾਸੀਆਂ ਲਈ ਅਜਨਬੀ ਤੇ ਅਸੁਰੱਖਿਅਤ ਦੇਸ਼ ਬਣ ਗਿਆ। ਇਸੇ ਤੌਖਲੇ ਦਾ ਪ੍ਰਗਟਾਵਾ ਕਵੀ ਕਾਵਿਕ ਅੰਦਾਜ਼ ਵਿਚ ਇਸ ਤਰ੍ਹਾਂ ਕਰਦਾ ਹੈ:

*ਰੁਖ ਹਵਾ ਦਾ ਦੇਖ ਕੇ ਹੀ ਆਲ੍ਹਣੇ ਪਾਇਓ ਤੁਸੀਂ*
*ਇਸ ਜਗ੍ਹਾ ਤੋਂ ਵੀ ਕਿਤੇ ਫਿਰ ਨਾ ਉਜੜ ਜਾਇਓ ਤੁਸੀਂ*

ਹਰਜਿੰਦਰ ਕੰਗ ਦੀ ਕਵਿਤਾ ਦੀ ਖ਼ੂਬਸੂਰਤੀ ਮੁਹੱਬਤ ਦਾ ਇਜ਼ਹਾਰ ਕਰਦੇ ਕਾਵਿ ਟੋਟਿਆਂ ਵਿਚ ਬਾਖ਼ੂਬੀ ਉਭਰਦੀ ਹੈ। ਵਿਛੋੜੇ ਦਾ ਦੁੱਖ ਅਤੇ ਮਿਲਣ ਦੀ ਤਾਂਘ ਹਰ ਮੁਹੱਬਤ ਦਾ ਅਨਿੱਖੜ ਅੰਗ ਹੁੰਦੇ ਹਨ। ਕਿਸੇ ਨੂੰ ਆਪਣੇ ਦਿਲ ਵਿਚ ਵਸਾਈ ਬੈਠਾ ਮਨ ਆਪਣੇ ਪਿਆਰੇ ਤੋਂ ਵਿਛੜ ਜਾਣ ਦੇ ਸੁਫ਼ਨੇ ਤੋਂ ਵੀ ਘਬਰਾ ਜਾਂਦਾ ਹੈ:

*ਉਹ ਸੁਪਨੇ ਵਿਚ ਵੀ ਵਿਛੜੇ ਤਾਂ ਨੀਂਦਰ ਵਿਚ ਰੋਵੇ*
*ਕਿਸੇ ਦੇ ਨਾਲ ਕਿਉਂ ਇੰਨੇ ਘਣੇ ਸੰਬੰਧ ਰੱਖੇ*

ਮੁਹੱਬਤ ਦਾ ਜਜ਼ਬਾ ਹਰ ਕਵੀ ਲਈ ਪ੍ਰੇਰਨਾ ਸ੍ਰੋਤ ਹੁੰਦਾ ਹੈ ਅਤੇ ਉਹ ਪਿਆਰੇ ਤੋਂ ਦੂਰ ਜਾਣ ਦਾ ਦਰਦ ਨਹੀਂ ਹੰਢਾਉਣਾ ਚਾਹੁੰਦਾ। ਪਰ ਨਾਲ ਹੀ ਉਹ ਇਹ ਆਸ ਵੀ ਕਰਦਾ ਹੈ ਕਿ ਉਸਦੀ ਮੁਹੱਬਤ ਨੂੰ ਜਿੰਦਾ ਰੱਖਣ ਲਈ ਬੰਧਨਾਂ ਦੀ ਲੋੜ ਨਹੀਂ ਹੋਣੀ ਚਾਹੀਦੀ। ਇਸੇ ਲਈ ਏਨੀ ਸ਼ਿੱਦਤ ਨਾਲ ਮੁਹੱਬਤ ਕਰਦਾ ਹੋਇਆ ਕਵੀ ਹਰ ਤਰ੍ਹਾਂ ਦੇ ਬੰਧਨਾਂ ਤੇ ਵਾਅਦਿਆਂ ਦੀ ਜ਼ਰੂਰਤ ਤੋਂ ਆਪਣੇ ਸੰਬੰਧਾਂ ਨੂੰ ਉਪਰ ਉਠਾਉਣਾ ਚਾਹੁੰਦਾ ਹੈ:

*ਜੇ ਮੁਹੱਬਤ ਹੈ ਤਾਂ ਆ ਕੌਲਾਂ ਕਰਾਰਾਂ ਤੋਂ ਬਿਨਾਂ*
*ਪਿਆਰ ਨੂੰ ਸੀਮਤ ਨਹੀਂ ਕਰਨਾ ਕਿਸੇ ਇਕਰਾਰ ਤਕ*

ਹਰਜਿੰਦਰ ਕੰਗ ਦੀ ਰਚਨਾ ਮਨੁੱਖੀ ਜਜ਼ਬਿਆਂ ਦੀ ਤਰਜਮਾਨੀ ਕਰਨ ਦੇ ਨਾਲ ਨਾਲ ਬਦਲ ਰਹੀਆਂ ਸਮਾਜਕ ਹਾਲਤਾਂ ਦੇ ਵੀ ਸਨਮੁੱਖ ਹੈ। ਪਰਦੇਸ ਬੈਠਾ ਵੀ ਉਹ ਆਪਣੀ ਧਰਤੀ ਅਤੇ ਆਪਣੇ ਲੋਕਾਂ ਨਾਲ ਜੁੜਿਆ ਰਹਿੰਦਾ ਹੈ। ਪੰਜਾਬ ਦੀ ਕਿਸਾਨੀ ਦੀ ਹੋ ਰਹੀ ਦੁਰਦਸ਼ਾ ਵੀ ਉਸਦੀ ਰਚਨਾ ਦਾ ਹਿੱਸਾ ਬਣਦੀ ਹੈ। ਵਰਤਮਾਨ ਪੰਜਾਬ ਵਿਚ ਨੌਜਵਾਨਾਂ ਨੂੰ ਮਜਬੂਰੀ ਵਿਚ ਬਦੇਸ਼ਾਂ ਵਿਚ ਜਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਅਤੇ ਖੇਤੀਬਾੜੀ ਦੀ ਹਾਲਤ ਦਿਨੋ ਦਿਨ ਨਿਘਰ ਰਹੀ ਹੈ:

*ਕਰਜ਼ਾ ਲੈ ਕੇ ਮਰ ਜਾਂਦਾ ਹੈ, ਪੁਸ਼ਤਾਂ ਗਿਰਵੀ ਕਰ ਜਾਂਦਾ ਹੈ*

*ਨਿੱਤ ਮਜਬੂਰ ਕਿਸਾਨ 'ਤੇ ਡਿਗਦੀ ਹੈ ਬਿਜਲੀ ਸ਼ਾਹੂਕਾਰੇ ਦੀ*

ਹਰਜਿੰਦਰ ਕੰਗ ਇਸ ਸਥਿਤੀ ਤੋਂ ਨਿਰਾਸ਼ ਤਾਂ ਹੈ ਪਰ ਨਾਲ ਹੀ ਉਸਦੀ ਰਚਨਾ ਪੜ੍ਹ ਕੇ ਇਹ ਵੀ ਵਿਸ਼ਵਾਸ ਬੱਝਦਾ ਹੈ ਕਿ ਜੰਗ ਅਜੇ ਮੁੱਕੀ ਨਹੀਂ ਹੈ, ਸੰਘਰਸ਼ ਚੱਲ ਰਿਹਾ ਹੈ। ਅੱਜੋਕੀਆਂ ਸਥਿਤੀਆਂ ਵਿਸ਼ੇਸ਼ ਕਰ ਪਰਵਾਸ ਦੀ ਇਕੱਲਤਾ ਅਤੇ ਪਦਾਰਥਵਾਦੀ ਜੀਵਨ ਵਿਅਕਤੀ ਦੀ ਹੋਂਦ ਖਤਮ ਕਰਨ ਲਈ ਯਤਨਸ਼ੀਲ ਹਨ। ਪਰ ਸਥਿਤੀਆਂ ਦੇ ਸਾਹਮਣੇ ਡਟ ਕੇ ਖਲੋ ਜਾਣਾ ਵੀ ਪੰਜਾਬੀ ਨੂੰ ਵਿਰਸੇ ਵਿਚ ਹੀ ਮਿਲਿਆ ਹੈ। ਇਸੇ ਲਈ ਕਵੀ ਲਿਖਦਾ ਹੈ:

*ਪਿੰਜਰੇ ਦਾ ਮੂੰਹ ਹਵਾ ਵਿਚ ਅੱਡਿਆ ਹੀ ਰਹਿ ਗਿਆ*
*ਸਤਰੰਗੀ ਪੀਂਘ 'ਤੇ ਚਿੜੀਆਂ ਦਾ ਚੰਬਾ ਬਹਿ ਗਿਆ*
*ਫਿਰ ਕਰੂੰਬਲ ਫੁੱਟ ਪਈ ਝੱਖੜ ਦੇ ਝੰਬੇ ਬਿਰਖ 'ਤੇ*
*ਵਹਿਮ ਸੀ ਝੱਖੜ ਨੂੰ ਉਹ ਸਭ ਕੁਝ ਉਡਾ ਕੇ ਲੈ ਗਿਆ।*

ਵਿਸ਼ਿਆਂ ਦੀ ਵੰਨ ਸੁਵੰਨਤਾ ਤੋਂ ਇਲਾਵਾ ਹਰਜਿੰਦਰ ਕੰਗ ਦੀ ਕਵਿਤਾ ਉਸਦੇ ਕਲਾ ਪੱਖ ਤੋਂ ਵੀ ਜ਼ਿਕਰਯੋਗ ਹੈ। ਪੰਜਾਬੀ ਦਾ ਨਾਮਵਰ ਸ਼ਾਇਰ ਸੁਰਜੀਤ ਪਾਤਰ ਉਸਦੀ ਰਚਨਾ ਬਾਰੇ ਲਿਖਦਾ ਹੋਇਆ ਕਹਿੰਦਾ ਹੈ: 'ਹਰਜਿੰਦਰ ਕੰਗ ਗ਼ਜ਼ਲ ਲਿਖੇ, ਜਾਂ ਨਜ਼ਮ ਜਾਂ ਗੀਤ, ਇਕ ਸੰਗੀਤਕ ਰਵਾਨੀ ਉਸ ਦੀ ਸ਼ਾਇਰੀ ਨੂੰ ਸੁੰਦਰਤਾ ਤੇ ਊਰਜਾ ਬਖ਼ਸ਼ਦੀ ਹੈ। ਉਸ ਦੀ ਸ਼ਾਇਰੀ ਦਿਲ ਵਿਚੋਂ ਫੁੱਟਦੀ ਹੈ ਤੇ ਦਿਲਾਂ ਵਿਚ ਉਤਰਨ ਦੀ ਸਮਰੱਥਾ ਰਖਦੀ ਹੈ।'

*ਉਹ ਰੋਇਆ ਤਾਂ ਬਹੁਤ ਮੈਥੋਂ ਮਗਰ ਮੁਖ ਮੋੜ ਕੇ ਰੋਇਆ*
*ਬੜਾ ਮਜਬੂਰ ਹੋਵੇਗਾ ਉਹ ਜੋ ਦਿਲ ਤੋੜ ਕੇ ਰੋਇਆ*
*ਮੇਰੇ ਸਾਹਵੇਂ ਤਾਂ ਟੁਕੜੇ ਕਰ ਗਿਆ ਤਸਵੀਰ ਮੇਰੀ ਦੇ*
*ਪਤਾ ਲੱਗੈ ਉਹੀ ਟੁਕੜੇ ਉਹ ਮਗਰੋਂ ਜੋੜ ਕੇ ਰੋਇਆ*

ਕਾਵਿ ਵੰਨਗੀਆਂ ਦੇ ਪੱਖ ਤੋਂ ਇਸ ਸੰਗ੍ਰਹਿ ਵਿਚ ਗ਼ਜ਼ਲ ਵੀ ਹਾਜ਼ਰ ਹੈ, ਨਜ਼ਮ ਵੀ ਅਤੇ ਗੀਤ ਵੀ। ਗੀਤ ਵਧੇਰੇ ਕਰਕੇ ਕਵੀ ਦੇ ਭਾਵੁਕ ਰੁਦਨ ਦੀ ਪੇਸ਼ਕਾਰੀ ਕਰਦੇ ਹਨ। ਗੀਤਾਂ ਰਾਹੀਂ ਹੀ ਪੰਜਾਬੀ ਬੋਲੀ ਦੇ ਭਵਿੱਖ ਬਾਰੇ ਆਪਣੇ ਤੌਖਲੇ ਜ਼ਾਹਰ ਕਰਦਾ ਹੋਇਆ ਕਵੀ ਪੰਜਾਬੀਆਂ ਨੂੰ ਇਸਦੀ ਸੰਭਾਲ ਕਰਨ ਲਈ ਸੁਚੇਤ ਕਰਦਾ ਹੈ। ਕਵੀ ਸੰਵਾਦ ਰਚਾਉਣ ਲਈ ਲਗਾਤਾਰ ਯਤਨਸ਼ੀਲ ਰਹਿੰਦਾ ਹੈ, ਅਤੇ ਉਸਦੀਆਂ ਵਧੇਰੇ ਰਚਨਾਵਾਂ ਕਿਸੇ ਵਿਛੜੇ ਨੂੰ ਮੁਖ਼ਾਤਬ ਹੁੰਦੀਆਂ ਹਨ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 'ਚੁੱਪ ਦੇ ਟੁਕੜੇ' ਕਾਵਿ ਸੰਗ੍ਰਹਿ ਰਾਹੀਂ ਹਰਜਿੰਦਰ ਕੰਗ ਆਪਣੇ ਕਾਵਿ ਸਫ਼ਰ ਵਿਚ ਅੱਗੇ ਵਧਿਆ ਹੈ।

[ਅਮਨਦੀਪ ਸਿੰਘ]

## ਜੁਗਨੂਆਂ ਦੀ ਦੌੜ [ਮੁਸ਼ਤਾਕ]

ਮੁਸ਼ਤਾਕ ਦਾ ਪਹਿਲਾ ਕਾਵਿ ਸੰਗ੍ਰਹਿ ਉਸਦੀ ਪਤਨੀ ਦੀ ਮੌਤ ਤੋਂ ਲਗਪਗ ਦੋ ਸਾਲ ਪਹਿਲਾਂ ਯਾਨੀ 1977 ਵਿਚ 'ਤੁਰਦੇ ਜਾਵਣ ਪੈਰ' ਸਿਰਲੇਖ ਹੇਠ ਛਪ ਚੁੱਕਾ ਸੀ। ਪਰ ਪਤਨੀ ਦੀ ਮੌਤ ਤੋਂ ਬਾਅਦ ਇੰਗਲੈਂਡ ਵਰਗੇ ਅਤਿ ਵਿਕਸਿਤ ਪੂੰਜੀਵਾਦੀ ਵਿਵਸਥਾ ਵਾਲੇ ਦੇਸ਼ ਵਿਚ ਰਹਿੰਦਿਆਂ ਉਹ ਜਿਤਨੀ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਸਾਹਿਤਕ ਖੇਤਰ ਵਿਚ ਤੇ ਸਦਾਚਾਰਕ ਉਚਾਈ ਨਾਲ ਆਪਣੇ ਸਮਾਜਕ ਜੀਵਨ ਵਿਚ ਵਿਚਰਿਆ, ਉਸਦਾ ਅੰਦਾਜ਼ਾ ਤਾਂ ਮੁਸ਼ਤਾਕ ਦੇ ਜੀਵਨ-ਬਿਰਤਾਂਤ ਦੇ ਯਥਾਰਥ ਨੂੰ ਜਾਣ ਕੇ ਹੀ ਲਗਾਇਆ ਜਾ ਸਕਦਾ ਹੈ। ਕਹਿਣ ਤੋਂ ਭਾਵ ਇਹ ਹੈ ਕਿ ਮੁਸ਼ਤਾਕ ਦੇ ਸਾਹਿਤਕ ਤੇ ਸਮਾਜਕ ਜੀਵਨ ਵਿਚ ਕੋਈ ਦੋਫਾੜ ਨਹੀਂ ਹੈ। ਸ਼ਾਇਦ ਏਸੇ ਲਈ ਉਸ



ਦੀਆਂ ਰਚਨਾਵਾਂ ਵਿਚ ਉਸੇ ਵਰਗੀ ਕ੍ਰਾਂਤੀਕਾਰੀ ਭਾਵਨਾ ਨਾਲ ਓਤਪੋਤ ਸਦਾਚਾਰਕ ਸ਼ਖ਼ਸੀਅਤ ਦਾ ਸ਼ਖ਼ਸੀ ਬਿੰਬ ਸਾਕਾਰ ਹੁੰਦਾ ਹੈ। ਉਸਦੀ ਕਵਿਤਾ ਵਾਂਗ ਹੀ ਉਸਦੀ ਗਲਪ ਰਚਨਾ ਦਾ ਆਧਾਰ ਤੇ ਉਦੇਸ਼ ਏਸੇ ਬਿੰਬ ਦਾ ਨਿਰਮਾਣ ਕਰਨਾ ਬਣਦਾ ਹੈ, ਜਿਸਦੀ ਪੁਸ਼ਟੀ ਉਸਦੇ 1977 ਵਿਚ ਛਪੇ ਪਹਿਲੇ ਕਥਾ ਸੰਗ੍ਰਹਿ 'ਅਜੰਤਾ ਦੇ ਬੁੱਤ' ਅਤੇ ਤਾਜ਼ਾ ਛਪੇ 'ਜੁਗਨੂਆਂ ਦੀ ਦੌੜ' (ਪੰਨੇ 112, ਮੁੱਲ 100 ਰੁਪਏ, ਦੀਪਕ ਪਬਲਿਸ਼ਰਜ਼, ਜਲੰਧਰ) ਦੀ ਰਚਨਾ-ਵਸਤੂ ਦੇ ਅਧਿਐਨ-ਵਿਸ਼ਲੇਸ਼ਣ ਰਾਹੀਂ ਹੋ ਜਾਂਦੀ ਹੈ।

ਹੱਥਲੀ ਪੁਸਤਕ ਵਿਚ 'ਮਜਬੂਰੀਆਂ' ਕਹਾਣੀ ਮਹੱਤਵਪੂਰਨ ਜਾਪਦੀ ਹੈ। ਇਸਦੇ ਦੋ ਕਾਰਣ ਹਨ। ਪਹਿਲਾ, ਇਸ ਵਿਚ ਪਰਵਾਸੀ ਪੰਜਾਬੀ ਕਹਾਣੀ ਵਿਚ ਪ੍ਰਚਲੱਤ ਔਰਤ ਮਰਦ ਸੰਬੰਧਾਂ ਦੀ ਪੇਸ਼ਕਾਰੀ ਨਾਲੋਂ ਵੱਖਰੀ ਤਰ੍ਹਾਂ ਦੇ ਔਰਤ ਮਰਦ ਦੀ ਪੇਸ਼ਕਾਰੀ ਹੋਈ ਹੈ। ਦੂਸਰਾ ਕਾਰਣ, ਕਹਾਣੀ ਦੀਆਂ ਅਗਾਂਹ ਲਿਖਤ ਸਤਰਾਂ ਵਿਚ ਸਮਾਇਆ ਹੋਇਆ ਹੈ: "ਸਾਡੇ ਘਰਾਂ ਦੇ ਬਹੁਤ ਸਾਰੇ ਰਾਜ਼ ਇਕ ਦੂਜੇ ਨੂੰ ਪਤਾ ਹਨ। ਪਰ ਇਹ ਕਹਾਣੀ ਲਿਖਦਿਆਂ ਮੈਨੂੰ ਇਕ ਹੋਰ ਕਹਾਣੀ ਯਾਦ ਆ ਗਈ ਹੈ।...ਕਿਸੇ ਦਾ ਕਹਿਣਾ ਮੈਨੂੰ ਯਾਦ ਹੈ ਕਿ ਹਰ ਇਨਸਾਨ ਦੀਆਂ ਮੁਸ਼ਕਲਾਂ ਹੁੰਦੀਆਂ ਹਨ। ਚਾਹੇ ਉਹ ਅਮੀਰ ਹੋਵੇ ਚਾਹੇ ਗਰੀਬ, ਵਿਆਹਿਆ ਜਾਂ ਕੰਵਾਰਾ, ਬੁੱਢਾ ਜਾਂ ਜਵਾਨ। ਸਾਰੇ ਇਸ ਮੌਕੇ ਦੀ ਤਾੜ ਵਿਚ ਹੁੰਦੇ ਹਨ ਕਿ ਤੁਹਾਨੂੰ ਆਪਣੇ ਦੁੱਖਾਂ ਦੀ ਕਹਾਣੀ ਸੁਣਾਉਣ।" ਇਹ ਸਤਰਾਂ ਗੌਲਣਯੋਗ ਇਸ ਲਈ ਬਣ ਜਾਂਦੀਆਂ ਹਨ ਕਿ ਹੱਥਲੀ ਸਮੁੱਚੀ ਕਥਾ ਪੁਸਤਕ ਦੀ ਸਿਰਜਣ-ਵਸਤੂ ਇਹਨਾਂ ਸਤਰਾਂ ਵਿਚਲੇ "ਘਰਾਂ ਦੇ ਰਾਜ਼" ਅਤੇ "ਦੁੱਖਾਂ ਦੀ ਕਹਾਣੀ" ਹੀ ਬਣੀ ਹੈ। ਇਹਨਾਂ ਰਾਜ਼ਾਂ ਤੇ ਦੁੱਖਾਂ ਨੂੰ ਪ੍ਰਗਟਾਉਣ ਲਈ ਕਹਾਣੀਕਾਰ ਸਰਲ ਬਿਰਤਾਂਤ ਦਾ ਸਹਾਰਾ ਲੈਂਦਾ ਹੋਇਆ ਆਪ ਇਸ ਵਿਚ ਇਕ ਧਿਰ ਬਣਕੇ ਵਿਚਰਦਾ ਹੈ। ਕਿਉਂਜੁ, ਇਸ ਬਿਰਤਾਂਤ ਵਿਚੋਂ ਘਟਨਾਵਾਂ, ਪਾਤਰ, ਵਾਰਤਾਲਾਪ, ਵਾਤਾਵਰਣ, ਸਥਿਤੀਆਂ ਅਤੇ ਬਿਰਤਾਂਤਕਾਰ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਇਹਨਾਂ ਦੀ ਸਹਿਜ ਲੱਭਤ ਹੀ ਸਰਲ ਬਿਰਤਾਂਤ ਦੀ ਸਿਰਜਣ-ਜੁਗਤ ਨੂੰ ਦਰਸਾਉਂਦੀ ਹੈ।

'ਜੁਗਨੂਆਂ ਦੀ ਦੌੜ' ਦੇ ਸਰਲ ਬਿਰਤਾਂਤ ਦਾ ਉਦੇਸ਼ ਜਿੱਥੇ ਬਿਰਤਾਂਤਕਾਰ ਦੇ ਨਿੱਜੀ ਜੀਵਨ ਦੀਆਂ ਕੁਝ ਕੁ ਮਹੱਤਵਪੂਰਨ ਘਟਨਾਵਾਂ ਦੇ ਯਥਾਰਥ ਨੂੰ ਗਲਪ ਦੀ ਪੱਧਰ ਉੱਤੇ ਦਰਸਾਉਣਾ ਬਣਦਾ ਹੈ ਉੱਥੇ 'ਪਰ' ਯਾਨੀ ਔਰਤ ਤੇ ਮਰਦ ਨੂੰ ਬਦਲੀਆਂ ਦੇਸ਼ ਕਾਲਕ ਪਰਿਸਥਿਤੀਆਂ ਦੇ ਵਿਭਿੰਨ ਪ੍ਰਸੰਗਾਂ 'ਚ ਰੱਖ ਕੇ ਉਭਾਰਨਾ ਵੀ ਬਣਦਾ ਹੈ। ਇਹਨਾਂ ਪ੍ਰਸੰਗਾਂ ਵਿਚ ਪਰਵਾਸ ਧਾਰਨ ਦੀ ਪ੍ਰਕਿਰਿਆ ਤੋਂ ਲੈ ਕੇ ਦੇਸ਼ ਬਦੇਸ਼ ਦੇ ਭਖਦੇ ਮਸਲੇ ਸ਼ਾਮਲ ਹਨ। ਲਗਦੈ, ਕਹਾਣੀਕਾਰ ਇਹਨਾਂ ਮਸਲਿਆਂ ਨਾਲ ਜੁੜੇ ਪ੍ਰਸੰਗਾਂ ਦੀ ਪੁਸ਼ਟੀ ਲਈ ਹੀ ਕਹਾਣੀਆਂ ਦੀ ਸਿਰਜਣਾ ਕਰਦਾ ਹੈ। ਕਹਾਣੀਆਂ 'ਚੋਂ ਹਿੰਦੂ-ਮੁਸਲਮਾਨ-ਸਿੱਖ-ਈਸਾਈ ਵਰਗਾਂ ਨਾਲ ਸੰਬੰਧਤ ਔਰਤ-ਮਰਦ ਪਾਤਰ ਪੱਛਮੀ ਸਭਿਅਤਾ ਦੇ ਉਸਾਰ ਅਤੇ ਏਸ਼ਿਆਈ/ਭਾਰਤੀ/ਇਸਲਾਮੀ ਸਭਿਅਤਾਵਾਂ ਦੇ ਵਿਹਾਰ ਨੂੰ ਅਪਨਾਉਂਦੇ ਹਨ। ਪਾਠਕੀ ਦ੍ਰਿਸ਼ਟੀ ਤੋਂ ਕਈ ਪਾਠਕਾਂ ਨੂੰ ਕੁਝ ਮਰਦ ਪਾਤਰ ਸੁਧਰੇ ਹੋਏ ਜਾਪ ਸਕਦੇ ਹਨ ਜਿਵੇਂ 'ਫ਼ਰਜ਼ਾਂ ਦੀ ਕੁਰਬਾਨਗਾਹ' ਵਿਚਲਾ ਸੁਖਦੇਵ, 'ਨਵਾਂ ਘਰ' ਵਿਚਲਾ ਕਬੀਰ ਅਹਿਮਦ, 'ਚੁੱਪ ਦੀ ਆਵਾਜ਼' ਵਿਚਲਾ ਅਰਵਿੰਦਰ, 'ਜੀਂਦੇ ਮੁਰਦੇ' ਵਿਚਲਾ ਸਿੱਖ ਮੈਂ ਪਾਤਰ, 'ਚਾਲਬਾਜ਼' ਵਿਚਲਾ ਜਗੀਰ ਸਿੰਘ, 'ਤੋਹਫ਼ਾ' ਵਿਚਲਾ ਰਾਮ ਸਿੰਘ। ਇਵੇਂ ਹੀ ਔਰਤ ਪਾਤਰ ਵਿਗੜੇ ਜਾਪ ਸਕਦੇ ਹਨ। ਪਰ ਡੂੰਘਾਈ ਨਾਲ ਘੋਖ ਕੀਤਿਆਂ ਪਤਾ ਚਲਦਾ ਹੈ ਕਿ ਉਹਨਾਂ ਦੇ ਵਿਗਾੜ ਦਾ ਮੂਲ ਕਾਰਣ ਮਰਦ ਪ੍ਰਧਾਨ ਸਮਾਜ ਦੀ ਹਉਂ ਤੇ ਪੱਛਮੀ ਸਭਿਅਤਾ ਦੇ ਸਮਾਜਕ ਆਰਥਿਕ ਹਾਲਾਤ ਹਨ ਜਿਵੇਂ 'ਸ਼ੇਰਨੀ' ਕਹਾਣੀ ਵਿਚਲੀਆਂ ਤਿੰਨ ਔਰਤ ਪਾਤਰਾਂ—ਜੀਤੀ, ਪਾਸ਼ੋ ਤੇ ਦਰਸ਼ੋ ਦੇ ਜੀਵਨ ਨਾਲ ਜੋ ਜੋ ਵੀ ਵਾਪਰਦਾ

ਹੈ, ਉਸ ਵਾਪਰੇ ਦੇ ਆਧਾਰ ਉੱਤੇ ਤਿੰਨਾਂ ਦਾ ਮਰਦਾਵੇਂ ਜੀਵਨ ਪ੍ਰਤੀ ਵਿਅਕਤੀਗਤ ਨਜ਼ਰੀਆ ਬਣ ਜਾਂਦਾ ਹੈ। ਜੀਤੀ ਦੀ ਨਿਗਾਹ 'ਚ ਦੁਨੀਆਂ ਦੇ ਸਾਰੇ ਮਰਦ ਨਫ਼ਰਤ ਦੇ ਪਾਤਰ ਹਨ। ਪਾਸ਼ੋ ਤੇ ਦਰਸ਼ੋ ਦੀ ਨਿਗਾਹ 'ਚ ਦੁਨੀਆਂ ਮਰਦਾਂ ਨਾਲ ਭਰਿਆ ਜੰਗਲ ਹੈ। ਇਸ ਜੰਗਲ ਵਿਚ ਉਹ ਲੁਕ ਕੇ ਨਹੀਂ ਸਗੋਂ ਸ਼ੇਰਨੀ ਵਾਂਗ ਟਪੂਸੀਆਂ ਮਾਰ ਮਾਰ ਕੇ ਆਪਣੇ ਪੰਜਿਆਂ ਦੀ ਜਕੜ ਨਾਲ ਮਰਦ ਦੀ ਹਉਂ ਨੂੰ ਜਕੜਣ ਦੇ ਸਮਰੱਥ ਬਣ ਸਕਦੀਆਂ ਹਨ। ਉਹ ਨਹੀਂ ਚਾਹੁੰਦੀਆਂ ਕਿ ਉਹ ਉਸ ਸ਼ੇਰਨੀ ਵਰਗੀਆਂ ਹੋਣ ਜਿਸਦੇ ਨਹੁੰ ਘਸੇ ਤੇ ਦੰਦ ਭੁਰੇ ਹੋਣ। ਕਹਾਣੀ 'ਖ਼ੁਦਕੁਸ਼ੀ ਤੋਂ ਪਿੱਛੋਂ' ਵਿਚ ਰਣਜੀਤ ਨਾਮੀਂ ਮਰਦ ਪਾਤਰ ਨੂੰ ਚਿੰਤੀ ਦੇ ਨਹੁੰ ਘਸੇ ਤੇ ਦੰਦ ਭੁਰੇ ਜਾਪਦੇ ਹਨ। ਉਹਦੇ ਨਹੁੰਆਂ ਨੂੰ ਘਸਾਉਣ ਤੇ ਦੰਦਾਂ ਨੂੰ ਭੁਰਾਉਣ ਦਾ ਕਾਰਜ ਪੰਜਾਬੀ ਸਮਾਜ ਦਾ ਜਾਤੀ ਤੇ ਜਮਾਤੀ ਪ੍ਰਬੰਧ ਕਰਦਾ ਹੈ। ਉਵੇਂ ਹੀ 'ਗ਼ਜ਼ਲ ਦੀ ਤਲਾਸ਼' ਵਿਚਲੇ ਦੇਸ ਰਾਜ ਨੂੰ ਰੰਡੀਆਂ ਦੇ ਅੱਡੇ ਵਿਚ ਨੱਚਣ ਗਾਉਣ ਦਾ ਧੰਦਾ ਕਰਦੀਆਂ ਔਰਤਾਂ ਦੀ ਅਜਿਹੀ ਸਥਿਤੀ ਦਾ ਕਾਰਣ ਉਹਨਾਂ ਦੀ ਆਰਥਿਕ ਮੰਦਹਾਲੀ ਜਾਪਦਾ ਹੈ।

'ਬਦਮਾਸ਼ ਔਰਤ' ਵਿਚਲੀ ਲੱਖਾਂਪਤੀ ਬਾਪ ਦੀ ਧੀ, ਸੀਤਾ, ਦੀਆਂ ਸਿਸਕੀਆਂ ਤੇ ਹੌਂਕਣ ਦਾ ਕਾਰਣ ਮਰਦ ਦਾ ਮਰਦਾਊਪੁਣਾ ਬਣਦਾ ਹੈ। ਮਰਦ ਦਾ ਇਹ ਮਰਦਾਊਪੁਣਾ ਪਿਉ ਦੇ ਰੂਪ ਵਿਚ ਉਸਦੀ ਪੱਗ ਰੁਲਣ ਅਤੇ ਪਤੀ ਦੇ ਰੂਪ ਵਿਚ ਉਸ ਦੀਆਂ ਚਪੇੜਾਂ, ਮੁੱਕੇ, ਜੁੱਤੀਆਂ ਤੇ ਤਲਾਕ ਦੇ ਡਰਾਵਿਆਂ ਵਿਚ ਨਿਸਚਤ ਹੁੰਦਾ ਹੈ। ਮਰਦ ਦੇ ਪਿਤਾ ਤੇ ਪਤੀ ਵਾਲੇ ਰੂਪਾਂ ਦੀ ਸਤਾਈ ਔਰਤ ਨੂੰ ਸੀਤਾ ਵਾਂਗ ਉਸਦੇ ਪਤੀ ਮੁਤਾਬਕ ਬਦਮਾਸ਼ ਔਰਤ ਵੀ ਬਣਨਾ ਪੈ ਜਾਂਦਾ ਹੈ, ਜਿਹੜੀ ਕਿੰਨੇ ਯਾਰ ਹੰਢਾਉਂਦੀ ਹੈ ਅਤੇ ਕਿਸੇ ਨਾਲ ਵੀ ਤੁਰ ਪੈਣ ਦੀ ਸ਼ਕਤੀ ਰੱਖਦੀ ਹੈ। ਅਜਿਹੀ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਉਸਨੂੰ 'ਆਪਣੇ ਆਪਣੇ ਪਿੰਜਰੇ' ਵਾਲੀ ਅਜੀਤ ਕੌਰ ਵਾਂਗ ਆਪਣੇ ਹੀ ਪਤੀ ਹੱਥੋਂ ਕਤਲ ਵੀ ਹੋਣਾ ਪੈ ਜਾਂਦਾ ਹੈ।

ਮਰਦ ਔਰਤ ਦੇ ਰਿਸ਼ਤੇ ਦੇ ਇਹਨਾਂ ਕੋਹਜੇ ਰੂਪਾਂ ਦੇ ਨਾਲ ਨਾਲ ਮੁਸ਼ਤਾਕ ਨੇ ਸੁਹਜੀਲੇ ਰੂਪਾਂ ਦੀ ਸਿਰਜਣਾ ਵੀ ਕੀਤੀ ਹੈ, ਜਿਵੇਂ 'ਫ਼ਰਜ਼ਾਂ ਦੀ ਕੁਰਬਾਨਗਾਹ' ਵਿਚ ਸੁਖਦੇਵ ਤੇ ਬਲਜੀਤ ਦੇ ਪਿਆਰ ਦੀ। ਉਹਨਾਂ ਦਾ ਪਿਆਰ 'ਪਿਆਰ ਕਬਜ਼ਾ ਨਹੀਂ, ਪਹਿਚਾਣ' ਦੀ ਧਾਰਨਾ ਦਾ ਲਖਾਇਕ ਹੈ। ਇਵੇਂ ਹੀ 'ਚੁੱਪ ਦੀ ਆਵਾਜ਼' ਵਿਚਲੀਆਂ ਦੋ ਸਕੀਆਂ ਭੈਣਾਂ, ਸਤਵੰਤ ਕੌਰ ਤੇ ਮਨਦੀਪ ਅਤੇ ਮਰਦ ਪਾਤਰ, ਅਰਵਿੰਦਰ, ਦਾ ਇਕਪਾਸੜ ਤਿਕੋਨਾ ਪਿਆਰ ਵੀ ਇਸੇ ਧਾਰਨਾ ਉੱਤੇ ਪੂਰਾ ਉਤਰਦਾ ਹੈ। ਪਤੀ ਪਤਨੀ ਦੇ ਸਦਾਚਾਰਕ ਪ੍ਰੇਮ-ਸੰਬੰਧਾਂ ਦੀ ਸੋਹਣੀ ਪੇਸ਼ਕਾਰੀ 'ਤੋਹਫ਼ਾ' ਕਹਾਣੀ ਵਿਚ ਮਿਲਦੀ ਹੈ। ਇਹ ਪੇਸ਼ਕਾਰੀ ਦੱਸਦੀ ਹੈ ਕਿ ਪਤੀ ਤੇ ਪਤਨੀ ਦੇ ਦਿਲਾਂ ਵਿਚਕਾਰ ਨਾ ਕੋਈ ਗ਼ੈਰ ਜ਼ਨਾਨੀ ਤੇ ਨਾ ਕੋਈ ਗ਼ੈਰ ਮਰਦ ਕੰਧ ਬਣਕੇ ਖੜ੍ਹ ਸਕਦਾ ਹੈ। ਅਜਿਹੇ ਪਤੀ ਤੇ ਪਤਨੀ ਆਪਣੇ ਦਿਲ ਦੀ ਧੁਰ ਨੁੱਕਰ ਵਿਚ ਪਿਆਰ ਨੂੰ ਇਨਸਾਨੀਅਤ ਬਣਾ ਕੇ ਪੂਜਦੇ ਹਨ, ਹੈਵਾਨੀਅਤ ਬਣਾ ਕੇ ਢਾਹੁੰਦੇ ਨਹੀਂ।

ਮੁਸ਼ਤਾਕ ਦੀਆਂ ਕਹਾਣੀਆਂ ਵਿਚ ਇਹਨਾਂ ਦੋਹਾਂ ਰੂਪਾਂ ਦਾ ਸਾਕਾਰਾਤਮਕ ਤੇ ਨਾਕਾਰਾਤਮਕ ਵਰਣਨ ਕੀਤਾ ਮਿਲਦਾ ਹੈ। ਇਸ ਵਰਣਨ ਦੀ ਤਹਿ ਹੇਠ ਇੰਗਲੈਂਡ ਦਾ ਪੂੰਜੀਵਾਦੀ ਪ੍ਰਬੰਧ ਕਾਰਜਸ਼ੀਲ ਹੈ, ਜਿਸਨੂੰ ਮਜਬੂਰੀ ਵੱਸ ਜਾਂ ਸ਼ੌਕੀਆਂ ਤੌਰ 'ਤੇ ਭੋਗਣ ਤੇ ਮਾਨਣ ਦੀ ਪਦਾਰਥਕ ਲਾਲਸਾ ਨੇ ਏਸ਼ਿਆਈ ਮੁਲਕਾਂ ਦੇ ਲੋਕਾਂ ਨੂੰ ਅਜਿਹੇ ਪ੍ਰਬੰਧ ਵਿਚ ਲਿਜਾ ਸੁੱਟਿਆ. ਜਿਹਨਾਂ ਦੇ ਜੀਵਨ-ਬਿਰਤਾਂਤ ਨੂੰ ਦਿਖਾਉਣ ਲਈ ਮੁਸ਼ਤਾਕ ਨੇ ਨਮੂਨੇ ਦੇ ਪਾਤਰਾਂ ਦੀ ਸਿਰਜਣਾ ਕੀਤੀ ਹੈ। 'ਅੱਠਵਾਂ ਸ਼ਿਕਾਰ' ਦਾ ਮਿਸਟਰ ਖਾਨ ਇਸ ਤਰ੍ਹਾਂ ਦੇ ਨਮੂਨੇ ਦਾ ਪਾਤਰ ਹੈ। ਮਿਸਟਰ ਖਾਨ ਹੀ ਕਿਉਂ, ਇਸ ਕਹਾਣੀ ਵਿਚ 'ਸਿੰਘ' ਪਾਤਰ, 'ਜੁਗਨੂਆਂ ਦੀ ਦੌੜ' ਵਿਚਲਾ ਰਾਮ ਸਿੰਘ ਵੀ ਇਸੇ ਸ਼੍ਰੇਣੀ ਦੇ ਪਾਤਰ ਹਨ। ਪਾਤਰਾਂ ਦੀ ਇਹ ਐਸੀ ਸ਼੍ਰੇਣੀ ਹੈ ਜਿਹਨੂੰ ਪੂੰਜੀਵਾਦੀ ਪ੍ਰਬੰਧ ਵਿਚ ਨਸਲੀ ਵਿਤਕਰੇ ਦਾ ਸ਼ਿਕਾਰ ਹੋ ਕੇ 'ਕਾਲੇ



ਹਰਾਮੀਆਂ' ਦੀ ਗਾਲ੍ਹ ਸੁਣਨੀ ਪੈਂਦੀ ਹੈ, ਫੈਕਟਰੀ ਦੇ ਮਾਲਕਾਂ ਲਈ ਆਪਣੇ ਹੱਥਾਂ ਦੀਆਂ ਤਲੀਆਂ 'ਚੋਂ ਮੁੜ੍ਹਕਾ ਚੁਆਉਣਾ ਪੈਂਦਾ ਹੈ, ਕਾਲੇ ਤੇਲ-ਗਰੀਸ ਅਤੇ ਮੈਲ ਨਾਲ ਆਪਣਾ ਜਿਸਮਾਨੀ ਹੁਲੀਆ ਬਦਲਣਾ ਪੈਂਦਾ ਹੈ, ਬਦਨਾਮ ਹੋਟਲਾਂ ਵਿਚ ਭਾਂਡੇ ਮਾਂਜਣੇ ਪੈਂਦੇ ਹਨ, ਜੇਲ੍ਹ ਦੀ ਕੋਠੜੀ ਵਰਗੇ ਕਿਰਾਏ ਦੇ ਕਮਰਿਆਂ ਵਿਚ ਰਹਿਣਾ ਪੈਂਦਾ ਹੈ, ਗੰਦਗੀ ਸਾਫ਼ ਕਰਨ ਤੇ ਲੱਕੜਾਂ ਪਾੜਨ ਦਾ ਕੰਮ ਕਰਨਾ ਪੈਂਦਾ ਹੈ ਅਤੇ ਫੈਕਟਰੀਆਂ ਵਿਚ ਕਾਮੇ ਬਣਨਾ ਪੈਂਦਾ ਹੈ। ਆਪਣਿਆਂ ਵਿਚ ਰਹਿ ਕੇ ਬੇਗਾਨੇਪਣ ਦੇ ਅਹਿਸਾਸ ਨਾਲ ਜਿਊਣਾ ਪੈਂਦਾ ਹੈ, ਦੇਸੀ ਖਾਣਾ ਨਾ ਮਿਲਣ ਦੀ ਸੂਰਤ ਵਿਚ ਡਬਲ ਰੋਟੀ ਬੀਨਜ਼ ਤੇ ਅੰਡੇ ਖਾ ਕੇ ਗੁਜ਼ਾਰਾ ਕਰਨਾ ਪੈਂਦਾ ਹੈ, ਕੰਮ ਨਾ ਮਿਲਣ ਦੀ ਸੂਰਤ ਵਿਚ ਸੋਸ਼ਲ ਸਕਿਓਰਟੀ ਦੇ ਦਫ਼ਤਰ ਵਿਚ ਜਾ ਕੇ ਬੇਕਾਰੀ ਭੱਤੇ ਦੀ ਰਕਮ ਨਾਲ ਆਪਣੇ ਘਰ ਦਾ ਗੁਜ਼ਾਰਾ ਚਲਾ ਕੇ ਨਿਕੰਮਾ ਪਿਤਾ ਤੇ ਨਾਕਾਮ ਪਤੀ ਦਾ ਇਲਜ਼ਾਮ ਸਹਿਣਾ ਪੈਂਦਾ ਹੈ। ਏਥੋਂ ਤਕ ਕਿ ਪਰਵਾਸੀ ਵਿਅਕਤੀ ਨੂੰ ਕੰਮ ਦੇ ਕੋਹਲੂ ਦਾ ਬੈਲ ਬਣਨਾ ਪੈਂਦਾ ਹੈ, ਜਿਸ ਬਦਲੇ ਉਸਨੂੰ ਫ਼ਰਜ਼ਾਂ ਦੀ ਬਲੀ ਵੀ ਮਜਬੂਰਨ ਦੇਣੀ ਪੈਂਦੀ ਹੈ।

ਮੁਸ਼ਤਾਕ ਦੀ ਕਹਾਣੀ ਕਲਾ ਸਾਮਰਾਜੀ ਸ਼ਕਤੀ ਦੀ ਕਰੂਰਤਾ ਨੂੰ ਏਸ਼ਿਆਈ ਪਰਵਾਸੀ ਵਿਅਕਤੀਆਂ ਦੇ ਜੀਵਨ ਸੰਦਰਭਾਂ ਰਾਹੀਂ ਦਿਖਾਉਣ ਦਾ ਜਤਨ ਕਰਦੀ ਹੈ। ਨਿਰਾ ਜਤਨ ਹੀ ਨਹੀਂ ਸਗੋਂ ਇਸਦੇ ਖ਼ਿਲਾਫ਼ ਜਾਣ ਦੀਆਂ ਕੁਝ ਅੰਤਰ ਦ੍ਰਿਸ਼ਟੀਆਂ ਵੀ ਪ੍ਰਦਾਨ ਕਰਦੀ ਹੈ। ਪਹਿਲੀ ਅੰਤਰ ਦ੍ਰਿਸ਼ਟੀ 'ਨਵਾਂ ਘਰ' ਕਹਾਣੀ ਵਿਚ ਮੁਸਲਮ ਪਾਤਰ, ਸ਼ਹੀਨ, ਦੀ ਸੋਚ ਵਿਚ ਕਾਰਜਸ਼ੀਲ ਹੈ। ਉਹ ਸਮਝਦੀ ਹੈ ਕਿ ਇੰਗਲੈਂਡ ਵਿਚ ਜੰਮਿਆ ਪਲਿਆ ਉਸਦਾ ਪੁੱਤਰ ਤੇ ਨੂੰਹ ਆਪਣੇ ਜੀਵਨ ਨੂੰ ਜਿਊਣ ਦਾ ਰਾਹ ਕੁਰਾਨ ਸ਼ਰੀਫ਼ 'ਚੋਂ ਲੱਭਣ। ਪਰ ਅਜਿਹਾ ਹੁੰਦਾ ਨਹੀਂ। ਦੂਸਰੀ, 'ਫ਼ਰਜ਼ਾਂ ਦੀ ਕੁਰਬਾਨਗਾਹ' ਵਿਚ ਸਮਾਈ ਹੈ, ਜੋ ਇਸਦੇ ਮੁੱਖ ਪਾਤਰ, ਸੁਖਦੇਵ, ਦੇ ਅਗਾਂਹ ਲਿਖਤ ਬੋਲਾਂ 'ਚੋਂ ਸਾਕਾਰ ਹੁੰਦੀ ਹੈ: "ਹੁਣ ਮੈਂ ਫ਼ਰਜ਼ਾਂ ਦੀ ਕੁਰਬਾਨਗਾਹ ਢਾਹ ਦਿੱਤੀ ਹੈ। ਹੋਰ ਨਹੀਂ ਆਪਣੇ ਅਰਮਾਨਾਂ ਦਾ ਚੜ੍ਹਾਵਾ ਚਾੜ੍ਹਨਾ। ਬਹੁਤ ਖ਼ੂਨ ਚੂਸ ਲਿਆ ਮੇਰਾ ਦੁਨੀਆਂ ਨੇ।" ਪਰ ਕਹਾਣੀ ਦੇ ਅੰਤ ਵਿਚ ਸੁਖਦੇਵ ਦਾ ਵਿਹਾਰ ਆਪਣੀ ਇਸ ਧਾਰਨਾ ਦੇ ਉਲਟ ਖੜ੍ਹਾ ਦਿਖਾਈ ਦਿੰਦਾ ਹੈ। ਤੀਸਰੀ ਅੰਤਰ ਦ੍ਰਿਸ਼ਟੀ, 'ਇਕ ਸ਼ਾਮ ਦਾ ਗੀਤ' ਵਿਚ ਸੰਕੇਤ-ਮਾਤਰ ਪ੍ਰੋਫ਼ੈਸਰ ਸਮਿੱਥ ਦੇ ਹਾਦਸੇ ਵਾਲੀ ਘਟਨਾ ਵਿਚੋਂ ਉਘੜਦੀ ਹੈ, ਜਿਹੜੀ ਸਾਮਰਾਜੀ ਤਾਕਤਾਂ ਦਾ ਟਾਕਰਾ ਸਮਾਜਵਾਦੀ ਤਾਕਤਾਂ ਖਾਸਕਰ ਕਮਿਊਨਿਸਟ ਸੋਚ ਨਾਲ ਕਰਨ ਵੱਲ ਇਸ਼ਾਰਾ ਕਰਦੀ ਹੈ, ਅਤੇ ਇਸ ਸੋਚ ਤਹਿਤ ਅੰਤਰਰਾਸ਼ਟਰੀ ਰਾਜਨੀਤੀ ਨੂੰ ਵੇਖਣ ਪਰਖਣ ਦਾ ਲੁਪਤ ਸੁਝਾਉ ਵੀ ਦਿੰਦੀ ਹੈ। ਏਸ਼ਿਆਈ ਖਾਸਕਰ ਭਾਰਤੀ ਤੇ ਪਾਕਿਸਤਾਨੀ ਦੇਸ਼ਾਂ ਦੇ ਸਭਿਆਚਾਰਕ ਸੰਦਰਭਾਂ ਵਾਲੇ ਨਾਰੀ ਦੇ ਸੰਘਰਸ਼ ਤੇ ਚੇਤਨਾ, ਸੰਵੇਦਨਾ ਤੇ ਆਕਾਂਖਿਆ ਵਾਲੀ ਧੁਨੀ ਦੇ ਰੂਪ ਵਿਚ ਵਿਦਮਾਨ ਹੈ, ਜਿਹੜੀ ਮੁਸ਼ਤਾਕ ਦੀ ਲਗਪਗ ਹਰ ਕਹਾਣੀ ਵਿਚ ਭਾਵੁਕ ਰਸ ਤੇ ਸਮਾਜਕ ਰੰਗ ਭਰਦੀ ਹੈ।

[ਚੰਦਰ ਮੋਹਨ]

## ਲਾਵਾਰਸ [ਸ਼ਿਵਚਰਨ ਸਿੰਘ ਗਿੱਲ]

ਪਰਵਾਸੀ ਪੰਜਾਬੀ ਕਹਾਣੀ ਵਿਚ ਆਪਣੀ ਗੌਲਣਯੋਗ ਥਾਂ ਬਣਾ ਚੁੱਕਾ ਗਲਪਕਾਰ, ਸ਼ਿਵਚਰਨ ਸਿੰਘ ਗਿੱਲ, ਨਾਵਲੀ ਪਿੜ ਵਿਚ ਆਪਣੀ ਰਚਨਾ 'ਮੋਹਜਾਲ' ਰਾਹੀਂ ਪ੍ਰਵੇਸ਼ ਕਰ ਚੁੱਕਾ ਹੈ। ਹੱਥਲਾ ਨਾਵਲ 'ਲਾਵਾਰਸ' (ਪੰਨੇ 333, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਉਸਦਾ ਦੂਜਾ ਨਾਵਲ ਹੈ। ਇਹ ਨਾਵਲ ਆਰਥਿਕ ਮੰਦਹਾਲੀ ਕਾਰਨ ਪਰਵਾਸ ਕਰਦੇ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਦੀ ਜੀਵਨ-ਗਾਥਾ ਦਾ ਚਿਤਰਨ ਹੈ, ਜੋ ਕਿ ਏਜੰਟਾਂ ਰਾਹੀਂ ਵੱਖ-ਵੱਖ ਦੇਸ਼ਾਂ ਵਿਚੋਂ ਹੁੰਦੇ ਹੋਏ, ਕਈ ਤਰ੍ਹਾਂ ਦੀਆਂ ਔਕੜਾਂ ਝਾਗਦੇ, ਵਲੈਤ ਦੀ ਧਰਤੀ ਉੱਤੇ ਪੈਰ ਪਾਉਂਦੇ ਹਨ, ਅਤੇ ਹੱਡ-ਭੰਨਵੀਂ

ਮਿਹਨਤ ਨਾਲ ਆਪਣੇ ਪਰਵਾਸੀ ਜੀਵਨ ਦਾ ਆਗਾਜ਼ ਕਰਦੇ ਹਨ।

ਪਹਿਲੀ ਪੀੜ੍ਹੀ ਦੇ ਪਰਵਾਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਇਸ ਨਾਵਲ ਦੇ ਪਾਤਰ ਨਾਜਰ ਅਤੇ ਗੁਲਜ਼ਾਰ ਪਾਕਿਸਤਾਨੀ ਨਾਵਾਂ ਹੇਠ ਬਣੇ ਪਾਸਪੋਰਟਾਂ ਰਾਹੀਂ ਵਲਾਇਤ ਦਾਖ਼ਲ ਹੁੰਦੇ ਹਨ। ਪਿੱਛੇ ਪੌਂਡ ਭੇਜਕੇ ਕਰਜ਼ਾ ਲਾਹੁਣ ਦੀ ਜ਼ਿੰਮੇਵਾਰੀ ਉਹਨਾਂ ਦੇ ਸਿਰ ਹੈ। ਇਸ ਲਈ ਉਹ ਆਪ ਤੰਗੀਆਂ ਤੁਰਸ਼ੀਆਂ ਕੱਟਣ ਲਈ ਮਜਬੂਰ ਹਨ। ਪਹਿਲੀ ਪੀੜ੍ਹੀ ਦੇ ਇਹਨਾਂ ਪਰਵਾਸੀਆਂ ਅੰਦਰ ਮਸ਼ੀਨੀ ਯੁਗ ਵਾਲੀ ਕੋਈ ਚੁਸਤੀ ਚਲਾਕੀ ਨਹੀਂ, ਮਾਨਵਵਾਦੀ ਦ੍ਰਿਸ਼ਟੀਕੋਣ ਕਾਰਨ ਉਹ ਯਾਰਾਂ ਦੇ ਯਾਰ ਹਨ। ਆਪਣੀਆਂ ਲੋੜਾਂ ਕਾਰਨ ਪਰਦੇਸ ਵਿਚ ਇਹ ਏਨਾ ਉਲਝਕੇ ਰਹਿ ਜਾਂਦੇ ਹਨ ਕਿ ਖਰਚ ਦੇ ਡਰੋਂ ਪਿੱਛੇ ਫੇਰੀ ਨਹੀਂ ਪਾਉਂਦੇ ਅਤੇ ਜਿਉਂਦੇ ਮਾਂ-ਬਾਪ ਦਾ ਮੂੰਹ ਤਕ ਨਹੀਂ ਦੇਖ ਸਕਦੇ। ਉਹਨਾਂ ਦੇ ਮਰਿਆਂ ਤੋਂ ਪਿੱਛੋਂ ਲੋਕ-ਲਾਜ ਕਾਰਨ ਜ਼ਰੂਰ ਪਹੁੰਚਦੇ ਹਨ। ਗੁਲਜ਼ਾਰ ਤਾਂ ਗੋਰੀ ਕ੍ਰਿਸ ਨਾਲ ਵਿਆਹ ਕਰਵਾਕੇ ਸੈਟਲ ਹੋ ਜਾਂਦਾ ਹੈ, ਐਪਰ ਨਾਜਰ ਆਪਣੇ ਸਾਥੀ ਸੁੱਚਾ ਸਿੰਘ ਦੇ ਘਰ ਕਿਰਾਏ ਉੱਤੇ ਰਹਿੰਦਾ ਹੋਇਆ, ਉਸਦੀ ਬੀਵੀ ਪ੍ਰੀਤਮ ਕੌਰ, ਜੋ ਕਿ ਅਣਜੋੜ ਵਿਆਹ ਦਾ ਸ਼ਿਕਾਰ ਸੀ, ਨਾਲ ਸੰਬੰਧ ਬਣਾ ਲੈਂਦਾ ਹੈ। ਸੁੱਚੇ ਦੀ ਮੌਤ ਉਪਰੰਤ ਵੀ, ਉਹ ਬਿਨਾਂ ਵਿਆਹ ਕਰਵਾਏ, ਇਸੇ ਤਰ੍ਹਾਂ ਇਕੱਠੇ ਰਹਿਣ ਨੂੰ ਹੀ ਤਰਜੀਹ ਦਿੰਦੇ ਹਨ।

ਭਾਰਤੀ ਸਭਿਆਚਾਰ ਅਨੁਸਾਰ ਪਤੀ ਦੀ ਮੌਤ ਮਗਰੋਂ ਉਸਦੇ ਭਰਾ ਨਾਲ ਰਹਿਣ ਦੀ ਪਰੰਪਰਾ ਦਾ ਬਦੇਸ਼ ਵਿਚ ਵਿਚਰਦੀ ਪ੍ਰੀਤਮ ਕੌਰ ਵਿਰੋਧ ਕਰਦੀ ਹੈ। ਆਪਣੀ ਸੱਸ ਦੇ ਅਜਿਹੇ ਵਿਚਾਰਾਂ ਨੂੰ ਨਕਾਰਦੀ ਉਹ ਕਹਿੰਦੀ ਹੈ: "ਬੇਬੇ ਜੀ, ਗੁੱਸਾ ਨਾ ਕਰਿਓ, ਮੈਂ ਬੁੱਢੇ ਹੱਡ ਹੰਢਾ ਕੇ ਦੇਖ ਲਏ ਨੇ...ਮੈਨੂੰ ਇਹਨਾਂ ਦੇ ਤੱਤ ਦਾ ਪਤਾ, ਪਰ ਹੁਣ ਤੁਸੀਂ ਸੁੱਚਾ ਸਿੰਘ ਨਾਲੋਂ ਵੀ ਚਾਰ ਪੰਜ ਸਾਲ ਵੱਡਾ ਬੰਦਾ ਮੇਰੇ ਗਲ਼ ਮੜ੍ਹਨ ਨੂੰ ਫਿਰਦੇ ਹੋ...ਰੱਬ ਦੇ ਵਾਸਤੇ ਮੇਰੀ ਜੂਨ ਖ਼ਰਾਬ ਨਾ ਕਰੋ।"

ਅਣਜੋੜ ਸੰਬੰਧ ਤੋਂ ਅੱਕੀ ਹੋਈ ਪਹਿਲਾਂ ਹੀ ਨਾਜਰ ਨਾਲ ਵਿਆਹ-ਬਾਹਰੇ ਸੰਬੰਧ ਬਣਾਈ ਬੈਠੀ ਪ੍ਰੀਤਮ ਕੌਰ ਹੁਣ ਵਿਆਹ ਕਰਾਉਣ ਨਾਲੋਂ ਸਿਰਫ਼ ਇਕੱਠੇ ਰਹਿਣ ਨੂੰ ਹੀ ਤਰਜੀਹ ਦਿੰਦੀ ਹੈ। ਵਿਆਹ ਉਸ ਲਈ ਘਾਟੇ ਵਾਲਾ ਸੌਦਾ ਹੈ, ਇਸੇ ਕਰਕੇ ਉਹ ਨਾਜਰ ਨੂੰ ਕਹਿੰਦੀ ਹੈ। "...ਆਦਮੀ ਤੀਵੀਂ ਮਾਂਙੂੰ ਆਪਾਂ ਰਹੀ ਤਾਂ ਜਾਨੇ ਆਂ, ਵਿਆਹ ਕਰਵਾਕੇ ਤੂੰ ਜ਼ਰੂਰ ਮੈਨੂੰ ਘਾਟਾ ਪਾਉਣਾ...ਜਦੋਂ ਮੈਂ ਵਿਆਹ ਰਜਿਸਟਰ ਕਰਵਾ ਲਿਆ ਤਾਂ ਮੇਰੀ ਵਿਧਵਾ ਪੈਨਸ਼ਨ ਉਦੋਂ ਬੰਦ ਹੋ ਜਾਣੀ ਆ...ਤੇਰੇ 'ਕੱਲੇ ਦੀ ਤਨਖ਼ਾਹ ਨੇ ਘਰ ਦਾ ਖਰਚ ਨਹੀਂ ਚੁੱਕਣਾ...ਤੂੰ ਵਿਆਹ ਨੂੰ ਰਹਿਣ ਦੇ...ਏਵੇਂ ਜਿਮੇਂ ਚੱਲਣ ਦੇ ਕੰਮ...ਆਪਣਾ ਦੁਬਿੱਡਾ ਜੁੜਿਆ ਹੋਇਆ, ਜੁੜਿਆ ਰਹਿਣ ਦੇ।" ਆਪਣੇ ਹੀ ਤਰਕ ਤੇ ਹਿਤ ਦੇ ਪੱਖ ਤੋਂ ਨਾਜ਼ਰ ਸਿੰਘ ਵੀ ਪ੍ਰੀਤਮ ਕੌਰ ਦੀ ਇਸ ਧਾਰਨਾ ਨਾਲ ਸਹਿਮਤ ਹੈ। ਉਸਦਾ ਮੰਨਣਾ ਹੈ ਕਿ ਵਿਆਹ ਦਾ ਪੰਗਾ ਕਿਉਂ ਲੈਣਾ ? ਕੱਲ੍ਹ ਨੂੰ ਜੇ ਤਿੜ ਫਿੜ ਕਰੇ, ਉਹ ਟਪੂਸੀ ਮਾਰਕੇ ਔਹ ਜਾਵੇਗਾ ...ਵਿਆਹ ਦੇ ਸੌ ਝੰਜਟ...ਵਕੀਲ ਕਰੋ...ਤਲਾਕ ਲਵੋ...ਖਰਚਾ ਦੇਵੋ...ਇਸ ਲਈ ਉਹ ਵੀ ਢਕੀ ਰਿੱਝਣ ਦੇ ਹੱਕ ਵਿਚ ਹੈ। ਇੰਝ ਪਦਾਰਥਵਾਦੀ ਸੋਚ ਨੂੰ ਪਰਨਾਏ ਹੋਏ ਬਦੇਸ਼ੀ ਰਹਿਤਲ ਵਿਚ ਵਿਚਰਦੇ ਪ੍ਰੀਤਮ ਕੌਰ ਤੇ ਨਾਜਰ ਸਿੰਘ ਵਿਆਹ-ਸੰਸਥਾ ਨੂੰ ਤਿਲਾਂਜਲੀ ਦੇ ਕੇ ਇਕੱਠੇ ਰਹੀ ਜਾਂਦੇ ਹਨ। ਐਪਰ ਇਹਨਾਂ ਦੀ ਔਲਾਦ ਜਦ ਉਡਾਰੂ ਹੁੰਦੀ ਹੈ ਤਾਂ ਉਹਨਾਂ ਦੇ ਬੱਚਿਆਂ ਨੂੰ ਇਹ ਸੰਬੰਧ ਅੱਖੜਦੇ ਹਨ। ਪ੍ਰੀਤਮ ਕੌਰ ਦੇ ਦੋਵੇਂ ਪੁੱਤ ਸੁੱਚੇ ਵਾਂਗ ਨਾਜਰ ਨੂੰ ਬਾਪ ਨਹੀਂ ਸਮਝਦੇ ਅਤੇ ਉਸਨੂੰ ਘਰੋਂ ਨਿਕਲਣ ਨੂੰ ਕਹਿੰਦੇ ਹਨ। ਇੰਝ ਅੰਤ ਉੱਤੇ ਨਾਜਰ ਸਿੰਘ, ਜੋ ਬਿਗਾਨਿਆਂ ਦੀ ਖਾਤਰ ਮਿਹਨਤ ਕਰਦਾ ਰਿਹਾ, ਆਪਣੇ ਆਪ ਨੂੰ ਲਾਵਾਰਸ ਸਮਝਦਾ ਹੈ ਅਤੇ ਆਖਦਾ ਹੈ ਕਿ 'ਇਹ ਸਾਰਾ ਜਗ ਗਰਜ਼ਾਂ ਨਾਲ ਬੱਝਿਆ ਹੋਇਆ-ਕੋਈ ਕਿਸੇ ਦੀ ਧੀ ਨੀ, ਪੁੱਤ ਨੀ, ਭੈਣ ਭਰਾ ਨੀ।' ਆਪਣੇ ਵਿਹਾਰ ਵਿਚ ਤਾਂ ਪ੍ਰੀਤਮ ਕੌਰ ਤੇ ਨਾਜਰ ਸਿੰਘ ਵੀ ਪਦਾਰਥਵਾਦੀ ਹੀ ਰਹੇ ਹਨ, ਪਰ ਪਰਵਾਸੀਆਂ ਦੀ ਅਗਲੀ ਪੀੜ੍ਹੀ ਤਾਂ ਮੂਲੋਂ ਹੀ ਪੈਸੇ ਦੀ ਪੀਰ ਹੈ। ਪ੍ਰੀਤਮ ਕੌਰ ਦਾ ਪੁੱਤਰ ਭਾਵੇਂ ਨਾਜਰ ਨੂੰ ਪਿਉ ਵਜੋਂ ਲੋੜੀਂਦਾ ਸਤਿਕਾਰ



ਨਹੀਂ ਦਿੰਦਾ ਪਰ ਉਹ ਨਾਜਰ ਨੂੰ ਵੱਡੀ ਗੱਡੀ ਲੈ ਕੇ ਦੇਣ ਨੂੰ ਕਹਿੰਦਾ ਹੈ। ਜੇ ਨਾਜਰ ਉਸਦੀ ਮੰਗ ਪੂਰੀ ਨਹੀਂ ਕਰਦਾ ਤਾਂ ਉਸਨੂੰ ਘਰੋਂ ਨਿਕਲ ਜਾਣ ਦੀ ਧਮਕੀ ਦਿੱਤੀ ਜਾਂਦੀ ਹੈ। ਆਪਣੀ ਪਦਾਰਥਵਾਦੀ ਬਿਰਤੀ ਕਾਰਨ ਨਾਜਰ ਵੀ ਝੁਕਣ ਲਈ ਤਿਆਰ ਨਹੀਂ। ਉਹ ਵੀ ਖ਼ੂਨ ਦੇ ਰਿਸ਼ਤੇ ਨੂੰ ਤਰਜੀਹ ਦਿੰਦਾ ਹੋਇਆ ਕੈਨੇਡਾ ਆਪਣੇ ਭਤੀਜਿਆਂ ਕੋਲ ਜਾ ਪਹੁੰਚਦਾ ਹੈ।

ਨਾਜਰ ਦਾ ਸਾਥੀ ਗੁਲਜ਼ਾਰ ਆਪਣੀਆਂ ਧੀਆਂ ਦੇ ਵਤੀਰੇ ਤੋਂ ਦੁਖੀ ਹੈ ਜੋ ਕਿ ਆਪਣੀ ਮਰਜ਼ੀ ਨਾਲ ਵਿਆਹ ਕਰਾਉਣਾ ਚਾਹੁੰਦੀਆਂ ਹਨ। ਗੁਲਜ਼ਾਰ ਦੀ ਆਪਣੀ ਸੋਚ ਇਹ ਹੈ ਕਿ ਜੇ ਮੁੰਡਾ ਸਿੱਖ ਨਹੀਂ ਤਾਂ ਘੱਟੋ ਘੱਟ ਭਾਰਤੀ ਤਾਂ ਹੋਵੇ। ਪਰਵਾਸੀ ਔਲਾਦ ਨੂੰ ਬਾਪ ਦੀ ਇਹ ਸੋਚ ਘਟੀਆ ਅਤੇ ਫਿਊਡਲ ਲਗਦੀ ਹੈ। ਗੁਲਜ਼ਾਰ ਦੀ ਗੋਰੀ ਪਤਨੀ ਕ੍ਰਿਸ ਇਸ ਮਾਮਲੇ ਉੱਤੇ ਬੱਚਿਆਂ ਨਾਲ ਉਲਝਣਾ ਨਹੀਂ ਚਾਹੁੰਦੀ। ਇਸ ਤਰ੍ਹਾਂ ਔਲਾਦ ਕਰਕੇ ਏਥੇ ਪਤੀ-ਪਤਨੀ ਸੰਬੰਧ ਵੀ ਤਿੜਕਦੇ ਹਨ। ਔਲਾਦ ਦੇ ਵਤੀਰੇ ਦੇ ਸੰਬੰਧ ਵਿਚ ਗੁਲਜ਼ਾਰ ਨੂੰ ਨਾਜਰ ਦੇ ਟਾਕਰੇ ਆਪਣਾ ਦੁੱਖ ਵੱਡਾ ਜਾਪਦਾ ਹੈ:

"...ਨਾਜਰਾ ਤੂੰ ਬਿਗ਼ਾਨੇ ਪੁੱਤਾਂ ਦਾ ਏਨਾ ਗੁੱਸਾ ਕਰ ਲਿਆ...ਮੈਂ ਕੀ ਕਰਾਂ ? ਮੇਰੀਆਂ ਤਾਂ ਸਕੀਆਂ ਧੀਆਂ ਨੇ..ਮੇਰੀ ਗੱਲ ਨਹੀਂ ਸੁਣਦੀਆਂ...ਕਹਿੰਦੀਆਂ ਨੇ ਅਸੀਂ ਬਾਲਗ ਹੋ ਗਈਆਂ ਹਾਂ...ਇਹ ਤਾਂ ਸਮੇਂ ਦੀ 'ਵਾ ਆ...।"

ਪ੍ਰੀਤਮ ਕੌਰ ਨੂੰ ਉਸਦੇ ਆਪਣੇ ਬੱਚੇ ਨਹੀਂ ਪੁੱਛਦੇ, ਛੋਟਾ ਮੁੰਡਾ ਗੋਰੀ ਨਾਲ ਰਹਿਣਾ ਸ਼ੁਰੂ ਕਰ ਦਿੰਦਾ ਹੈ, ਵੱਡਾ, ਜੋ ਕਿ ਡਰੱਗ ਆਦਿ ਦਾ ਧੰਦਾ ਕਰ ਰਿਹਾ ਹੈ, ਮਾਂ ਦੀ ਦਖ਼ਲ-ਅੰਦਾਜ਼ੀ ਨਹੀਂ ਸਹਿੰਦਾ। ਉਹ ਵੀ ਪੁੱਤਾਂ ਹੱਥੋਂ ਦੁਖੀ ਹੈ। ਸੋ ਇਹ ਸਾਰੇ ਨਾਜਰ ਸਿੰਘ, ਪ੍ਰੀਤਮ ਕੌਰ ਤੇ ਗੁਲਜ਼ਾਰ ਆਪਣੇ ਵਾਰਸਾਂ ਦੇ ਹੁੰਦੇ ਹੋਏ ਲਾਵਾਰਸ ਬਣਕੇ ਰਹਿ ਜਾਂਦੇ ਹਨ। ਉਹਨਾਂ ਦਾ ਇਸ ਤਰ੍ਹਾਂ 'ਲਾਵਾਰਸ' ਹੋਣਾ ਇਕ ਦੁਖਾਂਤ ਹੈ। ਪਰ ਇਸ ਦੁਖਾਂਤ ਲਈ ਅਵੱਸ਼ ਉਹ ਬਿਰਤੀ ਜ਼ਿੰਮੇਵਾਰ ਹੈ ਜਿਸ ਅਧੀਨ ਉਹ ਬਦਲੀਆਂ ਸਥਿਤੀਆਂ ਦੀ ਹਕੀਕਤ ਨੂੰ ਪ੍ਰਵਾਨ ਕਰਨ ਦੀ ਥਾਂ ਆਪਣੀ ਪਰੰਪਰਕ ਭੂਪਵਾਦੀ ਸੋਚ ਨਾਲ ਜੁੜੇ ਰਹਿੰਦੇ ਹਨ।

ਨਾਵਲ ਦਾ ਮੁੱਖ ਵਿਸ਼ਾ ਭਾਵੇਂ ਪਰਵਾਸੀਆਂ ਦੀਆਂ ਦੋ ਪੀਹੜੀਆਂ ਦੀ ਸੋਚ ਤੇ ਵਿਹਾਰ ਵਿਚਲੇ ਪਾੜੇ ਨੂੰ ਦਰਸਾਉਣਾ ਹੈ, ਪਰ ਇਸ ਦੀ ਕਥਾ ਵਿਚ ਪੰਜਾਬੀ ਪਰਵਾਸੀਆਂ ਦੇ ਜੀਵਨ ਨਾਲ ਸੰਬੰਧਤ ਹੋਰ ਕਈ ਮਸਲੇ ਵੀ ਛੋਹੇ ਗਏ ਹਨ, ਜਿਹਨਾਂ ਵਿਚੋਂ ਇਕ ਮਹੱਤਵਪੂਰਨ ਮਸਲਾ ਪਿੱਛੇ ਦੇਸ਼ ਵਿਚ ਰਹਿ ਗਏ ਉਹਨਾਂ ਦੇ ਰਿਸ਼ਤੇਦਾਰਾਂ ਦੀ ਸਥਿਤੀ ਅਤੇ ਉਹਨਾਂ ਦੇ ਆਪਸੀ ਸੰਬੰਧਾਂ ਦਾ ਹੈ। ਪਹਿਲਾਂ ਦੇ ਟਾਕਰੇ ਮੁਕਾਬਲਤਨ ਖੁਸ਼ਹਾਲੀ ਵਿਚ ਵਿਚਰਦੇ ਪੰਜਾਬ ਵਿਚਲੇ ਕਿਸਾਨੀ ਪਰਿਵਾਰ ਫਜ਼ੂਲ ਰਸਮਾਂ, ਮਰਨਿਆਂ ਤੇ ਵਿਆਹਾਂ, ਉੱਤੇ ਬੇਲੋੜਾ ਖਰਚ ਕਰਦੇ ਹਨ। ਉਹ ਵੀ ਆਪਣੇ ਪਰਵਾਸੀ ਰਿਸ਼ਤੇਦਾਰਾਂ ਨਾਲ ਮੋਹ ਦੀ ਭਾਵਨਾ ਰੱਖਣ ਦੀ ਬਜਾਏ ਕੁਝ ਹਾਸਲ ਕਰਨ ਦੀ ਬਿਰਤੀ ਰੱਖਦੇ ਹਨ। ਲੇਖਕ ਨੇ ਇਸ ਸਭ ਕੁਝ ਨੂੰ ਆਲੋਚਨਾ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਪਰਵਾਸੀਆਂ ਨੂੰ ਪੇਸ਼ ਨਸਲੀ ਵਿਤਕਰੇ ਦਾ ਵੀ ਜ਼ਿਕਰ ਹੈ ਅਤੇ ਇਹ ਵੇਰਵਾ ਵੀ ਹਾਜ਼ਰ ਹੈ ਕਿ ਡਰੱਗਜ਼ ਆਦਿ ਦੇ ਸੇਵਨ ਤੇ ਵਪਾਰ ਵਿਚ ਪਰਵਾਸੀਆਂ ਦੀ ਔਲਾਦ ਕਿਵੇਂ ਫਸਦੀ ਜਾਂਦੀ ਹੈ।

ਪਾਤਰ-ਚਿਤਰਨ ਦੇ ਪੱਖ ਤੋਂ ਤਾਂ ਨਾਵਲ ਨੂੰ ਇਕ ਚੰਗੀ ਰਚਨਾ ਸਮਝਿਆ ਹੀ ਜਾ ਸਕਦਾ ਹੈ, ਇਸ ਵਿਚਲਾ ਵਰਨਣ ਤੇ ਦ੍ਰਿਸ਼-ਚਿਤਰਨ ਵੀ ਸਲਾਹੁਣਯੋਗ ਹੈ। ਜਿੱਥੇ ਕਿਤੇ ਨਾਵਲ ਦੇ ਪਾਤਰ, ਸੈਰ-ਸਪਾਟੇ ਉੱਤੇ ਜਾਂਦੇ ਵਿਖਾਏ ਹਨ, ਉੱਥੇ ਇਸ ਵਿਚ ਸਫ਼ਰਨਾਮੇ ਦਾ ਅੰਸ਼ ਸ਼ਾਮਲ ਹੋ ਗਿਆ ਹੈ। ਇੰਝ ਪ੍ਰਕਿਰਤੀ ਦੇ ਸੁੰਦਰ ਨਜ਼ਾਰਿਆਂ ਦਾ ਵੀ ਸੋਹਣਾ ਚਿਤਰਨ ਹੋਇਆ ਹੈ। ਪਾਤਰਾਂ ਦੀ ਵਾਸਤਵਿਕਤਾ ਅਨੁਸਾਰ ਨਾਵਲ ਵਿਚ ਕਈ ਥਾਈਂ ਵਾਰਤਾਲਾਪ ਅੰਗਰੇਜ਼ੀ ਵਿਚ ਹੈ, ਜਿਸਦਾ ਪੰਜਾਬੀ ਰੂਪਾਂਤਰਨ ਵੀ ਲੇਖਕ ਨੇ ਦਿੱਤਾ ਹੈ। ਜੇ ਇੰਝ ਨਾ ਵੀ ਕੀਤਾ ਜਾਂਦਾ ਤਾਂ ਕੋਈ ਫ਼ਰਕ ਨਹੀਂ ਸੀ ਪੈਣਾ। ਸਗੋਂ ਇਸ

ਤਰ੍ਹਾਂ ਕਰਨ ਨਾਲ ਨਾਵਲ ਦੀ ਬਿਰਤਾਂਤਕ ਤੋਰ ਮੱਧਮ ਪੈ ਜਾਂਦੀ ਹੈ। ਸਮੁੱਚੇ ਤੌਰ 'ਤੇ ਸ਼ਿਵਚਰਨ ਸਿੰਘ ਗਿੱਲ ਦੀ ਇਹ ਰਚਨਾ ਇਕ ਗਲਪਕਾਰ ਵਜੋਂ ਉਸਦੇ ਬਿੰਬ ਨੂੰ ਅਵੱਸ਼ ਵਿਸਤਾਰਦੀ ਹੈ।

[ਪੁਸ਼ਵਿੰਦਰ ਕੌਰ]

**Hegemony Or Survival** : America's Quest For Global Domination, Noam Chomsky, Allen & Unwin, Australia (Indian Distributor Viva Books, Daryaganj, New Delhi) pp 300, Rs. 395.

ਚੌਮਸਕੀ ਭਾਸ਼ਾ ਵਿਗਿਆਨ ਦਾ ਜਗਤ ਪ੍ਰਸਿੱਧ ਅਮਰੀਕੀ ਵਿਦਵਾਨ ਹੈ, ਨਾਲ ਹੀ ਅਮਰੀਕਾ ਦਾ ਪ੍ਰਮੁੱਖ ਵਾਮਪੰਥੀ ਹੈ ਜਿਹੜਾ ਇਰਾਕ ਜੰਗ ਦਾ ਪਹਿਲੇ ਦਿਨ ਤੋਂ ਵਿਰੋਧੀ ਰਿਹਾ ਹੈ। ਉਹਦੀ ਪ੍ਰਸਿੱਧੀ ਹੀ ਉਹਨੂੰ ਬਚਾਈ ਜਾਂਦੀ ਹੈ, ਨਹੀਂ ਤਾਂ ਆਤੰਕ-ਪ੍ਰੇਮੀ ਕਹਿਕੇ Patriot Act ਅਧੀਨ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ। ਚੌਮਸਕੀ ਦਾ ਮੱਤ ਹੈ ਕਿ ਅਮਰੀਕੀ ਰਿਆਸਤ ਤਾਂ ਕਥਿਤ ਆਤੰਕਵਾਦੀਆਂ ਦੇ ਮੁਕਾਬਲੇ ਵਿਚ ਵਧਰੇ ਆਤੰਕ ਵਰਤਾਉਂਦੀ ਹੈ।

ਪ੍ਰਧਾਨ ਕੈਨੇਡੀ ਸਮੇਂ ਕੇਂਦਰੀ ਅਮਰੀਕਾ ਦੇ ਕਈ ਮੁਲਕਾਂ ਵਿਚ ਰਾਸ਼ਟਰੀ ਫੌਜ ਲੋਕ-ਵਿਰੋਧੀ ਕਾਤਿਲ ਜੁੰਡੀ ਵਿਚ ਬਦਲ ਦਿੱਤੀ ਗਈ ਸੀ, ਨਿਕਾਰੈਗੁਆ, ਗੁਆਟੇਮਾਲਾ। ਫੇਰ 1980-ਆਂ ਦਾ ਦਹਾਕਾ ਰਾਸ਼ਟਰੀ ਆਤੰਕਵਾਦ ਦਾ ਦਹਾਕਾ ਬਣ ਗਿਆ ਜਦੋਂ ਰਿਆਸਤ ਲੋਕ-ਪੱਖੀ ਸੰਸਥਾਵਾਂ ਦੇ ਆਗੂਆਂ, ਚਿੰਤਕਾਂ ਅਤੇ ਚਰਚ ਅਧਿਕਾਰੀਆਂ ਦੇ ਕਤਲ ਕਰਨ ਲੱਗੀ। ਸੰਖੇਪ ਵਿਚ, ਅਮਰੀਕਾ ਹਰ ਕਾਤਿਲ ਹੁਕਮਰਾਨ ਦਾ ਸਹਾਈ ਹੋਇਆ, ਚੈਸ਼ਸਕੂ (ਰੁਮਾਨੀਆ ਦਾ), ਸੁਹਾਰਤੋ (ਜਿਸ ਦੇ ਇੰਡੋਨੀਸ਼ੀਆ ਵਿਚ ਰਾਜ-ਹਰਣ ਵੇਲੇ 60 ਲੱਖ ਵਾਮ ਹਿਤੈਸ਼ੀ ਮਾਰੇ ਗਏ), ਮਾਰਕੋਜ਼ (ਫ਼ਿਲਪਾਈਨ ਦਾ) ਡੂਵੇਲੀਆਰ (ਹੇਟੀ ਦਾ) ਮੁਬੁਚੂ (ਕਾਂਗੋ ਦਾ) ਚੁਨ (ਦੱਖਣੀ ਕੋਰੀਆ ਦਾ)। ਜਿਸ ਮੁਲਕ ਵਿਚ ਮਨੁੱਖੀ ਅਧਿਕਾਰਾਂ ਦੀ ਵਧੇਰੇ ਉਲੰਘਣਾ ਹੋਵੇ, ਉੱਥੇ ਅਮਰੀਕੀ ਫੌਜੀ ਸਹਾਇਤਾ ਸਿਰੇ ਦੀ ਹੁੰਦੀ ਹੈ, ਜਿਵੇਂ ਕਿ ਇਜ਼ਰਾਈਲ, ਮਿਸਰ, ਇੰਡੋਨੀਸ਼ੀਆ, ਕੋਲੰਬੀਆ ਵਿਚ।

ਇੰਡੋਨੀਸ਼ੀਆ ਦੇ ਟੀਮੋਰ 'ਤੇ ਹਮਲੇ ਕਾਰਨ 1975-99 ਵਿਚ ਦੋ ਲੱਖ ਦਸ ਹਜ਼ਾਰ ਬੰਦੇ ਮਰੇ। ਤੁਰਕੀ ਨੇ ਆਪਣੇ ਤਿੰਨ ਹਜ਼ਾਰ ਕੁਰਦ ਪਿੰਡ ਤਬਾਹ ਕੀਤੇ। ਅਮਰੀਕੀ ਮਦਦ ਨਾਲ ਨਸਲ-ਪਰਸਤ ਦੱਖਣੀ ਅਫ਼ਰੀਕਾ ਨੇ ਅੰਗੋਲਾ, ਮੌਜ਼ੰਬੀਕ ਵਿਚ ਪੰਦਰਾਂ ਲੱਖ ਬੰਦੇ ਮਾਰੇ। ਅਮਰੀਕਾ ਨੇ ਆਰੰਭ ਵਿਚ ਤਾਲਿਬਾਨ ਆਤੰਕਵਾਦੀਆਂ ਦੀ ਮਦਦ ਕੀਤੀ। ਇੰਝੇ ਸੱਦਾਮ ਨੂੰ ਗੈਸ ਨਾਲ ਕੁਰਦਾਂ ਨੂੰ ਮਾਰਨ ਦੀ ਸ਼ਹਿ ਦਿੱਤੀ ਅਤੇ ਗੈਸ ਪੱਛਮੀ ਸੋਮੇ ਤੋਂ ਆਈ ਸੀ। ਨਿਕਾਰੇਗੁਆ ਦੀ ਲੋਕਤੰਤਰੀ ਹਕੂਮਤ ਨੂੰ ਢਾਉਣ ਲਈ ਆਤੰਕ ਸੇਨਾ ਬਣਾਈ (Contras) ਅਤੇ ਗੁੱਝੇ ਅਮਰੀਕੀ ਆਕਰਮਣ ਖ਼ਿਲਾਫ਼ ਅੰਤਰ-ਰਾਸ਼ਟਰੀ ਨਯਾਯ ਸੰਸਥਾ (International Court of Justice) ਨੇ ਫ਼ੈਸਲਾ ਵੀ ਕੀਤਾ ਸੀ। ਕਿਊਬਾ ਦਾ ਹਵਾਈ ਜਹਾਜ਼ ਤਬਾਹ ਕਰਨ ਵਾਲਾ ਆਤੰਕਵਾਦੀ ਅੱਜ ਵੀ ਸੀ. ਆਈ. ਏ. ਦੀ ਸ਼ਰਨ ਵਿਚ ਹੈ।

ਦੂਸਰੀ ਵਿਸ਼ਵ ਜੰਗ ਖ਼ਤਮ ਹੁੰਦੇ ਸਾਰ ਅਮਰੀਕਾ ਦਾ ਐਲਾਨ ਸੀ ਕਿ ਕਿਸੇ ਮੁਲਕ ਨੂੰ ਉਸਦਾ ਵਿਰੋਧ ਕਰਨ ਦੇ ਸਮਰੱਥ ਨਹੀਂ ਹੋਣ ਦੇਣਾ। ਇਸੇ ਕਰਕੇ ਦੁਨੀਆਂ ਨੂੰ ਡਰਾਕੇ ਰੱਖਣ ਲਈ ਪ੍ਰਦਰਸ਼ਨੀ ਪ੍ਰਭਾਵ (demonstration effect) ਪਾਉਣ ਲਈ ਦੂਸਰੇ ਮੁਲਕਾਂ 'ਤੇ ਹਮਲੇ ਹੁੰਦੇ ਰਹੇ। ਉੱਤਰੀ ਕੋਰੀਆ 'ਤੇ (1953) ਜਿੱਥੇ ਕੋਈ ਘਰ, ਮਕਾਨ ਬਿਲਡਿੰਗ ਆਦਿ ਖੜ੍ਹੇ ਨਹੀਂ ਰਹਿ ਗਏ ਸੀ। ਫੇਰ ਹੇਟੀ, ਗਰਨਾਡਾ, ਪਨਾਮਾ। ਪਿੱਛੇ ਜਿਹੇ ਯੋਗੋਸਲਾਵੀਆ ਇਸ ਕਰਕੇ ਭੰਨਿਆ ਕਿ ਯੌਰਪ ਸਿਰ ਚੁੱਕਣ ਦੀ ਨਾ ਸੋਚ ਸਕੇ। ਇਰਾਕ 'ਤੇ ਹਮਲਾ ਮੁੱਢਲੇ ਤਜਰਬੇ ਵਾਂਗੂੰ ਸੀ ਕਿ ਅੱਗੇ ਨੂੰ ਸਵਾਧੀਨ ਦੇਸ਼ਾਂ ਦੀ ਕਿਵੇਂ ਮੁਰੰਮਤ ਕਰਨੀ ਹੈ। ਹੁਣ ਅੰਤਰਿਕਸ਼ (space) ਦੀ ਹਥਿਆਰਬੰਦੀ ਰੂਸ ਚੀਨ ਨੂੰ ਧਮਕਾਉਣ



ਲਈ ਹੈ। ਉਪਰੋਕਤ ਇਤਿਹਾਸ ਅਤੇ ਤਬਾਹੀ ਦਾ ਰਾਜਨੀਤਕ ਸਿਧਾਂਤ ਹੈ —ਕੇਵਲ ਅਮਰੀਕਾ ਨੂੰ ਹੀ ਆਕਰਮਣ ਦਾ ਅਧਿਕਾਰ ਹੈ।

0 0 0 0

ਸਾਧਾਰਨ ਵਿਅਕਤੀ ਦਾ ਵੀ ਉਪਰੋਕਤ ਅਨੁਭਵ ਹੈ। ਅਮਰੀਕੀ ਆਕਰਮਣਕਾਰੀ ਸੋਚ ਦਾ ਇਕ ਹੋਰ ਪਹਿਲੂ ਵੀ ਹੈ ਜਿਹੜਾ ਦੁਨੀਆਂ ਦੀ ਨਜ਼ਰਾਂ 'ਚ ਨਹੀਂ ਚੜ੍ਹਿਆ। ਅਮਰੀਕੀ ਰਾਸ਼ਟਰੀ ਜਾਸੂਸੀ ਕੌਂਸਲ (ਪੰਨਾ 209) ਅਨੁਸਾਰ "ਗਲੋਬਕਾਰੀ ਕਾਰਨ ਆਰਥਿਕ ਖੜੋਤ, ਰਾਜਨੀਤਕ ਅਸਥਿਰਤਾ, ਸਾਂਸਕ੍ਰਿਤਕ ਅਪਯੋਗ (alienation) ਅਤੇ ਨਸਲੀ/ਵਿਚਾਰਧਾਰਕ ਅਤਿਵਾਦ ਪੈਦਾ ਹੋਵੇਗਾ।" ਇਸੇ ਕਰਕੇ ਅਮਰੀਕੀ ਰੱਖਿਆ ਵਿਭਾਗ ਭੀੜ ਨੂੰ ਨਿਯੰਤਰਨ 'ਚ ਰੱਖਣ ਦੇ ਲਈ ਹਥਿਆਰਾਂ ਦੀਆਂ ਕਾਢਾਂ ਕੱਢ ਰਿਹਾ ਹੈ। ਬਿਜਲੀ ਦਾ ਡੰਡਾ ਬਣਿਆ ਹੈ ਜਿਸ ਦੇ ਮਾਰਨ ਨਾਲ ਬੰਦਾ/ਪ੍ਰਦਰਸ਼ਨਕਾਰੀ/ਮੁਲਜ਼ਮ ਕੁਝ ਮਿੰਟਾਂ ਲਈ ਸਿਥਲ ਹੋ ਜਾਂਦਾ ਹੈ। ਬਰਤਾਨਵੀ ਪੁਲਸ ਨੇ ਇਸ ਕਾਢ ਨੂੰ ਅਪਣਾ ਵੀ ਲਿਆ ਹੈ। ਖੋਜ ਹੋ ਰਹੀ ਹੈ ਕਿ ਪ੍ਰਦਰਸ਼ਨਕਾਰੀਆਂ 'ਤੇ ਅਜਿਹੀ ਝੱਗ ਸੁੱਟੀ ਜਾਵੇ ਜਿਹੜੀ ਆਪੇ ਹੀ ਅਜਿਹੀਆਂ ਤਿੱਖੀਆਂ ਤਾਰਾਂ ਬਣਾ ਲਵੇ ਕਿ ਵਿਅਕਤੀ ਪੰਦਰਾਂ ਮਿੰਟ ਲਈ ਗਤੀਰਹਿਤ ਹੋ ਜਾਵੇ। ਆਪੇ ਪ੍ਰਦਰਸ਼ਨ ਦਾ ਕੰਮ ਮੁੱਕ ਗਿਆ।

ਜਿਉਂ-ਜਿਉਂ ਗਲੋਬਕਾਰੀ ਦਾ ਹਾਨੀਕਾਰਕ ਅਸਰ ਵਧਣਾ ਹੈ ਤਿਉਂ ਤਿਉਂ ਅਮਰੀਕੀ ਆਕਰਮਨੀ ਸੁਭਾਓ ਵੀ ਤੇਜ਼ ਹੋਣਾ ਹੈ। ਰੂਸ ਚੀਨ ਨੂੰ ਡੂਮ ਡਰਾਵੇ ਤਾਂ ਸਾਕਾਰ ਹੋਣ ਵਿਚ ਸ਼ਾਇਦ ਦੇਰ ਲੱਗ ਜਾਵੇ ਪਰ ਗ਼ਰੀਬ ਮੁਲਕਾਂ 'ਤੇ ਅਮਰੀਕੀ ਮਿਹਰਬਾਨੀ ਰੋਜ਼-ਬ-ਰੋਜ਼ ਹੋਣੀ ਹੈ। ਸੂਡਾਨ 'ਤੇ ਕਲਿੰਟਨ ਸਮੇਂ ਮੀਜ਼ਾਈਲ (missile) ਹਮਲਾ ਹੋਇਆ, ਯਮਨ ਦੇ ਸ਼ੱਕੀ ਅਤਿਵਾਦੀਆਂ 'ਤੇ। ਕੁਝ ਸਮਾਂ ਹੋਇਆ ਪਾਕਿਸਤਾਨ ਨੇ ਮੀਜ਼ਾਈਲ ਦਾ ਸਵਾਦ ਵੇਖਿਆ ਸੀ। ਹੁਣ ਸੋਮਾਲੀਆ ਨੂੰ ਮਜ਼ਾ ਚਖਾਇਆ ਜਾ ਰਿਹਾ ਹੈ।

0 0 0 0

ਜਨ ਸਾਧਾਰਨ ਅਤੇ ਵਾਮ ਪੰਥ 'ਤੇ ਅੱਜੋਕੀ ਜ਼ਿੰਮੇਦਾਰੀ ਆਉਂਦੀ ਹੈ। ਅੱਜ ਦੁਨੀਆਂ ਵਿਚ ਦੋ ਹੀ ਪਰਮ-ਸ਼ਕਤੀਆਂ (super powers) ਹਨ, ਅਮਰੀਕਾ ਅਤੇ ਲੋਕ-ਰਾਏ। ਅਮਰੀਕਨ ਲੋਕ-ਰਾਏ ਵੀ ਇਰਾਕੀ ਆਕਰਮਣ ਨੂੰ ਕਿਸੇ ਹੱਦ ਤਕ ਠੱਲ ਪਾ ਰਹੀ ਹੈ। ਇਸ ਕਰਕੇ ਜਨ-ਸਾਧਾਰਨ ਨੂੰ ਠੀਕ ਇਤਲਾਹ ਦੇਣ ਦਾ ਫਰਜ਼—ਇ-ਅੱਵਲੀਨ ਸਮਾਜ ਵਿਗਿਆਨੀਆਂ ਦੇ ਨਿਭਾਉਣ ਦਾ ਹੈ ਅਤੇ ਚੌਮਸਕੀ ਵੀ ਵਿਸ਼ਵ ਪੱਧਰ 'ਤੇ ਆਪਣੇ ਕਰਤੱਵ ਦਾ ਪਾਲਣ ਕਰ ਰਿਹਾ ਹੈ।

ਬੇਦਿਲੀ ਦੀ ਲੋੜ ਨਹੀਂ। ਜਰਮਨ ਜੰਗੀ ਫਲਾਸਫ਼ਰ ਕਲਾਸਵਿਟਜ਼ (Clauswitz) ਦਾ ਕਥਨ ਹੈ ਕਿ ਲੜਾਈ ਵਿਚ ਤਕੜਾ ਵੀ ਹਾਰ ਜਾਂਦਾ ਹੁੰਦਾ ਹੈ। ਦੂਸਰੀ ਵਿਸ਼ਵ ਲੜਾਈ ਦੇ ਅੰਤ ਵਿਚ ਅਮਰੀਕੀ ਉਪਜ ਵਿਸ਼ਵ ਪੈਦਾਵਾਰ ਦੀ ਅੱਧ ਸੀ, ਜਿਹੜੀ ਹੁਣ ਪੰਝੀ ਫੀਸਦੀ ਰਹਿ ਗਈ ਹੈ। ਅਮਰੀਕਾ ਮੁਕਾਬਲਤਨ ਪਲਾਯਨ ਦੇ ਤੱਥ ਨੂੰ ਆਕਰਮਣ ਰਾਹੀਂ ਸੁਧਾਰਨ ਦੀ ਲਗਨ ਵਿਚ ਹੈ। ਅੰਤ ਜੇ ਲੋਕ-ਬੁੱਧ ਦੀ ਸ਼ੈਲੀ 'ਚ ਕਹਿਣਾ ਹੋਵੇ ਤਾਂ ਸਦਾ ਸੁਲਤਾਨੀ ਸੱਚੇ ਪਾਤਸ਼ਾਹ ਦੀ, ਕਈ ਵਾਜੜੇ ਗਏ ਵਜਾ ਮੀਆਂ।

ਯੌਰਪੀ ਮਾਣਸ ਨੇ ਪਿਛਲੇ ਪੰਜ ਸੌ ਸਾਲਾਂ ਤੋਂ ਆਪੋ ਵਿਚ ਮਾਰ ਮਰਾਈ ਕਰਦਿਆਂ ਸਾਰੀ ਦੁਨੀਆ ਫਤਿਹ ਕਰ ਲਈ। ਅਮਰੀਕਾ ਯੌਰਪੀ ਵਿਕਾਸ ਅਤੇ ਸੁਭਾਵ ਦਾ ਸਿਖਰ ਹੈ। ਗਾਂਧੀ ਨੂੰ ਪੱਛਮੀ ਸਭਿਅਤਾ ਬਾਰੇ ਪੁੱਛਿਆ ਗਿਆ ਤਾਂ ਕਹਿੰਦਾ-ਅੱਛਾ ਸਵਾਲ ਹੈ। ਮਾਰਕਸ ਹਿੰਦੋਸਤਾਨ 'ਤੇ ਅੰਗਰੇਜ਼ੀ ਕਬਜ਼ੇ ਦਾ ਅਚੇਤ ਰਚਨਾਤਮਕ ਪਰਿਣਾਮ ਦੱਸਦਾ ਹੈ ਕਿ ਇੰਝ 'ਪੱਛਮੀ ਸਭਿਅਤਾ ਦੇ ਪਦਾਰਥਕ ਆਧਾਰ' ਦੀ ਨੀਂਹ ਰੱਖੀ ਜਾਵੇਗੀ। ਚੌਮਸਕੀ ਅਜਿਹੀ ਗੱਲ ਨਹੀਂ ਕਰਦਾ। ਉਹ ਕੇਵਲ ਯੌਰਪੀ ਮੌਤ ਦੇ ਆਗਮਨ ਬਾਰੇ ਕਹਿੰਦਾ ਹੈ। ਡੇਵਿਡ ਡੇਵਿਸ Victorian Holocausts ਵਿਚ ਪੱਛਮ ਦੇ ਬਾਕੀ ਦੇ

ਜਗਤ ਵਿਚ ਵਰਤਾਏ 'ਕਾਲਾਂ ਦਾ ਜ਼ਿਕਰ ਕਰਦਾ ਹੈ। ਸੋ ਤੀਸਰੇ ਜਗਤ ਲਈ ਯੌਰਪ ਦੀ ਚੜ੍ਹਤ ਕਾਲ ਅਤੇ 'ਕਾਲ ਲੈ ਕੇ ਆਈ। ਅੰਗਰੇਜ਼ੀ ਨੌ-ਆਬਾਦੀ ਰਾਜ ਸਮੇਂ 'ਪਦਾਰਥਕ ਆਧਾਰ' ਨੇ ਸੁਤੰਤਰ ਵਿਕਾਸ ਨਹੀਂ ਕੀਤਾ, ਨਾ ਹੁਣ ਗਲੋਬਕਾਰੀ ਅਧੀਨ ਹੋ ਸਕਦਾ ਹੈ। ਹੁਣ ਵੀ ਇਹਦਾ ਪ੍ਰਧੀਨ ਵਿਕਾਸ ਹੋ ਰਿਹਾ ਹੈ। ਅਰਥਾਤ ਜਿੰਨੀ ਕੁ ਵਿਦੇਸ਼ੀ ਆਰਥਿਕ ਸ਼ਕਤੀ ਨੂੰ ਲੋੜ ਹੈ ਉਨਾ ਹੋ ਰਿਹਾ ਹੈ ਅਤੇ ਹੁੰਦੇ ਰਹਿਣਾ ਹੈ।

ਇਸ ਕਰਕੇ ਸਾਨੂੰ ਪੱਛਮ ਦਾ ਦਿਲ-ਦਾਦਾ ਹੋਣ ਦੀ ਲੋੜ ਨਹੀਂ। ਅਸੀਂ ਕੇਵਲ ਯੌਰਪੀ ਅਨਯ-ਮਤ dissidence ਵਿਚ ਦਿਲਚਸਪੀ ਰੱਖ ਸਕਦੇ ਹਾਂ। ਚੌਮਸਕੀ ਦੱਸਦਾ ਹੈ ਕਿ ਜੇਮਜ਼ ਮਿੱਲ ਦਾ ਲੇਖ On Liberty ਦਾ ਪਛੋਕੜ ਹਿੰਦੋਸਤਾਨ ਵਿਚ ਗ਼ਦਰ ਤੋਂ ਮਗਰੋਂ ਅੰਗਰੇਜ਼ੀ ਜ਼ੁਲਮ, ਅਤੇ ਚੀਨ ਵਿਚ ਅਫ਼ੀਮ ਦੀ ਜੰਗ ਮਗਰੋਂ ਯੌਰਪੀ ਆਕਰਮਣ ਸੀ, ਜਿਹਨਾਂ ਦੀ ਜੇਮਜ਼ ਮਿੱਲ ਵਾਹ ਵਾਹ ਕਰਦਾ ਹੈ। ਜੇ ਅਸੀਂ ਪੱਛਮ ਪ੍ਰਤੀ ਆਲੋਚਨਾਤਮਕ ਰੁਚੀ ਭੁੱਲ ਜਾਈਏ ਅਤੇ ਗਲੋਬਕਾਰੀ ਦੇ ਢੋਲਕੀ ਛੈਣੇ ਵਜਾਈ ਜਾਈਏ ਤਾਂ ਉਹੀ ਕਾਲ ਅਤੇ 'ਕਾਲ ਦਾ ਦੌਰ ਦੌਰਾ ਰਹਿਣਾ ਹੈ।

ਵੈਨਜ਼ੁਏਲਾ ਦੇ ਹਿਊਗੋ ਸ਼ਾਵੇਜ਼ (Chavez) ਨੇ ਏਸ ਕਤਾਬ ਦੀ ਯੂ. ਐਨ. ਓ. 'ਚ ਤਾਰੀਫ਼ ਕੀਤੀ ਅਤੇ ਇਹ ਅਮਰੀਕਾ ਵਿਚ best seller ਹੋ ਗਈ। [ਸੁਰਜੀਤ ਹਾਂਸ]

## *ਪ੍ਰਾਪਤ ਪੁਸਤਕਾਂ*

ਮੇਰੇ ਕੁਝ ਹਾਸਿਲ [ਕਾਵਿ ਸੰਗ੍ਰਹਿ] ਪ੍ਰਮਿੰਦਰਜੀਤ
ਪੰਨੇ 160, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਕਿਰਤੀਆ ਕਿਰਤ ਕਰੇਂਦਿਆ [ਕਾਵਿ ਸੰਗ੍ਰਹਿ] ਇੰਦਰਜੀਤ ਸਿੰਘ ਹਸਨਪੁਰੀ
ਪੰਨੇ 96, ਮੁੱਲ 100 ਰੁਪਏ, ਪੇਪਰਬੈਕ 30 ਰੁਪਏ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ

ਪਰਵਾਜ਼ ਦਰ ਪਰਵਾਜ਼ [ਚੋਣਵੀਆਂ ਗ਼ਜ਼ਲਾਂ] ਐਸ. ਤਰਸੇਮ
ਪੰਨੇ 128, ਮੁੱਲ 150 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖ਼ਾਸ, ਨਵੀਂ ਦਿੱਲੀ

ਕਦੇ ਸਾਹਿਲ ਕਦੇ ਸਮੁੰਦਰ [ਕਾਵਿ ਸੰਗ੍ਰਹਿ] ਸਾਥੀ ਲੁਧਿਆਣਵੀ
ਪੰਨੇ 134, ਮੁੱਲ 125 ਰੁਪਏ, $ 7, £ 5, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਬ੍ਰਹਮ ਕਮਲ [ਕਾਵਿ ਸੰਗ੍ਰਹਿ] ਅੰਬਰੀਸ਼
ਪੰਨੇ 142, ਮੁੱਲ 150 ਰੁਪਏ, $ 8, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਸ਼ਾਇਰੀ ਦਾ ਸਰਵਰ [ਕਾਵਿ ਸੰਗ੍ਰਹਿ] ਮਨਮੋਹਨ ਸਿੰਘ ਦਾਊਂ
ਪੰਨੇ 96, ਮੁੱਲ 100 ਰੁਪਏ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

ਪੀਂਘ [ਕਾਵਿ ਸੰਗ੍ਰਹਿ] ਪਾਲ ਕੌਰ
ਪੰਨੇ 144, ਮੁੱਲ 150 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਬਾਜ਼ੀ [ਗ਼ਜ਼ਲ ਸੰਗ੍ਰਹਿ] ਹਰੀ ਸਿੰਘ ਮੋਹੀ
ਪੰਨੇ 92, ਮੁੱਲ 110 ਰੁਪਏ, ਅਰਵਿੰਦ ਪਬਲੀਕੇਸ਼ਨਜ਼, ਠੱਠੀ ਭਾਈ, ਮੋਗਾ

ਅਮਨ [ਕਾਵਿ ਸੰਗ੍ਰਹਿ] ਸਵਰਨ ਸਿੰਘ ਪਰਵਾਨਾ
ਪੰਨੇ 118, ਮੁੱਲ 130 ਰੁਪਏ, $ 7, £ 5, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਗ਼ਜ਼ਾਲਾ [ਕਾਵਿ ਸੰਗ੍ਰਹਿ] ਜੋਗਿੰਦਰ ਸਿੰਘ ਪਾਂਧੀ
ਪੰਨੇ 104, ਮੁੱਲ 150 ਰੁਪਏ, ਰਵਿੰਦਰ ਪਬਲੀਕੇਸ਼ਨ, ਜੰਮੂ

ਜਦ ਵੀ ਵਤਨ ਪਰਤੇਂ [ਕਾਵਿ ਸੰਗ੍ਰਹਿ] ਚਰਨ ਕੌਸ਼ਲ
ਪੰਨੇ 96, ਮੁੱਲ 150 ਰੁਪਏ, ਪੇਪਰਬੈਕ 100 ਰੁਪਏ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ

ਕਿਰਨਾਂ ਦਾ ਕਾਫ਼ਲਾ [ਗ਼ਜ਼ਲ ਸੰਗ੍ਰਹਿ] ਅਮਰਜੀਤ ਕੌਰ ਨਾਜ਼



ਪੰਨੇ 112, ਮੁੱਲ 120 ਰੁਪਏ, $ 7, £ 5, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਨੀਝ [ਕਾਵਿ ਸੰਗ੍ਰਹਿ] ਅਨੁਜ
ਪੰਨੇ 96, ਮੁੱਲ 75 ਰੁਪਏ, ਸੁੰਦਰ ਬੁੱਕ ਡੀਪੂ, ਮਾਈ ਹੀਰਾਂ ਗੇਟ, ਜਲੰਧਰ

ਸਾਹਾਂ ਦੀ ਪੂੰਜੀ [ਕਾਵਿ ਸੰਗ੍ਰਹਿ] ਪ੍ਰੀਤਮ ਸਿੰਘ ਚਾਹਲ
ਪੰਨੇ 120, ਮੁੱਲ 120 ਰੁਪਏ, $ 6, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਨੈਣੀਂ ਖ਼ਾਬ ਪਿਰੋਏ [ਕਾਵਿ ਸੰਗ੍ਰਹਿ] ਮੁਨੀਸ਼ ਸਰਗਮ
ਪੰਨੇ 112, ਮੁੱਲ 125 ਰੁਪਏ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਸਾਗਰ ਦਾ ਸਫ਼ਰ [ਕਾਵਿ ਸੰਗ੍ਰਹਿ] ਗੁਰਪ੍ਰੀਤ ਸਿੰਘ ਸਫ਼ਰੀ
ਪੰਨੇ 96, ਮੁੱਲ 100 ਰੁਪਏ, ਜੀਵੀ ਪ੍ਰਕਾਸ਼ਨ, ਰਮੇਸ਼ ਕਲੋਨੀ, ਜਲੰਧਰ

ਪਲਾਸ਼ ਦੇ ਪੱਤੇ [ਕਾਵਿ ਸੰਗ੍ਰਹਿ] ਬਿਕਰਮ ਸੋਹੀ
ਪੰਨੇ 136, ਮੁੱਲ 100 ਰੁਪਏ, ਪੇਪਰਬੈਕ 60 ਰੁਪਏ, ਕੁਕਨੁਸ ਪ੍ਰਕਾਸ਼ਨ, ਜਲੰਧਰ

ਸ਼ਾਲੋ [ਕਾਵਿ ਸੰਗ੍ਰਹਿ] ਰਾਮ ਲਾਲ ਭਗਤ
ਪੰਨੇ 83, ਮੁੱਲ 80 ਰੁਪਏ, ਪੇਪਰਬੈਕ 50 ਰੁਪਏ, ਪੰਚਨਾਦ ਪ੍ਰਕਾਸ਼ਨ, ਬੁੱਢੀ ਪਿੰਡ, ਹੁਸ਼ਿਆਰਪੁਰ

ਮਸੀਹਾ ਮਰਿਆ ਨਹੀਂ [ਕਾਵਿ ਸੰਗ੍ਰਹਿ] ਜਰਨੈਲ ਸਿੰਘ ਅੱਚਰਵਾਲ
ਪੰਨੇ 135, ਮੁੱਲ 140 ਰੁਪਏ, $ 8, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਬਾਰਹਮਾਹ [ਕਾਵਿ ਸੰਗ੍ਰਹਿ] ਤੁਲੀ ਫਕੀਰ ਚੰਦ
ਪੰਨੇ 80, ਮੁੱਲ 80 ਰੁਪਏ, £ 5, ਜੀਵੀ ਪ੍ਰਕਾਸ਼ਨ, ਰਮੇਸ਼ ਕਲੋਨੀ, ਜਲੰਧਰ

ਖ਼ਲਲ [ਗ਼ਜ਼ਲਾਂ] ਤੁਲੀ ਫ਼ਕੀਰ ਚੰਦ ਜਲੰਧਰੀ
ਪੰਨੇ 64, ਮੁੱਲ 60 ਰੁਪਏ, ਜੀਵੀ ਪ੍ਰਕਾਸ਼ਨ, ਰਮੇਸ਼ ਕਲੋਨੀ, ਜਲੰਧਰ

ਕੌਮੀ ਸ਼ਹੀਦ ਭਗਤ ਸਿੰਘ [ਕਿੱਸਾ] ਜੰਗੀਰ ਸਿੰਘ ਬਰਾੜ, ਸੰਪਾਦਕ : ਕੁਲਦੀਪ ਸਿੰਘ ਦੀਪ (ਡਾ.)
ਪੰਨੇ 79, ਮੁੱਲ 80 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ

ਭੁੱਲਿਆ ਵਿਸਰਿਆ ਕਵੀਸ਼ਰ ਜੰਗੀਰ ਸਿੰਘ ਬਰਾੜ [ਜੀਵਨ ਤੇ ਰਚਨਾ] ਸੰਪਾਦਕ : ਕੁਲਦੀਪ ਸਿੰਘ ਦੀਪ (ਡਾ.)
ਪੰਨੇ 328, ਮੁੱਲ 300 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ

ਗਲੀ ਨੰਬਰ ਕੋਈ ਨਹੀਂ [ਕਹਾਣੀ ਸੰਗ੍ਰਹਿ] ਅਨੇਮਨ ਸਿੰਘ
ਪੰਨੇ 99, ਮੁੱਲ 125 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਰੁੱਖਾਂ ਦੀ ਦਾਸਤਾਨ [ਕਹਾਣੀ ਸੰਗ੍ਰਹਿ] ਵਰਿੰਦਰ ਵਾਲੀਆ
ਪੰਨੇ 112, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਮਰਦ ਬੱਚੀ [ਕਹਾਣੀ ਸੰਗ੍ਰਹਿ] ਸੀ. ਆਰ. ਮੋਦਗਿੱਲ
ਪੰਨੇ 117, ਮੁੱਲ 130 ਰੁਪਏ, $ 5, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਚੂੜੇ ਵਾਲੀ ਬਾਂਹ ਤੇ ਹੋਰ ਕਹਾਣੀਆਂ [ਕਹਾਣੀ ਸੰਗ੍ਰਹਿ] ਸੰਪਾਦਕ : ਰਜਨੀਸ਼ ਬਹਾਦਰ ਸਿੰਘ
ਪੰਨੇ 176, ਮੁੱਲ 175 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

...ਤੇ ਹਿਨਾ ਚਲੀ ਗਈ [ਕਹਾਣੀ ਸੰਗ੍ਰਹਿ] ਡਾ. ਸ਼ਰਨਜੀਤ ਕੌਰ
ਪੰਨੇ 120, ਮੁੱਲ 120 ਰੁਪਏ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

ਪੰਜਾਬੀ ਮਿੰਨੀ ਕਹਾਣੀ: ਨਵੇਂ ਦਿਸਹੱਦੇ [ਮਿੰਨੀ ਕਹਾਣੀ ਸੰਗ੍ਰਹਿ] ਸੰਪਾਦਕ : ਬਲਦੇਵ ਪ੍ਰਕਾਸ਼ ਸਿੰਗਲਾ
ਪੰਨੇ 94, ਮੁੱਲ 100 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ

जन्मान्तर (कहानी संग्रह) जोगिंदर सिंह निराला
पन्ने 111, मूल्य 120 रुपये, शिवालिक बुक्स, दिल्ली-110032

ਸ਼ੇਕਸਪੀਅਰ ਦੇ ਸੌਨਟ, ਅਨੁਵਾਦਕ : ਸੁਰਜੀਤ ਹਾਂਸ
ਪੰਨੇ 172, ਮੁੱਲ 160 ਰੁਪਏ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰੋਜ਼ਾ ਮੇਅ [ਨਾਵਲ] ਜੋਗਿੰਦਰ ਸਿੰਘ ਕੈਰੋਂ
ਪੰਨੇ 189, ਮੁੱਲ 175 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਦੁੱਲਾ [ਨਾਵਲ] ਗੁਰਮੇਲ ਮਡਾਹੜ
ਪੰਨੇ 104, ਮੁੱਲ 100 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ

ਵੰਝਲੀ [ਨਾਵਲ] ਮਲੀਕਅਤ ਸਿੰਘ ਸੁਮਨ

ਪੰਨੇ 160, ਮੁੱਲ 120 ਰੁਪਏ, ਜਸਵੰਤ ਪ੍ਰਿੰਟਿੰਗਜ਼, ਲੁਧਿਆਣਾ

ਨਥਾਵੇਂ [ਨਾਵਲ] ਮਹਿੰਦਰਪਾਲ ਸਿੰਘ

ਪੰਨੇ 174, ਮੁੱਲ 150 ਰੁਪਏ, $ 10, £ 6, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਉਕਾਬ ਦੀ ਅੱਖ [ਰੇਖਾ ਚਿਤਰ] ਕਾਨਾ ਸਿੰਘ

ਪੰਨੇ 147, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਕਬੱਡੀ ਕਬੱਡੀ ਕਬੱਡੀ [ਵਾਰਤਕ] ਪ੍ਰਿੰਸੀਪਲ ਸਰਵਣ ਸਿੰਘ

ਪੰਨੇ 263, ਮੁੱਲ 250 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਪਥ ਹੀ ਮੰਜ਼ਿਲ ਹੈ [ਸਫ਼ਰਨਾਮਾ] ਮਨਮੋਹਨ ਬਾਵਾ

ਪੰਨੇ 152, ਮੁੱਲ 150 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਮੰਜ਼ਿਲ ਨਾ ਮਿਲੀ [ਸਵੈ-ਜੀਵਨੀ] ਸੁਰਿੰਦਰ ਸਿੰਘ ਸੁੱਨੜ

ਪੰਨੇ 176, ਮੁੱਲ 140 ਰੁਪਏ, ਸੁੰਦਰ ਬੁੱਕ ਡੀਪੂ, ਮਾਈ ਹੀਰਾਂ ਗੇਟ, ਜਲੰਧਰ

ਤੇਰੀਆਂ ਗੱਲਾਂ ਤੇਰੇ ਨਾਲ [ਵਾਰਤਕ] ਪੂਰਨ ਸਿੰਘ ਪਾਂਧੀ

ਪੰਨੇ 136, ਮੁੱਲ 125 ਰੁਪਏ, $ 5, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਦਹਿਸ਼ਤ 1947 [ਵਾਰਤਕ] ਬਰਜਿੰਦਰ ਕੌਰ ਢਿੱਲੋਂ

ਪੰਨੇ 141, ਮੁੱਲ 150 ਰੁਪਏ, $ 10, £ 6, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਇਕਬਾਲ ਰਾਮੂਵਾਲੀਆ ਕਾਵਿ : ਉਤਰ-ਆਧੁਨਿਕ ਪਰਿਪੇਖ [ਆਲੋਚਨਾ] ਦੇਵਿੰਦਰ ਸੈਫ਼ੀ

ਪੰਨੇ 160, ਮੁੱਲ 150 ਰੁਪਏ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ-6

ਗੁਰਮਤ ਕਾਵਿ ਦੇ ਪ੍ਰਸੰਗ [ਆਲੋਚਨਾ] ਮਨਜੀਤ ਕੌਰ

ਪੰਨੇ 99, ਮੁੱਲ 100 ਰੁਪਏ, ਸੁੰਦਰ ਬੁੱਕ ਡੀਪੂ, ਮਾਈ ਹੀਰਾਂ ਗੇਟ, ਜਲੰਧਰ

ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ [ਆਲੋਚਨਾ] ਤਸਕੀਨ

ਪੰਨੇ 190, ਮੁੱਲ 220 ਰੁਪਏ, $ 10, £ 6, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਆਧੁਨਿਕ ਪੰਜਾਬੀ ਕਵਿਤਾ: ਵਿਹਾਰ ਤੇ ਵਿਵੇਚਨ [ਆਲੋਚਨਾ] ਗੁਰਇਕਬਾਲ ਸਿੰਘ (ਡਾ.)

ਪੰਨੇ 176, ਮੁੱਲ 210 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਪਾਠ ਤੇ ਪਰਿਪੇਖ [ਆਲੋਚਨਾ] ਡਾ. ਸਰਬਜੀਤ ਸਿੰਘ

ਪੰਨੇ 208, ਮੁੱਲ 240 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਪੰਜਾਬੀ ਆਲੋਚਨਾ ਸ਼ਾਸਤਰ [ਆਲੋਚਨਾ] ਡਾ. ਟੀ. ਆਰ. ਵਿਨੋਦ

ਪੰਨੇ 197, ਮੁੱਲ 225 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਮੱਲ ਸਿੰਘ ਰਾਮਪੁਰੀ ਦੇ ਉਪੇਰੇ [ਪਾਠ, ਪਰਿਪੇਖ ਅਤੇ ਪੜਚੋਲ] ਕੁਲਦੀਪ ਸਿੰਘ ਦੀਪ (ਡਾ.)

ਪੰਨੇ 197, ਮੁੱਲ 225 ਰੁਪਏ, $ 10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

*ਹੱਥਲੇ ਅੰਕ ਵਿਚ ਕਿਸੇ ਕਾਰਨ ਪੱਤਰ ਪ੍ਰਕਾਸ਼ਤ ਨਹੀਂ ਕੀਤੇ ਜਾ ਸਕੇ। ਪਾਠਕਾਂ ਦੇ ਵਿਚਾਰ-ਉਤੇਜਕ ਪ੍ਰਤੀਕਰਮਾਂ ਦਾ ਅਸੀਂ ਹਮੇਸ਼ਾ ਸਵਾਗਤ ਕਰਦੇ ਹਾਂ। ਅਗਲੇ ਅੰਕ ਵਿਚ ਪੱਤਰਾਂ ਦਾ ਕਾਲਮ ਅਵੱਸ਼ ਪ੍ਰਕਾਸ਼ਤ ਕੀਤਾ ਜਾਵੇਗਾ।*

**-ਸੰਪਾਦਕ**

*ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।*

*ਸੰਪਾਦਕ : **ਰਘਬੀਰ ਸਿੰਘ***   *ਪ੍ਰਕਾਸ਼ਨ ਮਿਤੀ : 1 ਜੁਲਾਈ, 2007*



'ਨਰੰਜਣ ਮਸ਼ਾਲਚੀ' ਅਤੇ 'ਖੇੜੇ ਸੁੱਖ ਵਿਹੜੇ ਸੁੱਖ' ਤੋਂ ਪਿੱਛੋਂ ਨਵੀਂ ਪੀੜ੍ਹੀ ਦੇ ਸਮਰੱਥ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਦਾ ਤੀਜਾ ਨਾਵਲ

# ਇਹਨਾਂ ਰਾਹਾਂ ਉੱਤੇ




*ਆਪਣੇ ਤੀਸਰੇ ਨਾਵਲ 'ਇਹਨਾਂ ਰਾਹਾਂ ਉੱਤੇ' ਵਿਚ ਅਵਤਾਰ ਸਿੰਘ ਬਿਲਿੰਗ ਨੇ ਵੱਖ-ਵੱਖ ਦਿਸ਼ਾਵਾਂ ਵਿਚ ਫੈਲਦੇ ਪੰਜਾਬੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਕੁਸ਼ਲਤਾ ਨਾਲ ਸਮੋਇਆ ਹੈ। ਇਕ ਪਰਿਵਾਰ ਅਤੇ ਇਕ ਖਿੱਤੇ ਤੋਂ ਅਗਾਂਹ ਵਧ ਕੇ ਇਹ ਨਾਵਲ ਇਕ ਤਰ੍ਹਾਂ ਸਮੁੱਚੇ ਪੰਜਾਬ ਦੀ ਅੱਜੋਕੀ ਪੇਂਡੂ ਕਿਸਾਨੀ ਰਹਿਤਲ ਦੇ ਸਭ ਚੰਗੇ-ਮੰਦੇ ਪੱਖਾਂ ਦੀ ਨਿਸ਼ਾਨਦੇਹੀ ਕਰਦਾ ਹੈ। ਪਰੰਪਰਕ ਰਿਸ਼ਤਿਆਂ ਦੀ ਟੁੱਟ-ਭੱਜ, ਪੂੰਜੀਵਾਦੀ ਕਦਰਾਂ-ਕੀਮਤਾਂ ਦਾ ਉਭਾਰ, ਨਵੀਂ ਪੀੜ੍ਹੀ ਦੀ ਉਦਾਸ ਮਾਨਸਿਕਤਾ ਅਤੇ ਬਿਹਤਰ ਜੀਵਨ-ਹਾਲਤਾਂ ਦੀ ਭਾਲ ਵਿਚ ਕਿਸੇ ਵੀ ਹੀਲੇ ਪਰਵਾਸ ਧਾਰਨ ਕਰਨਾ ਜਿਸ ਵਿਚ ਸ਼ਾਮਲ ਹੈ। ਭਾਸ਼ਾਈ ਸੁਹਜ ਦੇ ਨਾਲ ਨਾਲ ਪਾਤਰਾਂ ਨੂੰ ਜੀਵੰਤ ਰੂਪ ਵਿਚ ਪੇਸ਼ ਕਰਨ ਅਤੇ ਕਹਾਣੀ ਗੁੰਦਣ ਦੀ ਬਿਲਿੰਗ ਦੀ ਕੁਸ਼ਲਤਾ ਚੋਖੇ-ਭਰਵੇਂ ਰੂਪ ਵਿਚ ਇਸ ਨਾਵਲ ਵਿਚ ਉਭਰੀ ਹੈ। ਸਭਿਆਚਾਰਕ ਚਿੰਨ੍ਹਾਂ ਨੂੰ ਸਹਿਜਤਾ ਨਾਲ ਗੁੰਦਣ ਦਾ ਬਿਲਿੰਗ ਦੀ ਨਾਵਲ-ਕਲਾ ਦਾ ਵੱਡਾ ਗੁਣ ਵੀ ਇਸ ਨਾਵਲ ਵਿਚ ਮੌਜੂਦ ਹੈ।*

***-ਰਘਬੀਰ ਸਿੰਘ***

ਸੁੰਦਰ ਦਿੱਖ   ਪੰਨੇ : 304   ਮੁੱਲ : 300 ਰੁਪਏ

**ਰਵੀ ਸਾਹਿਤ ਪ੍ਰਕਾਸ਼ਨ,** ਗੁ. ਨ. ਦ. ਯੂ. ਸ਼ਾਪਿੰਗ ਕੰਪਲੈਕਸ, ਜੀ. ਟੀ. ਰੋਡ, ਅੰਮ੍ਰਿਤਸਰ

**SIRJANA** Literary Punjabi Quarterly Chandigarh

No. 145 **July-September 2007**

Registered with the Registrar of Newspapers for India vide R.N. 10215/65

'ਮੀਂਹ ਕਣੀ ਦੇ ਦਿਨ', 'ਦੇਸ-ਕੁਦੇਸ', 'ਕੰਡਾ' ਅਤੇ 'ਹਨੇਰੀ' ਦੇ ਲੇਖਕ
ਦਰਸ਼ਨ ਸਿੰਘ ਦਾ ਇਕ ਹੋਰ ਨਾਵਲ




ਮੋਹਨ ਯੌਰਪ 'ਚ ਸਥਾਪਤ ਅਮੂਰਤ ਚਿੱਤਰਕਾਰ ਏ, ਕਵੀ ਏ ਪਰ ਕਿਸੇ ਯੌਰਪੀ ਭਾਸ਼ਾ 'ਚ ਨਹੀਂ ਲਿਖਦਾ। ਲਿਖਦਾ ਗੁਰਮੁਖੀ ਅੱਖਰਾਂ ਵਾਲੀ ਪੰਜਾਬੀ 'ਚ ਏ। ਆਪਣੇ ਆਪ ਨੂੰ ਯੌਰਪੀ ਸਮਝਦਾ ਏ, ਭਾਵੇਂ ਪਾਸਪੋਰਟ ਅਜੇ ਭਾਰਤੀ ਏ। ਕਹਿੰਦਾ ਏ, "ਮੈਨੂੰ ਕਿਸੇ ਵੀ ਮਿੱਟੀ ਨਾਲ ਮੋਹ ਨਹੀਂ। ਹਰ ਮਿੱਟੀ ਮੇਰੀ ਮਿੱਟੀ ਏ। ਮੈਂ ਆਪਣੀਆਂ ਅਸਲ ਜੜ੍ਹਾਂ ਭਾਰਤ 'ਚੋਂ ਕਈ ਦਹਾਕੇ ਪਹਿਲਾਂ ਪੁੱਟ ਕੇ ਲੈ ਗਿਆ ਸਾਂ। ਲਿਆ ਕੇ ਯੌਰਪੀ ਮਿੱਟੀ 'ਚ ਲਾ ਦਿੱਤੀਆਂ ਨੇ।" ਜੜ੍ਹਾਂ ਤਾਂ ਲੱਗ ਗਈਆਂ, ਪਰ ਬੂਟਾ ਪੂਰਾ ਫਲਿਆ- ਫੁੱਲਿਆ ਨਾ। ਅਖੀਰ ਉਹਨੂੰ ਮਹਿਸੂਸ ਹੋਇਆ, ਬੰਦੇ ਦੀਆਂ ਜੜ੍ਹਾਂ ਸਿਰਫ ਮਿੱਟੀ 'ਚ ਨਹੀਂ ਲਗਦੀਆਂ। ਇਹ ਨਾਵਲ ਏ ਏਸ ਅਹਿਸਾਸ ਤਕ ਪਹੁੰਚਣ ਦੀ ਕਹਾਣੀ...।

[illegible] *ਪੰਨੇ : 244* *ਮੁੱਲ : 150 ਰੁਪਏ*

**ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ**